# PCS

# CSAT

# ਪੰਜਾਬੀ ਭਾਗ

## Compiled by:

**Satinder Pal Singh**
**Faculty**
**Punjabi Literature**
**Civil Services Exam.**

©ਸਤਿੰਦਰ ਪਾਲ ਸਿੰਘ

WWW.punjabiforias.com

fb Page: Punjabi Literature for IAS

| ਲੜੀ ਨੰ: | ਤਤਕਰਾ | ਪੰਨਾ ਨੰ: |
|---|---|---|
| 1. | ਪੰਜਾਬੀ ਪੜ੍ਹਤ ਦੀ ਸਮਝ | 1-35 |
| | ਅਭਿਆਸ-1 | 1-8 |
| | ਅਭਿਆਸ-2 | 9-17 |
| | ਅਭਿਆਸ-3 | 18-24 |
| | ਅਭਿਆਸ-4 | 25-35 |
| 2. | ਸਹੀ ਸ਼ਬਦ ਜੋੜ ਚੁਣੋ | 36-42 |
| 3. | ਦਫ਼ਤਰੀ ਸ਼ਬਦਾਵਲੀ | 43-64 |
| 4. | ਸਮਾਨ ਅਵਾਜਾਂ ਵਾਲੇ ਪੰਜਾਬੀ ਦੇ ਸ਼ਬਦ | 65-69 |
| 5. | ਸਮਾਨ ਅਵਾਜਾਂ ਵਾਲੇ ਅੰਗਰੇਜ਼ੀ ਦੇ ਸ਼ਬਦ | 70-74 |
| 6. | ਅਖਾਣ/ਮੁਹਾਵਰੇ | 75-91 |
| 7. | ਸਹੀ ਸ਼ਬਦਾਂ ਦੀ ਚੋਣ-ਅਭਿਆਸ | 92-96 |
| 8. | ਦਫ਼ਤਰੀ ਸ਼ਬਦਾਵਲੀ-ਅਭਿਆਸ | 97-101 |

## ਅਭਿਆਸ ਨੰ: 1-

ਮਨੁੱਖ ਵੱਲੋਂ ਕੁਦਰਤੀ ਸਾਧਨਾਂ ਨੂੰ ਵਧੇਰੇ ਵਰਤੋਂ ਵਿੱਚ ਲਿਆਉਣ ਦੇ ਕਈ ਰੂਪ ਸਾਹਮਣੇ ਆ ਰਹੇ ਹਨ। ਵਾਤਾਵਰਨ ਦੀ ਤਪਸ਼ ਪੱਖੋਂ ਅੰਦਾਜ਼ਾ ਲਗਾਇਆ ਗਿਆ ਕਿ ਜਿੰਨੀ ਤਪਸ਼ ਮਨੁੱਖੀ ਜੀਵਨ ਦੀ ਹੋਂਦ ਤੋਂ ਲੈ ਕੇ 18 ਵੀਂ ਸਦੀ ਤੱਕ ਵਧੀ ਉਨੀ ਪਿਛਲੀਆਂ ਦੋ ਸਦੀਆਂ ਵਿੱਚ ਵਧੀ ਹੈ। ਵੱਖ-ਵੱਖ ਸਨਅਤਾਂ ਵਿੱਚੋਂ ਉਪਜ ਰਹੀਆਂ ਗੈਸਾਂ, ਖਾਸ ਕਰ ਕੇ ਕਾਰਬਨ ਦਾ ਵਾਤਾਵਰਨ ਵਿੱਚ ਬੇਹਿਸਾਬ ਦਖ਼ਲ, ਵੱਖ-ਵੱਖ ਮੁਲਕਾਂ ਵਿੱਚ ਵਰਤੇ ਜਾ ਰਹੇ ਅਸਲੇ, ਪ੍ਰਮਾਣੂ ਤੇ ਹਾਈਡਰੋਜਨ ਬੰਬਾਂ ਦੀ ਪਰਖ, ਸੁੱਖ-ਸਹੂਲਤਾਂ ਲਈ ਵਰਤੇ ਜਾਂਦੇ ਏਸੀ, ਕਾਰਾਂ, ਟਰੱਕਾਂ, ਬੱਸਾਂ ਆਦਿ ਦੁਆਰਾ ਪੈਦਾ ਹੋ ਰਿਹਾ ਪ੍ਰਦੂਸ਼ਨ, ਵਿਕਾਸ ਤੇ ਧਰਮ ਦੇ ਨਾਮ ’ਤੇ ਕੁਦਰਤੀ ਨਿਕਾਸਾਂ ਵਿੱਚ ਆ ਰਹੀ ਰੁਕਵਟ ਕਾਰਨ ਵਾਤਾਵਰਨ ਪਲੀਤ ਤੇ ਗਰਮ ਹੋ ਰਿਹਾ ਹੈ। ਗਲੇਸ਼ੀਅਰ ਘਟਣ ਕਰ ਕੇ ਨਦੀਆਂ ਦੇ ਵਹਾਅ ਘਟ ਗਏ ਹਨ। ਐਂਟਾਰਕਟਿਕਾ ਵਰਗੇ ਬਰਫ਼ ਨਾਲ ਜੰਮੇ ਟਾਪੂ ਉੱਤੇ ਬਰਫ਼ ਦੇ ਖੁਰਨ ਲਈ ਵਧ ਰਹੀ ਤਪਸ਼ ਹੀ ਜ਼ਿੰਮੇਵਾਰ ਹੈ। ਖੋਜ ਪੱਤਰ ‘ਨੇਚਰ ਕਲਾਈਮੇਟ ਚੇਂਜ’ ਵਿੱਚ ਛਪੇ ਲੇਖ ਵਿੱਚ ਨਤੀਜਾ ਕੱਢਿਆ ਗਿਆ ਹੈ ਕਿ ਜੇ ਤਪਸ਼ ਦੀ ਰਫ਼ਤਾਰ ਥੋੜ੍ਹੀ ਜਿਹੀ ਵੀ ਵਧਦੀ ਹੈ ਤਾਂ ਐਂਟਾਰਕਟਿਕਾ ਛੇਤੀ ਹੀ ਲੋਪ ਹੋ ਜਾਵੇਗਾ।

ਸੰਸਾਰ ਵਿੱਚ ਵਧ ਰਹੀ ਅਬਾਦੀ ਦਾ ਹੋਰ ਪੱਖਾਂ ਤੋਂ ਇਲਾਵਾ ਵਾਤਾਵਰਨ ਉੱਤੇ ਨਕਾਰਾਤਮਕ ਅਸਰ ਪੈ ਰਿਹਾ ਹੈ। 18 ਵੀਂ ਸਦੀ ਤੱਕ ਦੁਨੀਆਂ ਦੀ ਕੁੱਲ ਅਬਾਦੀ 2 ਅਰਬ ਦੇ ਕਰੀਬ ਸੀ ਜੋ ਹੁਣ 8 ਅਰਬ ਦੇ ਨੇੜੇ ਪਹੁੰਚ ਗਈ ਹੈ। ਦੋ ਸਦੀਆਂ ਪਹਿਲਾਂ ਤੱਕ ਸੰਸਾਰ ਦੀ ਵਧੇਰੇ ਵਸੋਂ ਖੇਤੀ ਆਧਾਰਿਤ ਅਤੇ ਪੇਂਡੂ ਇਲਾਕਿਆਂ ਵਿੱਚ ਰਹਿੰਦੀ ਸੀ। ਸਨਅਤੀ ਵਿਕਾਸ ਅਤੇ ਕੁਝ ਹੋਰ ਕਾਰਨਾਂ ਕਰ ਕੇ ਪਿੰਡਾਂ ਵਿੱਚੋਂ ਤੇਜ਼ੀ ਨਾਲ ਅਬਾਦੀ ਸ਼ਹਿਰਾਂ ਵੱਲ ਆ ਰਹੀ ਹੈ। ਵਿਕਸਿਤ ਮੁਲਕਾਂ ਵਿੱਚ 90 ਫ਼ੀਸਦ ਤੋਂ ਵਧੇਰੇ ਅਬਾਦੀ ਸ਼ਹਿਰਾਂ ਵਿੱਚ ਵਸਦੀ ਹੈ। ਦੋ ਦਹਾਕਿਆਂ ਬਾਅਦ ਭਾਰਤ ਦੀ ਤਕਰੀਬਨ ਅੱਧੀ ਅਬਾਦੀ ਸ਼ਹਿਰਾਂ ਵਿੱਚ ਵਸਣ ਦਾ ਅਨੁਮਾਨ ਹੈ। ਵਧ ਰਹੀ ਅਬਾਦੀ ਅਤੇ ਸ਼ਹਿਰੀਕਰਨ ਕਰ ਕੇ ਰਿਹਾਇਸ਼ੀ ਮਕਾਨਾਂ ਅਤੇ ਸੰਬੰਧਤ ਸੁੱਖ-ਸਹੂਲਤਾਂ ਦੀ ਵਧੇਰੇ ਜ਼ਰੂਰਤ ਪੈਂਦੀ ਹੈ। ਜ਼ਰਖੇਜ਼ ਜ਼ਮੀਨਾਂ ਦਾ ਵੱਡਾ ਭਾਗ ਰਿਹਾਇਸ਼ਾਂ ਥੱਲੇ ਆ ਰਿਹਾ ਹੈ। ਬਿਲਡਿੰਗਾਂ ਦੀ ਉਸਾਰੀ ਲਈ ਜਿੱਥੇ ਹੋਰ ਸਾਜ਼ੋ-ਸਾਮਾਨ ਦੀ ਜ਼ਰੂਰਤ ਹੈ, ਉੱਥੇ ਰੇਤ ਤੇ ਬਜਰੀ ਦੀ ਪੂਰਤੀ ਖ਼ਾਤਿਰ ਨਦੀਆਂ ਤਾਂ ਕੀ, ਪਹਾੜਾਂ ਨੂੰ ਵੀ ਪੁੱਟਿਆ ਜਾ ਰਿਹਾ ਹੈ। ਵੱਡੇ ਡੈਮਾਂ ਦੀ ਉਸਾਰੀ ਦੇ ਕਈ ਇਲਾਕਿਆਂ ਵਿੱਚ ਨਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ।

**ਪ੍ਰਸ਼ਨ 1- ਵਾਤਾਵਰਣ ਪਲੀਤ ਹੋਣ ਦੇ ਕੀ ਕਾਰਨ ਹਨ?**

1. ਮਨੁੱਖ ਵੱਲੋਂ ਕੁਦਰਤੀ ਸਾਧਨਾਂ ਦੀ ਵਰਤੋਂ।
2. ਵਾਤਾਵਰਨ ਦੀ ਤਪਸ਼।
3. ਗਲੇਸ਼ੀਅਰਾਂ ਦਾ ਘਟਣਾ।
4. ਪ੍ਰਮਾਣੂ ਤੇ ਹਾਈਡਰੋਜਨ ਬੰਬਾਂ ਦੀ ਪਰਖ।

a) 1 & 2  c) 1 & 4
b) 2 & 3  d) ਸਿਰਫ਼ 4

**ਪ੍ਰਸ਼ਨ 2- ਹੇਠ ਲਿਖਿਆਂ ਵਿੱਚੋਂ ਸਹੀ ਕਥਨ ਦੀ ਚੋਣ ਕਰੋ-**

1. ਗਲੇਸ਼ੀਅਰ ਪਿਘਲਣ ਨਾਲ ਤਪਸ਼ ਹੋਰ ਵਧੇਗੀ।
2. ਥੋੜ੍ਹੀ ਜਿਹੀ ਤਪਸ਼ ਹੋਰ ਵਧਣ ਨਾਲ ਐਂਟਰਾਕਟਿਕਾ ਖ਼ਤਮ ਹੋ ਜਾਵੇਗਾ।

a) ਸਿਰਫ਼ 1  c) ਕੋਈ ਨਹੀਂ
b) ਸਿਰਫ਼ 2  d) ਦੋਨੋਂ

**ਪ੍ਰਸ਼ਨ 3- ਸਹੀ ਕਥਨ ਦੀ ਚੋਣ ਕਰੋ-**

1. ਸੰਸਾਰ ਦੀ ਅਬਾਦੀ ਦਾ ਵਾਤਾਵਰਨ ’ਤੇ ਨਕਾਰਾਤਮਕ ਅਸਰ ਪੈਂਦਾ ਹੈ।
2. ਦੋ ਦਹਾਕਿਆਂ ਦੌਰਾਨ ਭਾਰਤ ਦੀ ਅੱਧੀ ਅਬਾਦੀ ਸ਼ਹਿਰਾਂ ਵਿੱਚ ਹੋਵੇਗੀ।

a) ਸਿਰਫ਼ 1  c) ਕੋਈ ਨਹੀਂ
b) ਸਿਰਫ਼ 2  d) ਦੋਨੋਂ

ਜਮਹੂਰੀ ਪ੍ਰਬੰਧ ਦੀਆਂ ਖ਼ੂਬੀਆਂ ਬਹੁਤ ਹਨ ਪਰ ਖ਼ਾਮੀਆਂ ਵੀ ਘੱਟ ਨਹੀਂ। ਜਮਹੂਰੀ ਆਗੂਆਂ, ਖਾਸ ਕਰਕੇ ਸਿਖ਼ਰਲੇ ਨੇਤਾਵਾਂ ਨੂੰ ਲੋਕਾਂ ਨਾਲ ਜੁੜੇ ਰਹਿਣ ਲਈ ਸਹਾਇਕਾਂ ਦੀਆਂ ਕਈ ਪਰਤਾਂ ਦੀ ਲੋੜ ਪੈਂਦੀ ਹੈ। ਇਹ ਸਹਾਇਕ ਬੁਨਿਆਦੀ

ਤੌਰ ’ਤੇ ਇਲਾਕਾਈ ਆਗੂ ਹੁੰਦੇ ਹਨ ਜੋ ਬਾਕੀ ਕੰਮ ਧੰਦੇ ਛੱਡ ਕੇ ਨੇਤਾ ਦੇ ਸੰਪਰਕਾਂ ਵਜੋਂ ਵਿਚਰਦੇ ਹਨ ਅਤੇ ਲੋੜਵੰਦਾਂ ਦੇ ਕੰਮ ਕਰਵਾਉਣ ਬਦਲੇ ‘ਖਰਚਾ-ਪਾਣੀ’ ਵਸੂਲਣ ਤੋਂ ਨਹੀਂ ਝਿਜਕਦੇ। ਅਜਿਹੀ ਨੇੜਤਾ ਦਾ ਲਾਭ ਉਹ ਸਰਕਾਰੀ ਮਹਿਕਮਿਆਂ ਜਾਂ ਨੀਮ-ਸਰਕਾਰੀ ਅਦਾਰਿਆਂ ਤੋਂ ਰਿਆਇਤਾਂ ਲੈਣ ਲਈ ਵੀ ਲੈਂਦੇ ਹਨ। ਵੱਡੇ ਨੇਤਾਵਾਂ ਨੂੰ ਵੀ ਅਜਿਹਾ ਪ੍ਰਬੰਧ ਰਾਸ ਆਉਂਦਾ ਹੈ। ਉਹਨਾਂ ਦੇ ਪੱਲਿਓਂ ਕੁਝ ਨਹੀਂ ਜਾਂਦਾ ਅਤੇ ਉਨ੍ਹਾਂ ਦੇ ਸਹਾਇਕਾਂ ਦਾ ਤੋਰੀ-ਫੁਲਕਾ ਵੀ ਚੰਗਾ ਚੱਲੀ ਜਾਂਦਾ ਹੈ। ਮਸਲਾ ਉਦੋਂ ਉਭਰਦਾ ਹੈ ਜਦੋਂ ਇਹ ਸਹਾਇਕ ਆਪਣੀ ਤਾਕਤ, ਅਸਲੀਅਤ ਨਾਲੋਂ ਵੱਧ ਕਿਆਸਣੀ ਸ਼ੁਰੂ ਕਰ ਦਿੰਦੇ ਹਨ। ਅਜਿਹਾ ਕਰ ਕੇ ਉਹ ਆਪਣੇ ਅਕਸ ਤੋਂ ਇਲਾਵਾ ਆਪਣੇ ਨੇਤਾ ਦੇ ਅਕਸ ਨੂੰ ਵੀ ਢਾਹ ਲਾਉਂਦੇ ਹਨ।

ਬੈਂਕਾਂ ਅੰਦਰਲਾ ਪੈਸਾ ਜਨਤਕ ਪੈਸਾ ਹੈ। ਸਹਿਕਾਰੀ ਬੈਂਕਾਂ ਦਾ ਪੈਸਾ ਤਾਂ ਕਾਸ਼ਤਕਾਰਾਂ ਦੀ ਖ਼ੂਨ-ਪਸੀਨੇ ਦੀ ਕਮਾਈ ਦਾ ਪੈਸਾ ਹੁੰਦਾ ਹੈ। ਇਨ੍ਹਾਂ ਦੇ ਨਾਂ ਨਸ਼ਰ ਕਰਨੇ, ਇਨ੍ਹਾਂ ਦੇ ਘਰਾਂ ਅੱਗੇ ਢੋਲ ਵਜਵਾਉਣੇ ਜਾਂ ਇਨ੍ਹਾਂ ਦੀਆਂ ਜ਼ਮੀਨ-ਜ਼ਾਇਦਾਦਾਂ ਕੁਰਕ ਕਰਨ ਦੇ ਨੋਟਿਸ ਭਾਵੇਂ ਇਨ੍ਹਾਂ ਦੇ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਜਾਪਦੇ ਹਨ,ਫਿਰ ਵੀ ਇਹਨਾਂ ਪਾਸੋਂ ਜਨਤਕ ਪੈਸਾ ਕਢਵਾਉਣ ਲਈ ਅਜਿਹੇ ਹਰਬੇ ਨਾ ਸਿਰਫ਼ ਜ਼ਰੂਰੀ ਹਨ, ਸਗੋਂ ਕਾਨੂੰਨਨ ਜਾਇਜ਼ ਹਨ। ਅਜਿਹੀ ਸਖ਼ਤੀ ਤੋਂ ਇਲਾਵਾ ਬੈਂਕਿੰਗ ਕਾਨੂੰਨਾਂ ਵਿੱਚੋਂ ਕਾਣਾਂ ਕੱਢਣ ਅਤੇ ਬੈਂਕਾਂ ਦੇ ਪ੍ਰਬੰਧਕੀ ਅਮਲੇ ਨੂੰ ਵੱਧ ਜਵਾਬਦੇਹ ਬਣਾਉਣ ਦੀ ਵੀ ਸਖ਼ਤ ਜ਼ਰੂਰਤ ਹੈ। ਬਹੁਤੀ ਵਾਰ ਕਰਜ਼ੇ ਐਵੇਂ ਨਹੀਂ ਡੁੱਬਦੇ, ਉਹਨਾਂ ਨੂੰ ਡੁਬਾਉਣ ਵਿੱਚ ਬੈਂਕਿੰਗ ਅਮਲੇ, ਖ਼ਾਸ ਕਰ ਕੇ ਪ੍ਰਬੰਧਕਾਂ ਦਾ ਵੀ ਹੱਥ ਹੁੰਦਾ ਹੈ।

**ਪ੍ਰਸ਼ਨ 4- ਲੋਕਤੰਤਰ ਨੂੰ ਕਮਜ਼ੋਰ ਕੌਣ ਬਣਾਉਂਦਾ ਹੈ?**

a) ਨੇਤਾਵਾਂ ਦੇ ਸਹਾਇਕਾਂ ਦੀ ਲੜੀ।
b) ਸਹਾਇਕਾਂ ਦੇ ਨਿੱਜੀ ਹਿੱਤ।
c) ਨੇਤਾ ਦੇ ਅਕਸ ਨੂੰ ਢਾਹ ਲਾਉਣਾ।
d) ਹੇਠਲੇ ਸਹਾਇਕਾਂ ਦੁਆਰਾ ਸਰਕਾਰੀ ਅਦਾਰਿਆਂ ਤੋਂ ਰਿਆਇਤਾਂ ਲੈਣਾ।

**ਪ੍ਰਸ਼ਨ 5- ਭ੍ਰਿਸ਼ਟਾਚਾਰ ਵਿੱਚ ਕੌਣ ਸ਼ਾਮਿਲ ਹਨ-**

1. ਨੇਤਾ।
2. ਨੇਤਾਵਾਂ ਦੇ ਸਹਾਇਕ।
3. ਬੈਂਕਾਂ ਦਾ ਪ੍ਰਬੰਧਕੀ ਅਮਲਾ।

a) 1 & 2 c) 2 & 3
b) 1, 2 & 3 d) 2

**ਪ੍ਰਸ਼ਨ 6- ਇਸ ਪੈਰੇ ਅਨੁਸਾਰ-**

a) ਸਹਾਇਕਾਂ ਦੀ ਲੜੀ ਛੋਟੀ ਕਰਨੀ ਚਾਹੀਦੀ ਹੈ।
b) ਨੇਤਾਵਾਂ ਨੂੰ ਸਹਾਇਤਾਂ ’ਤੇ ਨਿਗਰਾਨੀ ਰੱਖਣੀ ਚਾਹੀਦੀ ਹੈ।
c) ਬੈਂਕਿੰਗ ਅਮਲੇ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ।
d) ਜਮਹੂਰੀ ਪ੍ਰਬੰਧ ਬਦਲਣਾ ਚਾਹੀਦਾ ਹੈ।

ਭਾਰਤ ਸਰਕਾਰ ਨੇ 2003 ਵਿੱਚ ਤੰਬਾਕੂ ਕੰਟਰੋਲ ਐਕਟ ਲਾਗੂ ਕੀਤਾ ਹੈ ਜਿਸ ਅਨੁਸਾਰ ਤੰਬਾਕੂ ਉਤੁਪਾਦਾਂ ਸਬੰਧੀ ਸਖ਼ਤ ਨਿਯਮ ਬਣਾਏ ਗਏ ਹਨ। ਤੰਬਾਕੂ ਦਾ ਉਤਪਾਦਨ ਤੇ ਵੇਚਣ ਵਾਲੇ ਬੰਦੇ ਨੂੰ ਪਹਿਲੀ ਵਾਰ 2 ਸਾਲ ਤੱਕ ਦੀ ਸਜ਼ਾ ਅਤੇ 5000 ਰੁਪਏ ਜੁਰਮਾਨਾ ਹੋ ਸਕਦਾ ਹੈ ; ਦੁਬਾਰਾ 5 ਸਾਲ ਤੱਕ ਦੀ ਕੈਦ ਅਤੇ 10000 ਰੁਪਏ ਜੁਰਮਾਨਾ ਹੋ ਸਕਦਾ ਹੈ। ਜਨਤਕ ਥਾਵਾਂ ’ਤੇ ਸਿਗਰਟਨੋਸ਼ੀ ਕਰਨ ਵਾਲੇ ਬੰਦੇ ਦਾ 200 ਰੁਪਏ ਦਾ ਚਲਾਨ ਹੋ ਸਕਦਾ ਹੈ। ਸੁਪਰੀਮ ਕੋਰਟ ਨੇ ਪਹਿਲੀ ਮਈ 2004 ਨੂੰ ਤੇ ਭਾਰਤ ਸਰਕਾਰ ਨੇ 2 ਅਕਤੂਬਰ 2008 ਤੋਂ ਜਨਤਕ ਥਾਵਾਂ ਉੱਪਰ ਸਿਗਰਟਨੋਸ਼ੀ ਉੱਪਰ ਪਾਬੰਦੀ ਲਾ ਕੇ ਇਤਿਹਾਸਕ ਕਦਮ ਚੁੱਕਿਆ ਸੀ ਪਰ ਸਾਰਥਕ ਨਤੀਜੇ ਸਾਹਮਣੇ ਨਹੀਂ ਆਏ। ਅਜਿਹੇ ਕਾਨੂੰਨ ਉਦੋਂ ਤੱਕ ਅਸਰਦਾਰ ਨਹੀਂ ਹੋ ਸਕਦੇ ਜਦੋਂ ਤੱਕ ਮੁਲਕ ਅੰਦਰ ਸਰਕਾਰਾਂ ਇਸ ਸਮੱਸਿਆ ਪ੍ਰਤੀ ਸੰਜੀਦਾ ਨਹੀਂ ਹੁੰਦੀਆਂ। ਸਰਕਾਰਾਂ ਤਾਂ ਨਸ਼ਿਆਂ ਨੂੰ ਆਪਣੀ ਆਮਦਨ ਅਤੇ ਵੋਟ ਵਜੋਂ ਵੇਖਦੀਆਂ ਹਨ।

ਸਮਾਜ ਸੇਵੀ ਸੰਸਥਾਵਾਂ ਤੇ ਸਮੁੱਚੇ ਸਮਾਜ ਦੇ ਜਾਗਰੂਕ ਵਰਗ ਨੂੰ ਇਸ ਪਾਸੇ ਗੰਭੀਰਤਾ ਨਾਲ ਧਿਆਨ ਦੇਣ ਦੀ ਜ਼ਰੂਰਤ ਹੈ। ਨਸ਼ੇ ਦਾ ਆਦੀ ਕੋਈ ਵੀ ਬੰਦਾ ਨਸ਼ਾ ਛੱਡ ਸਕਦਾ ਹੈ, ਲੋੜ ਦ੍ਰਿੜ ਇੱਛਾ ਸ਼ਕਤੀ ਦੀ ਹੈ। ਤੰਬਾਕੂ ਰੂਪੀ ਕੋਹੜ ਨੂੰ ਖ਼ਤਮ ਕਰਨ ਲਈ ਹਰ ਇਨਸਾਨ ਦਾ ਸਹਿਯੋਗ ਜ਼ਰੂਰੀ ਹੈ। ਸਾਂਝੇ ਉੱਦਮਾਂ

ਸਦਕਾ ਹੀ ਖੁਸ਼ਹਾਲ, ਤੰਦਰੁਸਤ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 7- ਜਨਤਕ ਥਾਵਾਂ 'ਤੇ ਸਿਗਰਟਨੋਸ਼ੀ 'ਤੇ ਪਾਬੰਦੀ ਕਿਉਂ ਕਾਮਯਾਬ ਨਹੀਂ ਹੋਈ?**

a) ਸਮਾਜ ਜਾਗਰੂਕ ਨਹੀਂ ਹੈ।
b) ਸਰਕਾਰ ਦੀ ਗੈਰ-ਜ਼ਿੰਮੇਵਾਰਾਨਾ ਪਹੁੰਚ।
c) ਸਖ਼ਤ ਸਜ਼ਾ ਦੀ ਵਿਵਸਥਾ ਨਹੀਂ।
d) ਆਮਦਨ ਤੇ ਵੋਟ ਦੀ ਰਾਜਨੀਤੀ।

**ਪ੍ਰਸ਼ਨ 8- ਗ਼ਲਤ ਕਥਨ ਚੁਣੋ-**

1. ਸਾਲ 2003 'ਚ ਸਰਕਾਰ ਨੇ ਤੰਬਾਕੂ ਕੰਟਰੋਲ ਐਕਟ ਲਾਗੂ ਕੀਤਾ।
2. ਤੰਬਾਕੂ ਵੇਚਣ ਵਾਲੇ ਨੂੰ ਸਜ਼ਾ ਦੀ ਵਿਵਸਥਾ ਕੀਤੀ।
3. ਸੁਪਰੀਮ ਕੋਰਟ ਨੇ 2008 ਤੋਂ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ 'ਤੇ ਪਾਬੰਦੀ ਲਾਈ।
4. ਸਮਾਜ ਸੇਵੀ ਸੰਸਥਾਵਾਂ ਨੂੰ ਜ਼ਿੰਮੇਵਾਰੀ ਦਿੱਤੀ ਗਈ।

a) 1 & 2    c) 3 & 4
b) 2 & 3    d) 1 & 4

ਪਿੰਡਾਂ ਵਿੱਚ ਰਾਜਨੀਤਕ ਦਖ਼ਲ-ਅੰਦਾਜ਼ੀ ਵਧਦੀ ਜਾ ਰਹੀ ਹੈ। ਜਿਸ ਕਾਰਨ ਪਿੰਡਾਂ ਦੇ ਲੋਕਾਂ ਦੇ ਜੀਵਨ 'ਤੇ ਬਹੁਤ ਅਸਰ ਪੈ ਰਿਹਾ ਹੈ। ਚੋਣਾਂ ਭਾਵੇਂ ਰਾਜ ਸਭਾ, ਵਿਧਾਨ ਸਭਾ, ਨਗਰ ਪਾਲਿਕਾ ਜਾਂ ਪੰਚਾਇਤੀ ਹੋਣ ਧੜੇਬਾਜ਼ੀ ਤੇ ਰਾਜਨੀਤੀ ਕਾਰਨ ਮੁਕਾਬਲਾ ਪੂਰੇ ਜ਼ੋਰਾਂ 'ਤੇ ਹੁੰਦਾ ਹੈ। ਚੋਣਾਂ ਦੌਰਾਨ ਬਹੁਤ ਸਾਰੀਆਂ ਲੜਾਈਆਂ ਝਗੜੇ ਤੇ ਈਰਖਾਬਾਜ਼ੀ ਆਮ ਦੇਖਣ ਨੂੰ ਮਿਲਦੀ ਹੈ। ਚੋਣਾਂ ਤੋਂ ਕਈ ਦਿਨ ਪਹਿਲਾਂ ਹੀ ਪਿੰਡਾਂ ਵਿੱਚ ਮੇਲਿਆਂ ਵਰਗਾ ਮਾਹੌਲ ਹੋ ਜਾਂਦਾ ਹੈ। ਵੋਟਾਂ ਨੂੰ ਖ਼ਰੀਦਣਾ ਆਮ ਗੱਲ ਹੁੰਦੀ ਹੈ। ਇੱਕ-ਇੱਕ ਵੋਟ ਲਈ ਸ਼ਰਾਬ, ਸੋਢੇ, ਮਸ਼ੀਨਾਂ, ਪੈਸੇ, ਨਸ਼ੇ ਤੇ ਮਠਿਆਈਆਂ ਵੰਡੀਆਂ ਜਾਂਦੀਆਂ ਹਨ। ਕਈ ਵਾਰ ਹੁੰਦਾ ਇਹ ਹੈ ਕਿ ਬਹੁਤੇ ਪੰਚ-ਸਰਪੰਚ ਰਾਜਨੀਤਕ ਪਾਰਟੀਆਂ ਨਾਲ ਜੁੜੇ ਹੁੰਦੇ ਹਨ, ਉਹ ਜਿੱਤਣ ਤੋਂ ਬਾਅਦ ਦੂਜੀ ਪਾਰਟੀ ਨਾਲ ਸਬੰਧ ਰੱਖਦੇ ਲੋਕਾਂ ਦੇ ਕੰਮਾਂ ਵਿੱਚ ਮੱਦਦ ਕਰਨ ਦੀ ਥਾਂ ਵਿਘਨ ਪਾਉਂਦੇ ਹਨ। ਇਸੇ ਤਰ੍ਹਾਂ ਕਈ ਵਾਰ ਬਦਲਾ ਲਊ ਨੀਤੀ ਵੀ ਅਪਣਾਈ ਜਾਂਦੀ ਹੈ। ਇਸ ਲਈ ਸਰਪੰਚ ਨੂੰ ਚਾਹੀਦਾ ਹੈ ਕਿ ਉਹ ਚਾਹੇ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਜੁੜਿਆ ਹੋਵੇ, ਪਰ ਸਰਪੰਚ ਬਣਨ ਤੋਂ ਬਾਅਦ ਅਜਿਹੀ ਸੌੜੀ ਸੋਚ ਤੋਂ ਉੱਪਰ ਉੱਠ ਕੇ ਸਰਬ ਹਿੱਤਾਂ ਨੂੰ ਪਹਿਲ ਦੇਵੇ।

**ਪ੍ਰਸ਼ਨ 9- ਪਿੰਡਾਂ ਦੇ ਜੀਵਨ 'ਤੇ ਬਹੁਤਾ ਅਸਰ ਕਿਸਨੇ ਪਾਇਆ ਹੈ?**

a) ਚੋਣਾਂ ਦੌਰਾਨ ਹੁੰਦੇ ਝਗੜੇ।
b) ਵੋਟਾਂ ਦੀ ਖ਼ਰੀਦਦਾਰੀ।
c) ਰਾਜਨੀਤਕ ਦਖ਼ਲ ਅੰਦਾਜ਼ੀ।
d) ਬਦਲਾ ਲਊ ਰਾਜਨੀਤੀ।

**ਪ੍ਰਸ਼ਨ 10- ਸਹੀ ਕਥਨ ਦੀ ਚੋਣ ਕਰੋ-**

a) ਸਭ ਪੰਚ-ਸਰਪੰਚ ਰਾਜਨੀਤਕ ਪਾਰਟੀਆਂ ਨਾਲ ਜੁੜੇ ਹੁੰਦੇ ਹਨ।
b) ਵੋਟਾਂ ਤੋਂ ਬਾਅਦ ਹਮੇਸ਼ਾ ਬਦਲਾ ਲਊ ਰਾਜਨੀਤੀ ਚਲਦੀ ਹੈ।
c) ਚੋਣਾਂ ਦੌਰਾਨ ਅਨੈਤਿਕ ਵਿਵਹਾਰ ਵੀ ਹੁੰਦਾ ਹੈ।
d) ਸਰਪੰਚ ਰਾਜਨੀਤਕ ਪਾਰਟੀ ਨਾਲ ਨਾ ਜੁੜਿਆ ਹੋਵੇ।

ਗ਼ਰੀਬੀ ਤੇ ਗੰਦਗੀ ਦਾ ਬਹੁਤ ਨੇੜਲਾ ਸਬੰਧ ਹੈ। ਦੇਸ਼ ਦੇ ਕਰੋੜਾਂ ਲੋਕ ਗ਼ਰੀਬੀ ਦੀ ਦਲਦਲ ਵਿੱਚ ਖੁੱਭੇ ਹੋਏ ਹਨ। ਨਰਕ ਭਰਿਆ ਜੀਵਨ ਕੱਟ ਰਹੇ ਇਹਨਾਂ ਲੋਕਾਂ ਲਈ ਸਫ਼ਾਈ ਦੇ ਕੀ ਅਰਥ ਹਨ? ਆਜ਼ਾਦੀ ਤੋਂ ਬਾਅਦ ਦੇਸ਼ ਦੀ ਰਾਜਧਾਨੀ ਸਮੇਤ ਵੱਡੇ ਸ਼ਹਿਰਾਂ ਦੇ ਬਾਹਰ ਝੁੱਗੀਆਂ ਝੌਂਪੜੀਆਂ ਦੀਆਂ ਬਸਤੀਆਂ ਵੱਡੀ ਪੱਧਰ 'ਤੇ ਹੋਂਦ ਵਿੱਚ ਆਈਆਂ ਹਨ। ਇਨ੍ਹਾਂ ਲੋਕਾਂ ਦੀ ਨਰਕ ਭਰੀ ਜ਼ਿੰਦਗੀ ਭਾਰਤ ਦੇ ਨਾਂ 'ਤੇ ਕਲੰਕ ਹੈ, ਪਰ ਲੋਕ ਕੇਵਲ ਚੋਣਾਂ ਸਮੇਂ ਹੀ ਯਾਦ ਆਉਂਦੇ ਹਨ। ਪਿਛਲੇ ਕਈ ਸਾਲਾਂ ਤੋਂ ਮਲੀਨ ਹੋ ਚੁੱਕੀ ਗੰਗਾ ਨੂੰ ਸਾਫ਼ ਕਰਨ ਦਾ ਸਿਲਸਿਲਾ ਜਾਰੀ ਹੈ। ਹਜ਼ਾਰਾਂ ਕਰੋੜ ਰੁਪਏ ਇਸ ਮੁਹਿੰਮ 'ਤੇ ਖਰਚੇ ਜਾ ਚੁੱਕੇ ਹਨ, ਪਰ ਗੰਗਾ ਸਾਫ਼ ਹੋਣ ਦੀ ਥਾਂ ਹੋਰ ਮੈਲੀ ਹੁੰਦੀ ਗਈ।

ਮਨੁੱਖੀ ਜੀਵਨ ਨੂੰ ਅਰੋਗਮਈ ਤੇ ਨਰੋਆ ਰੱਖਣ ਲਈ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਬਣਾਉਣਾ ਬੇਹੱਦ ਜ਼ਰੂਰੀ ਹੈ। ਦੇਸ਼ ਦੇ ਹਰ ਨਾਗਰਿਕ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ। ਦੇਸ਼ ਦੇ ਵੱਡੀ ਗਿਣਤੀ ਲੋਕਾਂ ਵਿੱਚ ਅਨੁਸ਼ਾਸਨਹੀਣਤਾ ਵਧਦੀ ਜਾ ਰਹੀ ਹੈ। ਹਰ ਗਲੀ, ਚੌਕ ਚੁਰਾਹੇ, ਸੜਕ, ਬਾਜ਼ਾਰ ਦਫ਼ਤਰ, ਸਕੂਲ, ਕਾਲਜ, ਬੱਸ, ਰੇਲ, ਗੱਲ ਕੀ ਹਰ ਥਾਂ ਗੰਦਗੀ ਖਿਲਾਰਨਾ ਸਾਡੀ ਮਾਨਸਿਕਤਾ ਦਾ ਹਿੱਸਾ ਬਣ ਗਿਆ ਹੈ। ਜਿਸ ਦਿਨ ਇਹ ਬਿਮਾਰ ਮਾਨਸਿਕਤਾ ਦੂਰ ਹੋ ਗਈ, ਉਸ ਦਿਨ ਆਲਾ-ਦੁਆਲਾ ਸਾਫ਼ ਹੋਣਾ ਸ਼ੁਰੂ ਹੋ ਜਾਣਾ ਹੈ। ਆਓ, ਸਵੱਛ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਆਪਣੀ ਮਾਨਸਿਕਤਾ ਵਿੱਚ ਡੂੰਘੀ ਧਸ ਚੁੱਕੀ ਗੰਦਗੀ ਨੂੰ ਸਾਫ਼ ਕਰਨ ਦੇ ਉਪਰਾਲੇ ਕਰੀਏ।

**ਪ੍ਰਸ਼ਨ 11- ਗੰਦਗੀ ਲਈ ਜ਼ਿੰਮੇਵਾਰ ਕਾਰਨ ਦੱਸੋ**

a) ਵੱਡੀ ਅਬਾਦੀ।
b) ਗ਼ਰੀਬੀ।
c) ਝੁੱਗੀਆਂ ਝੌਂਪੜੀਆਂ।
d) ਅਨੁਸ਼ਾਸਨਹੀਣਤਾ।

**ਪ੍ਰਸ਼ਨ 12- ਗੰਦਗੀ ਦੀ ਸਮੱਸਿਆ ਦਾ ਕੀ ਹੱਲ ਹੈ**

a) ਗ਼ਰੀਬੀ ਦਾ ਸਮਾਧਾਨ ਕੀਤਾ ਜਾਵੇ।
b) ਵਿਵਹਾਰ ’ਚ ਪਰਿਵਰਤਨ।
c) ਮਾਨਸਿਕਤਾ ’ਚ ਸਕਾਰਾਤਮਕ ਬਦਲਾਅ।
d) ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣਾ।

ਕੀ ਕਾਰਨ ਹੈ ਕਿ ਜਿਸ ਗੰਭੀਰਤਾ ਨਾਲ ਗੁਜਰਾਤ ਵਿੱਚ ਸ਼ਰਾਬਬੰਦੀ ਲਾਗੂ ਹੁੰਦੀ ਹੈ ਉਹ ਪੂਰੇ ਮੁਲਕ ਵਿੱਚ ਕਿਉਂ ਨਹੀਂ। ਕੀ ਸਿਰਫ਼ ਗੁਜਰਾਤ ਹੀ ਮਹਾਤਮਾ ਗਾਂਧੀ ਦਾ ਹੈ ਕਿਉਂਕਿ ਉਹਨਾਂ ਦਾ ਜਨਮ ਉੱਥੇ ਹੋਇਆ ਸੀ। ਦਰਅਸਲ, ਉਹਨਾਂ ਨੇ ਕਿਹਾ ਸੀ ਕਿ ਜਿਹੜਾ ਮੁਲਕ ਸ਼ਰਾਬ ਦਾ ਸ਼ਿਕਾਰ ਹੈ ਉਸ ਦਾ ਵਿਨਾਸ਼ ਨਿਸ਼ਚਿਤ ਹੈ। ਇਤਿਹਾਸ ਵਿੱਚ ਸ਼ਰਾਬ ਨਾਲ ਵਿਨਾਸ਼ ਹੋਣ ਦੀਆਂ ਅਨੇਕ ਮਿਸਾਲਾਂ ਮੌਜੂਦ ਹਨ। ਮਹਾਤਮਾ ਗਾਂਧੀ ਅਨੁਸਾਰ ਜਿਸ ਭਾਈਚਾਰੇ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆ, ਉਹ ਨਸ਼ੇ ਕਾਰਨ ਖ਼ਤਮ ਹੋ ਗਿਆ। ਦੁਨੀਆਂ ਦੇ 21 ਵਿੱਚੋਂ 16 ਮਨੁੱਖੀ ਸੱਭਿਆਚਾਰਾਂ ਦੀ ਬਰਬਾਦੀ ਦਾ ਕਾਰਨ ਸ਼ਰਾਬ ਨੂੰ ਮੰਨਿਆ ਜਾਂਦਾ ਹੈ। ਗਾਂਧੀ ਨੇ ਕਿਹਾ ਸੀ ਕਿ ਜੇ ਮੁਲਕ ਵਿੱਚ ਸ਼ਰਾਬਬੰਦੀ ਲਾਗੂ ਨਹੀਂ ਹੋਵੇਗੀ ਤਾਂ ਆਜ਼ਾਦੀ ਗ਼ੁਲਾਮੀ ਬਣ ਕੇ ਰਹਿ ਜਾਏਗੀ ਕਿਉਂਕਿ ਸ਼ਰਾਬ ਦੇ ਠੇਕੇ ਲੋਕਤੰਤਰ ਦਾ ਕਲੰਕ ਜਾਂ ਅਲਾਮਤ ਹਨ।

ਬੀਤੇ ਦੋ ਵਰ੍ਹਿਆਂ ਵਿੱਚ ਗਾਂਧੀ ਦੇ ਇਸ ਸੁਨੇਹੇ ਨੂੰ ਬਿਹਾਰ ਨੇ ਅਪਣਾ ਲਿਆ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਸੀ ਕਿ ਰਾਜ ਜਦੋਂ ਚੰਪਾਰਨ ਸਤਿਆਗ੍ਰਹਿ ਦੀ ਸ਼ਤਾਬਦੀ ਵਰ੍ਹਾ ਮਨਾ ਰਿਹਾ ਹੈ ਤਾਂ ਸੂਬੇ ਵਿਚਲੀ ਸ਼ਰਾਬਬੰਦੀ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਸਮਰਪਿਤ ਹੈ। ਸ਼ਰਾਬ ’ਤੇ ਪਾਬੰਦੀ ਦਾ ਫੈਸਲਾ ਕਿਸੇ ਵੀ ਕੀਮਤ ’ਤੇ ਵਾਪਸ ਨਹੀਂ ਲਿਆ ਜਾ ਸਕਦਾ। ਸ਼ਰਾਬਬੰਦੀ ਦਾ ਵਿਰੋਧ ਕਰਨ ਵਾਲਿਆਂ ਨੂੰ ਉਹਨਾਂ ਕਿਹਾ ਸੀ ਕਿ ਕੁਝ ਕਥਿਤ ਪ੍ਰਗਤੀਵਾਦੀ ਅੰਗਰੇਜ਼ੀ ਬੋਲਣ ਵਾਲੇ ਲੋਕ ਖਾਣ ਪੀਣ ਨੂੰ ਕਿਸੇ ਵੀ ਨਾਗਰਿਕ ਦਾ ਮੌਲਿਕ ਅਧਿਕਾਰ ਦੱਸ ਕੇ ਉਸ ਦੀ ਆਲੋਚਨਾ ਕਰ ਰਹੇ ਹਨ, ਅਜਿਹੇ ਲੋਕਾਂ ਨੂੰ ਸਾਨੂੰ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਸ਼ਰਾਬ ਮੌਲਿਕ ਅਧਿਕਾਰ ਦਾ ਹਿੱਸਾ ਨਹੀਂ ਹੈ। ਹੁਣ ਜਿਹੜੀ ਪਹਿਲ ਬਿਹਾਰ ਨੇ ਕੀਤੀ ਹੈ, ਦੇਸ਼ ਦੇ ਹੋਰ ਰਾਜ ਵੀ ਅਜਿਹਾ ਕਰਨ ਦਾ ਤਹੱਈਆ ਕਰਨ। ਜਿਹੜੇ ਸੂਬੇ ਖਾਲੀ ਸਰਕਾਰੀ ਖ਼ਜ਼ਾਨੇ ਨੂੰ ਸ਼ਰਾਬ ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਨੂੰ ਅਹਿਮ ਮੰਨਦੇ ਹਨ ਉਹਨਾਂ ਨੂੰ ਗੁਜਰਾਤ, ਬਿਹਾਰ ਅਤੇ ਮਣੀਪੁਰ ਵਰਗੇ ਸੂਬਿਆਂ ਤੋਂ ਸਬਕ ਲੈਣਾ ਚਾਹੀਦਾ ਹੈ ਕਿਉਂਕਿ ਸ਼ਰਾਬ ਕਾਰਨ ਸੜਕ ਹਾਦਸੇ, ਕੈਂਸਰ ਅਤੇ ਟੀਬੀ ਵਰਗੀਆਂ ਬਿਮਾਰੀਆਂ, ਅਪਰਾਧ ਅਤੇ ਹੋਰ ਅਲਾਮਤਾਂ ਪੈਦਾ ਹੁੰਦੀਆਂ ਹਨ ਜੋ ਸਮਾਜ ਲਈ ਘਾਤਕ ਹਨ। ਸ਼ਰਾਬ ਮਾਨਵਤਾ ਨੂੰ ਭੁਲਾ ਦਿੰਦੀ ਹੈ। ਸਰਕਾਰੀ ਮਾਲੀਏ ਦੀ ਅੰਨ੍ਹੀ ਲਾਲਸਾ ਕਾਰਨ ਹਾਲਾਤ ਅਜਿਹੇ ਹੋ ਗਏ ਹਨ ਕਿ ਥਾਣਿਆਂ ਵਿੱਚ ਵੀ ਇਸੇ ਲਾਲ ਰੰਗੇ ਪਾਣੀ ਦਾ ਕਬਜ਼ਾ ਹੋ ਗਿਆ ਹੈ।

**ਪ੍ਰਸ਼ਨ 13- ਕਿਹੜਾ ਕਥਨ ਸਹੀ ਨਹੀ ਹੈ?**

a) ਸ਼ਰਾਬ ਦੇ ਠੇਕੇ ਲੋਕਤੰਤਰ ਲਈ ਬਿਮਾਰੀ ਹਨ।

b) ਸ਼ਰਾਬ ਪੀਣਾ ਨਿੱਜੀ ਚੋਣ ਨਹੀਂ ਬਲਕਿ ਸਮਾਜਿਕ ਸਮੱਸਿਆ ਹੈ।
c) ਸ਼ਰਾਬ ਕੌਮਾਂ ਨੂੰ ਨਸ਼ਟ ਕਰ ਦਿੰਦੀ ਹੈ।
d) ਸ਼ਰਾਬ ਤੋਂ ਹੁੰਦੀ ਕਮਾਈ ਸਰਕਾਰਾਂ ਲਈ ਵਧੇਰੇ ਅਹਿਮ ਹੋਣੀ ਚਾਹੀਦੀ ਹੈ।

ਪੰਜਾਬੀ ਵਿਦਿਆਰਥੀ ਵਿਗਿਆਨ ਵਿੱਚ ਹਾਲੇ ਤਕ ਪਰਿਪੱਕਤਾ ਤੇ ਪ੍ਰਾਪਤੀਆਂ ਤੋਂ ਊਣੇ ਹਨ। ਇਸ ਕਾਰਨ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੀਆਂ ਪੰਜਾਬ ਵਿਚਲੀਆਂ ਤਕਰੀਬਨ ਇੱਕ ਦਰਜਨ ਮਿਆਰੀ ਵਿੱਦਿਅਕ ਸੰਸਥਾਵਾਂ ਵਿੱਚ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ 4 ਤੋਂ 20 ਫ਼ੀਸਦੀ ਤਕ ਸੀਮਿਤ ਹੈ। ਸਿੱਟੇ ਵਜੋਂ ਸਾਡੀ ਜਵਾਨੀ ਬੇਰੁਜ਼ਗਾਰੀ, ਨਸ਼ਿਆਂ ਅਤੇ ਹੋਰ ਮਾਨਸਿਕ ਵਿਕਾਰਾਂ ਦੀ ਭੇਟ ਚੜ੍ਹਦੀ ਜਾ ਰਹੀ ਹੈ।

ਇਨ੍ਹਾਂ ਵਿਦਿਆਰਥੀਆਂ ਦਾ ਵਿਗਿਆਨ ’ਚ ਦਿਲਚਸਪੀ ਨਾ ਲੈਣਾ ਕਈ ਪ੍ਰਕਾਰ ਦੇ ਫਿਕਰ ਖੜ੍ਹੇ ਕਰਦਾ ਹੈ। ਮੂਲ ਕਾਰਨ ਇਹ ਹੈ ਕਿ ਪ੍ਰਾਇਮਰੀ ਪੱਧਰ ਤੋਂ ਹੀ ਇਸ ਵਿਸ਼ੇ ਦਾ ਬੀਜ ਸਹੀ ਮਾਅਨਿਆਂ ਵਿੱਚ ਬੀਜਿਆ ਨਹੀਂ ਗਿਆ। ਇਸ ਵਿਸ਼ੇ ਦੇ ਚਾਰ ਪੜਾਵੀ ਸੁਭਾਅ ਨਿਰੀਖਣ, ਮਾਪਣ, ਵਿਸ਼ਲੇਸ਼ਣ, ਅਤੇ ਲਾਗੂ ਕਰਨ ਨੂੰ ਤਰਤੀਬਬੱਧ ਰੂਪ ਵਿੱਚ ਅਪਣਾ ਕੇ ਹੀ ਵਿਗਿਆਨ ਦੀ ਸਮਝ ਪੈ ਸਕਦੀ ਹੈ। ਵਿਗਿਆਨ ਦੀ ਖ਼ੂਬਸੂਰਤੀ ਹੈ ਕਿ ਇੱਕੋ ਸੰਦਰਭ ਵਿੱਚ ਸਿੱਖਿਆ ਦੇ ਪ੍ਰਾਇਮਰੀ ਪੱਧਰ ਨੂੰ ਸਮਝਦਿਆਂ ਉੱਚ ਸਿੱਖਿਆ ਤੇ ਨਵੀਆਂ ਖੋਜ ਵਿਧੀਆਂ ਤਕ ਲਿਜਾਇਆ ਜਾ ਸਕਦਾ ਹੈ। ਇਸ ਪ੍ਰਕਿਰਿਆ ਦੇ ਪਹਿਲੇ ਤੇ ਸਭ ਤੋਂ ਮਹੱਤਵਪੂਰਨ ਅੰਗ ਨਿਰੀਖਣ ਨੂੰ ਪ੍ਰਾਇਮਰੀ ਪੱਧਰ ਤੋਂ ਉਤਪੰਨ ਕਰਨਾ ਜ਼ਰੂਰੀ ਹੈ। ਅੰਕਾਂ ਖਾਤਰ ਪ੍ਰਸ਼ਨ-ਉੱਤਰ ਰਟਾਉਣਾ ਇਸ ਵਿਸ਼ੇ ਨਾਲ ਬਦਸਲੂਕੀ ਵਾਂਗ ਹੈ। ਜੇ ਇਨ੍ਹਾਂ ਜਮਾਤਾਂ ਵਿੱਚ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਨਿਰੀਖਣ ਸਿੱਖਣ, ਕਰਨ ਤੇ ਵਿਉਂਤਣ ਲਈ ਮਾਨਸਿਕ ਤੌਰ ’ਤੇ ਪ੍ਰੇਰਿਤ ਕੀਤਾ ਜਾਵੇ ਤਾਂ ਵਿਗਿਆਨ ਇੱਕ ਖੇਡ ਤੇ ਆਨੰਦਦਾਇਕ ਬਣਦਿਆਂ ਬਾਲ ਮਨ ’ਚ ਬੀਜ ਰੂਪ ਵਜੋਂ ਪੁੰਗਰਨਾ ਸ਼ੁਰੂ ਹੋਵੇਗਾ। ਸਿੱਟੇ ਵਜੋਂ ਵਿਦਿਆਰਥੀ ਅਗਲੇ ਪੜਾਵਾਂ ਵੱਲ ਆਕਰਸ਼ਿਤ ਹੋਵੇਗਾ।

**ਪ੍ਰਸ਼ਨ 14- ਵਿਗਿਆਨ ਦੇ ਸਿੱਖਿਆ ਖੇਤਰ ਵਿੱਚ ਪੰਜਾਬੀ ਵਿਦਿਆਰਥੀ ਵਧੇਰੇ ਵਿਕਾਸ ਨਹੀਂ ਕਰ ਸਕੇ, ਕੀ ਕਾਰਨ ਹੈ-**

a) ਨਸ਼ੇ ਤੇ ਮਾਨਸਿਕ ਉਲਝਣਾਂ।
b) ਮਿਆਰੀ ਸੰਸਥਾਵਾਂ ਵਿੱਚ ਦਾਖਲਾ ਘੱਟ।
c) ਪ੍ਰਾਇਮਰੀ ਪੱਧਰ ’ਤੇ ਦਿਲਚਸਪੀ ਨਾ ਹੋਣ।
d) ਉਪਰੋਕਤ ’ਚੋਂ ਕੋਈ ਨਹੀਂ।

**ਪ੍ਰਸ਼ਨ 15- ਵਿਦਿਆਰਥੀ ਵਿਗਿਆਨ ਵਿੱਚ ਦਿਲਚਸਪੀ ਕਿਉਂ ਨਹੀਂ ਲੈਂਦੇ?**

a) ਪ੍ਰਾਇਮਰੀ ਸਿੱਖਿਆ ਢਾਂਚਾ ਠੀਕ ਨਹੀਂ।
b) ਪ੍ਰਾਇਮਰੀ ਪੱਧਰ ’ਤੇ ਰੁਚੀ ਪੈਦਾ ਨਹੀਂ ਕੀਤੀ ਗਈ।
c) ਵਿਸ਼ੇ ਨੂੰ ਖੇਡ ਬਣਾ ਦਿੱਤਾ।
d) ਵਿਦਿਆਰਥੀਆਂ ਨੂੰ ਨਿਰੀਖਣ ਨਹੀਂ ਕਰਨ ਦਿੱਤਾ ਜਾਂਦਾ।

**ਪ੍ਰਸ਼ਨ 16- ਵਿਗਿਆਨ ਵਿਸ਼ੇ ਵਿੱਚ ਦਿਲਚਸਪੀ ਪੈਦਾ ਹੋਵੇ, ਇਸ ਲਈ ਵਿਗਿਆਨ ਵਿਸ਼ੇ ਦੀ ਕੀ ਵਿਸ਼ੇਸ਼ਤਾ ਹੈ।**

a) ਚਾਰ ਪੜਾਅ
b) ਪ੍ਰਾਇਮਰੀ ਜਮਾਤ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ
c) ਇਕੋ ਤਰਜ਼ ’ਤੇ ਹੀ ਵਿਕਾਸ ਰੇਖਾ ਚਲਾਈ ਜਾ ਸਕਦੀ ਹੈ
d) ਕੋਈ ਨਹੀਂ

ਕਰਨਾਟਕ ਦਾ ਇਤਿਹਾਸ ਬੜਾ ਮਿਲਵਾਂ-ਜੁਲਵਾਂ ਰਿਹਾ। ਕਦੇ ਇਸ ਸੂਬੇ ਦਾ ਬਹੁਤਾ ਹਿੱਸਾ ਵਿਜੈਨਗਰ ਸਾਮਰਾਜ ਦਾ ਹਿੱਸਾ ਰਿਹਾ ਅਤੇ ਕਦੇ ਬਹਿਮਨੀ ਤੇ ਹੋਰਨਾਂ ਪਠਾਣ ਸੁਲਤਾਨਾਂ ਦੇ ਰਾਜ-ਭਾਗ ਦਾ। ਫਿਰ ਮਰਾਠਿਆਂ ਨੇ ਕਰਨਾਟਕ ਦੇ ਇੱਕ ਵੱਡੇ ਹਿੱਸੇ ’ਤੇ ਰਜਾ ਕੀਤਾ। ਇੰਜ ਹੀ ਉੱਤਰ-ਪੂਰਬੀ ਕਰਨਾਟਕ, ਹੈਦਰਾਬਾਦ ਰਿਆਸਤ ਦਾ ਤਕਰੀਬਨ ਢਾਈ ਸੌ ਸਾਲਾਂ ਤੱਕ ਹਿੱਸਾ ਰਿਹਾ। ਮੱਧ ਯੁੱਗ ਵਿੱਚ ਪਠਾਣ ਸੁਲਤਾਨਾਂ ਨੇ ਆਪਣੀ ਰਿਆਇਆ ਨੂੰ ਉਰਦੂ ਤੇ ਫ਼ਾਰਸੀ ਜ਼ੁਬਾਨਾਂ ਦੀ ਪੁੱਠ ਚੜ੍ਹਾਈ ਜਦੋਂ ਕਿ ਵਿਜੈਨਗਰ ਸਾਮਰਾਜ ਨੇ ਸੰਸਕ੍ਰਿਤ ਦੀ। ਇਹਨਾਂ

ਸਾਰੀਆਂ ਜ਼ੁਬਾਨਾਂ ਦੇ ਸ਼ਬਦ ਹੁਣ ਕੰਨੜ ਦੇ ਸ਼ਬਦ ਭੰਡਾਰ ਦਾ ਹਿੱਸਾ ਹਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੀਡੀਆ ਵਿੱਚ ਬਾਂਬੇ ਕਰਨਾਟਕਾ, ਹੈਦਰਾਬਾਦ ਕਰਨਾਟਕਾ, ਦੱਖਣੀ ਕਰਨਾਟਕਾ ਜਾਂ ਕੇਂਦਰੀ ਕਰਨਾਟਕਾ ਵਰਗੇ ਖਿੱਤਿਆਂ ਦੀ ਜੋ ਚਰਚਾ ਹੁੰਦੀ ਰਹੀ ਹੈ, ਉਹ ਹੁਣ ਵੀ ਪ੍ਰਸੰਗਿਕ ਹੈ ਕਿਉਂਕਿ ਇਨ੍ਹਾਂ ਖਿੱਤਿਆਂ ਦਾ ਸੁਭਾਅ, ਸੁਹਜ ਤੇ ਇੱਕ ਹੱਦ ਤਕ ਜ਼ੁਬਾਨ ਵੀ ਉਹਨਾਂ ਦੇ ਨਾਵਾਂ ਵਾਲੀ ਹੈ। ਮਸਲਨ, ਹੈਦਰਾਬਾਦ ਕਰਨਾਟਕਾ ਵਿੱਚ ਉਰਦੂਨੁਮਾ ਹਿੰਦੀ ਜਾਂ ਦੱਖਣੀ ਭਾਸ਼ਾ ਆਮ ਲੋਕਾਂ ਨਾਲ ਗੱਲਬਾਤ ਦਾ ਸਹਿਜ ਸਾਧਨ ਹੈ ਜਦੋਂ ਕਿ ਬਾਂਬੇ ਕਰਨਾਟਕਾ ਵਿੱਚ ਕੋਂਕਿਣੀ ਜਾਂ ਮਰਾਠੀਨੁਮਾ ਉਚਾਰਣ ਲਹਿਜਾ ਸਹਿਜੇ ਹੀ ਸੁਣਨ ਨੂੰ ਮਿਲ ਜਾਂਦਾ ਹੈ। ਦੱਖਣੀ ਕਰਨਾਟਕ, ਖਾਸ ਕਰਕੇ ਮੈਸੂਰ, ਚਾਮਰਾਜਨਗਰ ਤੇ ਮਾਂਡਿਆ ਜ਼ਿਲ੍ਹੇ ਖ਼ਾਲਸ ਕੰਨੜਭੀਗਾ ਖੇਤਰ ਹਨ। ਇੱਥੇ ਕੰਨੜਭੂਮੀ ਵਿੱਚ ਹੋਣ ਦਾ ਪ੍ਰਭਾਵ ਮਿਲਦਾ ਹੈ। ਸੁਭਾਅ ਤੇ ਸੁਹਜ ਦੇ ਵਖਰੇਵਿਆਂ ਦੇ ਬਾਵਜੂਦ ਕੋਈ ਵੀ ਵਸੋਂ ਵਰਗ ਗ਼ੈਰ-ਕੰਨੜਭੀਗਾ ਹੋਣ ਦਾ ਦਾਅਵਾ ਨਹੀਂ ਕਰਦਾ। ਹਾਂ, ਹੈਦਰਾਬਾਦ ਕਰਨਾਟਕ ਵਿੱਚ ਗਰੀਬੀ ਤੇ ਪਛੜੇਵੇਂ ਤੋਂ ਉਪਜੇ ਦੁੱਖ-ਦਰਦ ਇਸ ਖਿੱਤੇ ਨੂੰ ਵੱਖਰੇ ਕੇਂਦਰੀ ਪ੍ਰਦੇਸ਼ ਦਾ ਦਰਜਾ ਦੇਣ ਦੀ ਮੰਗ ਦੇ ਰੂਪ ਵਿੱਚ ਉੱਭਰਦੇ ਜ਼ਰੂਰ ਰਹਿੰਦੇ ਹਨ।

**ਪ੍ਰਸ਼ਨ 17- ਸਹੀ ਕਥਨ ਦੀ ਚੋਣ ਕਰੋ-**

1. ਹੈਦਰਾਬਾਦ ਕਰਨਾਟਕਾ ਉੱਪਰ ਪਠਾਣ ਸੁਲਤਾਨਾਂ ਦਾ ਰਾਜ ਰਿਹਾ।
2. ਕਿਸੇ ਵੇਲੇ ਪੂਰਾ ਕਰਨਾਟਕ ਵਿਜੈ ਸਾਮਰਾਜ ਅਖਵਾਉਂਦਾ ਸੀ।

a) ਸਿਰਫ਼ 1 c) ਕੋਈ ਨਹੀਂ

b) ਸਿਰਫ਼ 2 d) ਦੋਨੋਂ

ਆਏ ਦਿਨ ਮੁਲਕ ਦੇ ਨੇਤਾਵਾਂ ਅਤੇ ਅਫ਼ਸਰਾਂ ਦੇ ਘਪਲਿਆਂ ਕਾਰਨ ਹਰ ਪਾਸੇ ਹਾਹਾਕਾਰ ਮੱਚੀ ਹੋਈ ਹੈ ਜਿਸ ਕਰ ਕੇ ਉੱਤਰ ਪ੍ਰਦੇਸ਼ ਦੇ ਇੱਕ ਸੰਤ ਸ਼ਰਧਾ ਨੰਦ ਯੋਗ ਅਚਾਰਿਆ ਦਾ ਭਗਤੀ ਕਰਦਿਆਂ ਮਨ ਪੂਰੀ ਤਰ੍ਹਾਂ ਉਚਾਟ ਹੋ ਗਿਆ। ਬੇਚੈਨੀ ਹੱਦ ਤੋਂ ਜ਼ਿਆਦਾ ਵਧਣ ਤੋਂ ਬਾਅਦ ਉਹ ਈਸ਼ਵਰ ਅਤੇ ਸੱਚ ਦੀ ਖੋਜ ਵਿੱਚ ਜੁਟ ਗਿਆ ਲੇਕਿਨ ਰਾਸ਼ਟਰਪਤੀ ਭਵਨ ਅਤੇ ਗ੍ਰਹਿ, ਕਾਨੂੰਨ ਤੇ ਸੂਚਨਾ ਮੰਤਰਾਲਿਆਂ ਤੋਂ ਉਸ ਨੂੰ ਜੋ ਜਵਾਬ ਇਸ ਸਿਲਸਿਲੇ ਵਿੱਚ ਮਿਲੇ ਹਨ, ਉਹ ਉਹਦੀ ਤਸੱਲੀ ਨਹੀਂ ਕਰਵਾ ਸਕੇ।.... ਪਹਿਲੀ ਅਰਜ਼ੀ ਉਹਨੇ ਰਾਸ਼ਟਰਪਤੀ ਭਵਨ ਨੂੰ ਲਿਖੀ ਸੀ, ਜਿਸ ਵਿੱਚ ਲਿਖਿਆ ਸੀ: 'ਜਿਸ ਈਸ਼ਵਰ ਦੇ ਨਾਂ ਉੱਤੇ ਅਹੁਦੇ ਦੀ ਸਹੁੰ ਚੁਕਾਈ ਜਾਂਦੀ ਹੈ, ਉਹ ਕੌਣ ਹੈ, ਕਿੱਥੇ ਰਹਿੰਦਾ ਹੈ, ਕਿਹੜੇ ਵੇਲੇ ਮਿਲਦਾ ਹੈ?' ਉਸ ਨੂੰ ਬੱਸ ਕੋਰਾ ਜਵਾਬ ਮਿਲਿਆ ਕਿ 'ਇਹ ਜਾਣਕਾਰੀ ਸਾਡੇ ਅਧਿਕਾਰ ਖੇਤਰ ਤੋਂ ਬਾਹਰ ਹੈ'।

ਈਸ਼ਵਰ ਦੀ ਖੋਜ ਵਿਚ ਤਰਲੋਮੱਛੀ ਹੋਏ ਅਚਾਰਿਆ ਦੀ ਦੂਜੀ ਅਰਜ਼ੀ ਗ੍ਰਹਿ ਮੰਤਰਾਲੇ ਕੋਲ ਪਹੁੰਚਦੀ ਹੈ ਜਿੱਥੋਂ ਕਾਨੂੰਨ ਮੰਤਰਾਲੇ ਦੇ ਪਾਲ਼ੇ ਵਿਚ ਸੁੱਟ ਦਿੱਤੀ ਜਾਂਦੀ ਹੈ। ਕਾਨੂੰਨ ਮੰਤਰਾਲੇ ਨੇ 'ਸੌ ਹੱਥ ਰੱਸਾ ਸਿਰੇ 'ਤੇ ਗੰਢ' ਵਾਲੀ ਕਹਾਵਤ ਵਾਂਗ ਗੱਲ ਸਿਰੇ ਲਾਉਂਦਿਆਂ ਕਿਹਾ: 'ਫਾਈਲਾਂ ਵਿੱਚ ਇਸ ਦੀ ਕੋਈ ਪਰਿਭਾਸ਼ਾ ਨਹੀਂ ਹੈ, ਇਸ ਲਈ ਇਸ ਬਾਰੇ ਕੋਈ ਸੂਚਨਾ ਨਹੀਂ ਦਿੱਤੀ ਜਾ ਸਕਦੀ' ਪਰ ਅਚਾਰਿਆ ਦੀ ਭਾਲ ਅਜੇ ਪੂਰੀ ਨਹੀਂ ਹੋਈ। ਉਹ ਕੇਂਦਰੀ ਸੂਚਨਾ ਕਮਿਸ਼ਨ ਦੀ ਪਨਾਹ ਲੈਂਦਾ ਹੈ। ਇਹ ਵੱਖਰੀ ਗੱਲ ਹੈ ਕਿ ਗੱਲ ਫਿਰ ਵੀ ਨਾ ਬਣੀ ਅਤੇ ਉਸ ਦੀ ਤਸੱਲੀ ਨਹੀਂ ਹੋ ਸਕੀ। ਹੁਣ ਯੋਗ ਅਚਾਰਿਆ ਇਸ ਗੱਲੋਂ ਰਤਾ ਕੁ ਔਖਾ ਹੈ ਕਿ ਸਰਕਾਰੀ ਅਫ਼ਸਰ ਉਹਨੂੰ ਈਸ਼ਵਰ ਬਾਰੇ ਕੁਝ ਦੱਸ ਕਿਉਂ ਨਹੀਂ ਰਹੇ। ਇਸੇ ਆਧਾਰ ਉੱਤੇ ਉਹ ਕਮਿਸ਼ਨ ਨੂੰ ਅਜਿਹੇ ਅਫ਼ਸਰਾਂ ਉੱਤੇ 25000 ਰੁਪਏ ਜੁਰਮਾਨਾ ਲਾਉਣ ਦੀ ਮੰਗ ਕਰਦਾ ਹੈ ਤਾਂ ਅਫ਼ਸਰ ਉਸ ਦੇ ਸਾਹਮਣੇ ਵੀਡਿਓ ਕਾਨਫਰੰਸ ਜ਼ਰੀਏ 'ਪ੍ਰਗਟ' ਹੋ ਜਾਂਦੇ ਹਨ। ਇਹ ਅਫ਼ਸਰ ਅਚਾਰਿਆ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਸ ਦੀ ਸੂਚਨਾ ਫਾਈਲਾਂ ਵਿਚ ਹੋਵੇਗੀ, ਉੱਥੋਂ ਹੀ ਮਿਲ ਸਕੇਗੀ?.... ਸਾਹਮਣੇ ਹੀ ਸੂਚਨਾ ਕਮਿਸ਼ਨਰ ਬੈਠੇ ਹਨ। ਅਚਾਰਿਆ ਲਗਦੇ ਹੱਥ ਉਨ੍ਹਾਂ ਨੂੰ ਮੁਖ਼ਾਤਬ ਹੋ ਗਏ ਪਰ ਉਹ ਵੀ ਉਨ੍ਹਾਂ ਦਾ ਹਨੇਰਾ ਦੂਰ ਨਹੀਂ ਕਰ ਸਕੇ।

ਜਦੋਂ ਇਸ ਸਵਾਲ 'ਤੇ ਅਚਾਰਿਆ ਦੀ ਤਸੱਲੀ ਨਾ ਹੀ ਹੋਈ ਤਾਂ ਉਨ੍ਹਾਂ ਰਾਸ਼ਟਰੀ ਚਿੰਨ੍ਹ ਹੇਠ ਲਿਖੇ 'ਸਤਿਆਮੇਵ ਜਯਤੇ' ਦੇ ਅਰਥ ਬਾਰੇ ਪੁੱਛ ਲਿਆ। ਸਰਕਾਰ ਜਾਂ ਇਸ ਦੇ ਕਿਸੇ ਵੀ ਨੁਮਾਇੰਦੇ ਵੱਲੋਂ ਇਸ ਸਵਾਲ ਦਾ ਵੀ ਕੋਈ ਤਸੱਲੀਬਖਸ਼ ਜਵਾਬ

ਨਹੀਂ ਦਿੱਤਾ ਗਿਆ ਅਤੇ ਨਾ ਹੀ ਸੂਚਨਾ ਕਮਿਸ਼ਨ ਵੱਲੋਂ ਜਵਾਬ ਨਾ ਮਿਲਣ 'ਤੇ ਉਹਦੀ ਝੋਲੀ 25000 ਰੁਪਏ ਪਾਏ ਗਏ।

**ਪ੍ਰਸ਼ਨ 18- ਅਫ਼ਸਰ ਅਚਾਰਿਆ ਸਾਹਮਣੇ ਵੀਡੀਓ ਕਾਨਫਰੰਸ ਜ਼ਰੀਏ ਕਿਉਂ ਪੇਸ਼ ਹੋਏ?**

a) ਅਫ਼ਸਰ ਉਸਨੂੰ ਈਸ਼ਵਰ ਬਾਰੇ ਸਮਝਾਉਣਾ ਚਾਹੁੰਦੇ ਸਨ।
b) ਕਮਿਸ਼ਨ ਨੇ ਕਾਨਫਰੰਸ ਲਈ ਅਫ਼ਸਰਾਂ ਨੂੰ ਕਿਹਾ ਸੀ।
c) ਅਚਾਰਿਆ ਨੇ ਕਮਿਸ਼ਨ ਕੋਲ ਅਫ਼ਸਰਾਂ ਦੀ ਸ਼ਿਕਾਇਤ ਕੀਤੀ ਸੀ।
d) ਅਫ਼ਸਰ ਜੁਰਮਾਨੇ ਤੋਂ ਬਚਣਾ ਚਾਹੁੰਦੇ ਸਨ।

**ਪ੍ਰਸ਼ਨ 19- ਭਗਤੀ ਕਰਦਿਆਂ ਅਚਾਰਿਆ ਦਾ ਮਨ ਉਚਾਟ ਕਿਉਂ ਹੋ ਗਿਆ?**

a) ਕਿਉਂਕਿ ਉਸਦੀ ਬੇਚੈਨੀ ਹੱਦੋਂ ਵਧ ਗਈ ਸੀ।
b) ਅਫ਼ਸਰਾਂ ਦੇ ਘਪਲਿਆਂ ਕਾਰਨ।
c) ਅਚਾਰਿਆ ਸੱਚ ਦੀ ਖੋਜ ਕਰਨਾ ਚਾਹੁੰਦਾ ਸੀ।
d) ਕਿਉਂਕਿ ਘਪਲਿਆਂ ਕਾਰਨ ਹਾਹਾਕਾਰ ਮੱਚੀ ਹੋਈ ਸੀ।

**ਪ੍ਰਸ਼ਨ 20- ਅਚਾਰਿਆ ਨੇ ਕੇਂਦਰੀ ਸੂਚਨਾ ਕਮਿਸ਼ਨ ਤਕ ਪਹੁੰਚ ਕਿਉਂ ਕੀਤੀ?**

a) ਅਚਾਰਿਆ ਸਹੀ ਸੂਚਨਾ ਲੈਣੀ ਚਾਹੁੰਦਾ ਹੈ।
b) ਪਹਿਲਾਂ ਕੋਈ ਦਫ਼ਤਰ ਉਸਨੂੰ ਸਹੀ ਜਾਣਕਾਰੀ ਦੇ ਨਹੀਂ ਸਕਿਆ।
c) ਅਚਾਰਿਆ ਸੱਚ ਦੀ ਖੋਜ ਪੂਰੀ ਕਰਨਾ ਚਾਹੁੰਦਾ ਸੀ।
d) ਅਫ਼ਸਰਾਂ ਨੂੰ ਜੁਰਮਾਨਾ ਕਰਵਾਉਣਾ ਚਾਹੁੰਦਾ ਸੀ।

**ਪ੍ਰਸ਼ਨ 21- ਅਚਾਰਿਆ ਨੂੰ 25000 ਰੁਪਏ ਕਿਉਂ ਮਿਲੇ?**

a) ਕਿਉਂਕਿ ਕੋਈ ਵੀ ਅਦਾਰਾ ਉਸਦੇ ਕਿਸੇ ਵੀ ਸਵਾਲ ਦਾ ਜਵਾਬ ਨਾ ਦੇ ਸਕਿਆ।
b) ਸਰਕਾਰ ਉਸ ਤੋਂ ਪੱਲਾ ਛੁਡਾਉਣਾ ਚਾਹੁੰਦੀ ਸੀ।
c) ਸੂਚਨਾ ਕਮਿਸ਼ਨ ਨੇ ਅਫ਼ਸਰਾਂ ਤੋਂ ਜੁਰਮਾਨਾ ਲੈ ਕੇ ਉਸਨੂੰ ਦਿੱਤਾ।
d) ਸਰਕਾਰ ਉਸਨੂੰ 'ਸਤਿਆਮੇਵ ਜਯਤੇ' ਦਾ ਤਸੱਲੀਬਖ਼ਸ਼ ਅਰਥ ਨਾ ਦੱਸ ਸਕੀ।

**Passages Set No. 1- Answer Key**

| Question No. | Answer | Question No. | Answer |
|---|---|---|---|
| 1. | d | 2. | c |
| 3. | a | 4. | b |
| 5. | b | 6. | c |
| 7. | b | 8. | c |
| 9. | c | 10. | c |
| 11. | d | 12. | c |
| 13. | d | 14. | c |
| 15. | b | 16. | a |
| 17. | a | 18. | c |
| 19. | d | 20. | b |
| 21. | d | | |

## ਅਭਿਆਸ ਨੰ: 2-

ਭਾਰਤ ਵਿੱਚ ਵੀ ਸਿੱਖਿਆ ਦੇ ਕੁਝ ਚੰਗੇ ਪ੍ਰਭਾਵ ਹਨ। ਇਸ ਪ੍ਰਣਾਲੀ ਵਿਚੋਂ ਸਿੱਖਿਆ ਲੈ ਕੇ ਸਾਡੇ ਵਿਗਿਆਨੀਆਂ ਨੇ ਖੰਡ ਬ੍ਰਹਿਮੰਡ ਸਰ ਕੀਤੇ ਹਨ। ਇੰਜੀਨੀਅਰਾਂ ਨੇ ਪਾਣੀ ਦਾ ਵਹਾਅ ਰੋਕ ਕੇ ਡੈਮ ਬਣਾ ਲਏ ਹਨ। ਹੋਰ ਵੀ ਬਥੇਰੀਆਂ ਮਿਸਾਲਾਂ ਹਨ। ਬਹੁਤ ਸਾਰੇ ਵਿਕਸਿਤ ਮੁਲਕਾਂ ਵਿੱਚ ਭਾਰਤੀ ਅਰਥ ਸ਼ਾਸਤਰੀਆਂ ਅਤੇ ਵਿਗਿਆਨੀਆਂ ਦੀ ਬਹੁਤ ਮੰਗ ਹੈ। ਭਾਰਤ ਵਿੱਚ ਬੇਅੰਤ ਕੁਦਰਤੀ ਸਾਧਨ ਹਨ ਪਰ ਮਨੁੱਖੀ ਸਾਧਨਾਂ ਵੱਲ ਨਾ ਤਾਂ ਰਾਜ ਸਰਕਾਰਾਂ ਅਤੇ ਨਾ ਹੀ ਕੇਂਦਰ ਸਰਕਾਰ ਨੇ ਖ਼ਾਸ ਧਿਆਨ ਦਿੱਤਾ ਹੈ। ਸਰਕਾਰਾਂ ਆਪਣੇ ਬਜਟ ਵਿੱਚ ਬਹੁਤ ਘੱਟ ਹਿੱਸਾ ਮਨੁੱਖੀ ਵਿਕਾਸ ਲਈ ਰੱਖਦੀਆਂ ਹਨ। ਜਾਪਾਨ, ਚੀਨ ਅਤੇ ਅਮਰੀਕਾ ਵਿੱਚ ਮਨੁੱਖੀ ਸਾਧਨਾਂ ਨੂੰ ਆਰਥਿਕ ਵਿਕਾਸ ਦਾ ਨਾੜੂਆ ਮੰਨਿਆ ਜਾਂਦਾ ਹੈ।

ਇਹ ਸੱਚ ਹੈ ਕਿ ਕਿਸੇ ਵੀ ਮੁਲਕ ਦਾ ਆਰਥਿਕ ਵਿਕਾਸ ਚੰਗੀ ਸਿਹਤ ਅਤੇ ਸਿੱਖਿਆ ਪ੍ਰਣਾਲੀ ’ਤੇ ਨਿਰਭਰ ਕਰਦਾ ਹੈ। ਪੰਜਾਬ ਵਿੱਚ ਖ਼ਾਸ ਤੌਰ ’ਤੇ ਗ਼ਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਅਮੀਰ-ਗ਼ਰੀਬ ਦੇ ਵਧਦੇ ਪਾੜੇ ਨੇ ਚੰਗੇ ਮਨੁੱਖੀ ਸਾਧਨ ਪੈਦਾ ਕਰਨ ਵਿੱਚ ਤਕੜੀ ਢਾਹ ਲਾਈ ਹੈ। ਹੁਨਰਮੰਦ ਯੂਨੀਵਰਸਿਟੀਆਂ, ਕਾਲਜਾਂ ਦਾ ਕਿਤੇ ਨਾਮ ਹੀ ਨਹੀਂ ਹੈ, ਬੱਸ ਧੜਾ-ਧੜ ਕਾਲਜ ਯੂਨੀਵਰਸਿਟੀਆਂ ਖੁੱਲ੍ਹ ਰਹੀਆਂ ਹਨ। ਅੱਜ ਪੰਜਾਬ ਵਿੱਚ 26 ਯੂਨੀਵਰਸਿਟੀਆਂ ਅਤੇ ਹਜ਼ਾਰਾਂ ਕਾਲਜ ਹਨ ਪਰ ਕੋਈ ਵੀ ਕਾਲਜ ਜਾਂ ਯੂਨੀਵਰਸਿਟੀ ਸਿੱਧੇ ਤੌਰ ’ਤੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕਰ ਰਹੀ। ਕਾਗਜ਼ੀ ਡਿਗਰੀਆਂ ਦੀ ਭਰਮਾਰ ਹੈ। ਸਰਕਾਰੀ ਦੇ ਪ੍ਰਾਈਵੇਟ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦਾ ਪਾੜਾ ਵਧ ਰਿਹਾ ਹੈ।

**ਪ੍ਰਸ਼ਨ 1- ਭਾਰਤ ਦੇ ਵਿਗਿਆਨੀਆਂ ਦੀ ਵਿਦੇਸ਼ਾਂ ਵਿੱਚ ਮੰਗ ਹੋਣ ਦਾ ਕੀ ਕਾਰਨ ਹੈ?**

a) ਭਾਰਤ ਵਿੱਚ ਮਨੁੱਖੀ ਸਾਧਨਾਂ ਦੀ ਬਹੁਤਾਤ ਹੈ।
b) ਭਾਰਤ ਵਿੱਚ ਸਰਕਾਰਾਂ ਇਨ੍ਹਾਂ ਵਿਗਿਆਨੀਆਂ ਨੂੰ ਮੌਕੇ ਪ੍ਰਦਾਨ ਨਹੀਂ ਕਰਦੀਆਂ।
c) ਭਾਰਤ ਦੀ ਸਿੱਖਿਆ ਪ੍ਰਣਾਲੀ ਵਧੀਆ ਹੋਣਾ ਕਾਰਨ ਹੈ।
d) ਵਿਦੇਸ਼ਾਂ ਵਿੱਚ ਵਿਗਿਆਨੀ ਵਧੇਰੇ ਚਾਹੀਦੇ ਹਨ।

**ਪ੍ਰਸ਼ਨ 2- ਕਿਸੇ ਮੁਲਕ ਦਾ ਆਰਥਿਕ ਵਿਕਾਸ**

a) ਸਮਾਜਿਕ ਸਮਾਨਤਾ ’ਤੇ ਨਿਰਭਰ ਕਰਦਾ ਹੈ।
b) ਸਿੱਖਿਆ ਦੇ ਵਿਕਾਸ ’ਤੇ ਨਿਰਭਰ ਕਰਦਾ ਹੈ।
c) ਮਨੁੱਖੀ ਸਾਧਨਾਂ ਦੇ ਵਿਕਾਸ ’ਤੇ ਨਿਰਭਰ ਕਰਦਾ ਹੈ।
d) ਰੁਜ਼ਗਾਰ ’ਤੇ ਨਿਰਭਰ ਕਰਦਾ ਹੈ।

ਸਾਹਿਤ ਦਾ ਸਿੱਧਾ ਸੰਬੰਧ ਮਨੁੱਖ ਨਾਲ, ਮਨੁੱਖ ਦੇ ਅੰਦਰਲੇ ਤਣਾਓ ਨਾਲ ਅਤੇ ਇਸ ਤਣਾਓ ਦੀ ਪ੍ਰਕਿਰਿਆ ਦੌਰਾਨ ਪੈਦਾ ਹੋਈ ਮਾਨਸਿਕ ਸਥਿਤੀ ਨਾਲ ਹੈ। ਸਿਹਤ ਮਨੁੱਖ ਦੇ ਤਣਾਓ ਅਤੇ ਸੁਲਝਾਓ ਤੋਂ ਉਤੇਜਿਤ ਹੋਏ ਹਾਵਾਂ-ਭਾਵਾਂ, ਵਿਚਾਰਾਂ ਅਤੇ ਆਂਤਰਿਕ ਸੰਸਕਾਰਾਂ ਦਾ ਕਲਾਤਮਕ ਪ੍ਰਗਟਾਵਾ ਹੈ ਅਤੇ ਇਹ ਮਨੋਵੇਗ ਮਨੋਵਿਸ਼ਲੇਸ਼ਣ ਦਾ ਵਿਸ਼ਾ ਹੈ। ਮਨੋਵਿਸ਼ਲੇਸ਼ਣ ਮਨੁੱਖ ਦੇ ਮਾਨਸਿਕ ਜਗਤ ਦਾ, ਉਸ ਦੇ ਅਚੇਤ ਦਾ, ਉਸ ਦੇ ਹਰ ਕਰਮ ਦਾ ਅਤੇ ਕਰਮ ਦੇ ਪ੍ਰੇਰਨਾ ਸਰੋਤਾਂ ਦਾ ਅਧਿਐਨ ਕਰਦਾ ਹੈ। ਸੋ ਸਾਹਿਤ ਜੀਵਨ ਦੇ ਯਥਾਰਥ ਨੂੰ ਰੂਪਮਾਨ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਮਨੋਵਿਗਿਆਨ ਇਸ ਜੀਵਨ-ਯਥਾਰਥ ਦੀ ਮਾਨਸਿਕਤਾ ਨੂੰ ਪਹਿਚਾਣਨ ਦੀ ਸੋਝੀ ਪ੍ਰਦਾਨ ਕਰਦਾ ਹੈ। ਮਨੋਵਿਸ਼ਲੇਸ਼ਣ ਨੇ ਮਨੁੱਖੀ ਮਨ ਵਿੱਚ ਝਾਤ ਪਵਾ ਕੇ ਮਨੁੱਖੀ ਵਿਵਹਾਰ ਦਾ ਵਿਸ਼ਲੇਸ਼ਣ ਕਰਨ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ। ਨਾਵਲ ਸਾਹਿਤ ਵੀ ਹੁਣ ਮਨੁੱਖ ਦੀ ਮਨੋਵ੍ਰਿਤੀ ਦਾ ਤਰਕ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਲਈ ਮਨੋਵਿਸ਼ਲੇਸ਼ਣ ਦੀ ਵਿਧੀ ਦੀ ਮੰਗ ਕਰਦਾ ਹੈ। ਅਜੋਕਾ ਪਾਠਕ ਜਾਦੂਗਰੀ ਅਥਵਾ ਤਲਿੱਸਮੀ ਨਾਵਲ ਪੜ੍ਹ ਕੇ ਸੰਤੁਸ਼ਟ ਨਹੀਂ ਹੁੰਦਾ, ਸਗੋਂ ਉਹ ਕਥਾ-ਕ੍ਰਮ ਨੂੰ ਯਥਾਰਥ ਦੇ ਧਰਾਤਲਾਂ ਉੱਤੇ ਕਾਰਜ ਦੀ ਲੜੀ ਵਿੱਚ ਵੇਖਣਾ ਚਾਹੁੰਦਾ ਹੈ।

ਮਨੋਵਿਗਿਆਨਕ ਦ੍ਰਿਸ਼ਟੀ ਤੋਂ ਆਪਣੇ ਅਸਲ ਜਾਣਨ ਤੋਂ ਬਾਅਦ ਆਪਣੇ ਆਪ ਨੂੰ ਸਵੀਕਾਰ ਕਰ ਲੈਣ ਤੋਂ ਹੀ ਬੰਦੇ ਵਿੱਚ ਸ੍ਵੈ-ਪੂਰਨਤਾ ਦੀ ਲਗਨ (urge for self actualization) ਜਾਗ ਜਾਂਦੀ ਹੈ। ਨਾਵਲਕਾਰ ਦੀ ਜੀਵਨ-ਨਜ਼ਰੀਏ ਦੀ ਪ੍ਰਸਤੁਤੀ ਨਾਲ ਪਾਠਕ ਦੀ ਜ਼ਿੰਦਗੀ ਦੀ ਅਮੀਰੀ ਵਿੱਚ ਵਾਧਾ ਹੁੰਦਾ ਹੈ। ਮਨੁੱਖ

ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਜੋ ਸਦੈਵ, ਉਸ ਦੇ ਅਚੇਤ ਮਨ ਵਿੱਚ ਵਾਸ ਕਰਦੀਆਂ ਹਨ ਅਤੇ ਜਿਨ੍ਹਾਂ ਨੂੰ ਵਿਅਕਤ ਕਰਨ ਦਾ ਕੋਈ ਰਾਹ ਨਹੀਂ ਲੱਭਦਾ, ਮਨੋਵਿਸ਼ਲੇਸ਼ਣਾਤਮਕ ਸਾਹਿਤ ਦੀ ਮੱਦਦ ਰਾਹੀਂ ਇਹਨਾਂ ਸਮੱਸਿਆਵਾਂ ਦਾ ਹੱਲ ਹੋ ਜਾਂਦਾ ਹੈ। ਨਾਵਲੀ ਰਚਨਾਵਾਂ ਵਿੱਚ ਮਨੁੱਖ ਦੀਆਂ ਮਨੋਬਿਰਤੀਆਂ ਦਾ ਚਿਤਰਣ ਕਰਨ ਲਈ ਸਿਰਜਣਾਤਮਕ ਧਰਾਤਲ ਉੱਤੇ ਮਨੋਵਿਸ਼ਲੇਸਣ ਦੀ ਵਿਧੀ ਹੀ ਸਭ ਤੋਂ ਲਾਹੇਵੰਦ ਹੈ।

**ਪ੍ਰਸ਼ਨ 3- ਸਾਹਿਤ ਅਤੇ ਮਨੋਵਿਗਿਆਨ ਵਿਚਕਾਰ ਉਹੀ ਸੰਬੰਧ ਹੈ ਜੋ-**

a) ਮਨੁੱਖੀ ਮਨ ਦੇ ਤਣਾਓ ਅਤੇ ਮਾਨਸਿਕ ਸਥਿਤੀ ਦਾ ਹੈ।
b) ਜੀਵਨ ਦੀ ਵਾਸਤਵਿਕਤਾ ਅਤੇ ਵਾਸਤਵਿਕਤਾ ਦੀ ਮਾਨਸਿਕਤਾ ਦਾ ਹੈ।
c) ਮਾਨਸਿਕ ਜਗਤ ਅਤੇ ਕਲਾਤਮਕ ਜਗਤ ਦਾ ਹੈ।
d) ਕਲਾਤਮਕ ਪ੍ਰਗਟਾਵੇ ਅਤੇ ਮਨੋਵਿਸ਼ਲੇਸ਼ਣ ਦਾ ਹੈ।

**ਪ੍ਰਸ਼ਨ 4- ਸਾਹਿਤ-**

a) ਮਨੁੱਖੀ ਮਨੋਵੇਗ ਦਾ ਕਲਾਤਮਕ ਪ੍ਰਗਟਾਵਾ ਹੈ।
b) ਜੀਵਨ ਦੇ ਯਥਾਰਥ ਦੀ ਹੀ ਪੇਸ਼ਕਾਰੀ ਹੈ।
c) ਮਨੋਵਿਸ਼ਲੇਸ਼ਣ ਦੀ ਵਿਧੀ ਹੈ।
d) ਮਨੋਵਿਗਿਆਨ ਦਾ ਹੀ ਬਦਲਿਆ ਰੂਪ ਹੈ।

**ਪ੍ਰਸ਼ਨ 5- ਮਨੁੱਖ ਵਿੱਚ ਸ੍ਵੈ-ਪੂਰਨਤਾ ਦੀ ਲਗਨ ਕਦੋਂ ਪੈਦਾ ਹੁੰਦੀ ਹੈ?**

a) ਸਾਹਿਤ ਪੜ੍ਹਕੇ।
b) ਆਪਣੇ ਅਸਲ ਰੂਪ ਨੂੰ ਜਾਣਕੇ।
c) ਆਪਣੇ ਅਸਲੀ ਰੂਪ ਨੂੰ ਸਵੀਕਾਰ ਕਰਕੇ।
d) ਆਪਣਾ ਮਨੋਵਿਸ਼ਲੇਸ਼ਣ ਕਰਕੇ।

**ਪ੍ਰਸ਼ਨ 6- ਅੱਜ ਦਾ ਪਾਠਕ**

a) ਤਲਿਸਮੀ ਨਾਵਲ ਪੜ੍ਹਨਾ ਚਾਹੁੰਦਾ ਹੈ।
b) ਅਸਲੀ ਜ਼ਿੰਦਗੀ 'ਤੇ ਆਧਾਰਿਤ ਰਚਨਾਵਾਂ ਪੜ੍ਹਨਾ ਚਾਹੁੰਦਾ ਹੈ।
c) ਸਾਹਿਤ ਵਿੱਚ ਆਪਣੀਆਂ ਸਮੱਸਿਆਵਾਂ ਦੇ ਹੱਲ ਲੱਭਣਾ ਚਾਹੁੰਦਾ ਹੈ।
d) ਸਾਹਿਤ ਨੂੰ ਮਨੋਵਿਗਿਆਨ ਸਮਝਦਾ ਹੈ।

ਆਧੁਨਿਕ ਯੁੱਗ ਵਿਗਿਆਨ ਦਾ ਯੁੱਗ ਹੈ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਜੋਕੇ ਮਨੁੱਖ ਦੀ ਸਭ ਤੋਂ ਵੱਡੀ ਤੱਕੜੀ ਹੈ। ਮਨੁੱਖ ਹਰ ਵਿਸ਼ੇ ਨੂੰ ਵਿਗਿਆਨ ਅਥਵਾ ਤਰਕ ਦੀ ਕਸਵੱਟੀ ਉੱਤੇ ਪਰਖ ਕੇ ਹੀ ਸਵੀਕਾਰਦਾ ਹੈ। ਉਦਯੋਗਿਕ ਵਿਕਾਸ ਤੇ ਨਵੀਆਂ ਵਿਗਿਆਨਕ ਲੱਭਤਾਂ ਦੇ ਕਾਰਨ ਸਾਮੰਤਸ਼ਾਹੀ ਦਾ ਵਿਨਾਸ਼ ਸ਼ੁਰੂ ਹੋਇਆ ਅਤੇ ਇਸ ਦੀ ਥਾਂ ਪੂੰਜੀਵਾਦੀ ਨਿਜ਼ਾਮ ਦੀ ਉਸਾਰੀ ਹੋਣ ਲੱਗੀ। ਮਨੁੱਖ ਅਦਭੁਤ ਮਾਨਵੀ ਸ਼ਕਤੀ ਤੋਂ ਪਰਿਚਿਤ ਹੋਇਆ ਅਤੇ ਉਸ ਦਾ ਕਰਾਮਾਤੀ ਪਰਾਭੌਤਿਕ ਜਗਤ ਤੋਂ ਵਿਸ਼ਵਾਸ ਉੱਠਣ ਲੱਗਿਆ। ਉਹ ਅਧਿਆਮਿਕਤਾ ਤੇ ਅੰਧ-ਵਿਸ਼ਵਾਸ ਨੂੰ ਤਿਆਗ ਕੇ ਪਦਾਰਥਵਾਦ ਤੇ ਵਿਵੇਕ ਦਾ ਧਾਰਨੀ ਬਣਨ ਲੱਗਾ। ਇਸੇ ਵਿਸ਼ੇਸ਼ ਭਾਂਤ ਦੀ ਸੋਚ ਤੇ ਮਾਨਸਿਕ ਦਵੰਦ ਨੇ ਨਾਵਲ ਨੂੰ ਜਨਮ ਦਿੱਤਾ।

ਨਾਵਲ ਅਜੋਕੇ ਯੁੱਗ ਵਿੱਚ ਮਨੁੱਖ ਦੀ ਮਾਨਸਿਕ ਜਟਲਿਤਾ, ਮਨੁੱਖੀ ਵਿਵਹਾਰ ਅਤੇ ਉਸ ਦੀ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਮਨੋਵਿਗਿਆਨਕ ਵਿਵਸਥਾ ਨੂੰ ਸਮੁੱਚਤਾ ਵਿੱਚ ਚਿਤਰਣ ਵਾਲੀ ਰੂਪ ਵਿਧਾ ਹੈ।

**ਪ੍ਰਸ਼ਨ 7-ਆਧੁਨਿਕ ਯੁੱਗ ਦੀ ਪਹਿਚਾਣ ਦੇ ਕਿਹੜੇ-ਕਿਹੜੇ ਚਿੰਨ੍ਹ ਹਨ-**

1. ਉਦਯੋਗ 3.ਵਿਗਿਆਨਕ ਦ੍ਰਿਸ਼ਟੀਕੋਣ
2. ਪਦਾਰਥਵਾਦ 4. ਪੂੰਜੀਵਾਦ

a) 1, 2 c) ਸਿਰਫ਼ 3
b) 1, 2, 3 d) 1, 2, 3, 4

**ਪ੍ਰਸ਼ਨ 8-ਸਹੀ ਕਥਨ ਦੀ ਚੋਣ ਕਰੋ-**

1. ਆਧੁਨਿਕ ਯੁੱਗ ਵਿੱਚ ਮਨੁੱਖ ਦਾ ਕਰਾਮਾਤੀ ਜਗਤ 'ਚ ਵਿਸ਼ਵਾਸ ਪੱਕਾ ਹੋਣ ਲੱਗਾ।
2. ਪੂੰਜੀਵਾਦ ਦੇ ਤਹਿਤ ਉਦਯੋਗਿਕ ਵਿਕਾਸ ਹੋਇਆ।

a) ਸਿਰਫ਼ 1 c) ਦੋਨੋਂ ਸਹੀ ਹਨ
b) ਸਿਰਫ਼ 2 d) ਕੋਈ ਸਹੀ ਨਹੀਂ

**ਪ੍ਰਸ਼ਨ 9- ਪੈਰੇ ਵਿੱਚ 'ਮਾਨਸਿਕ ਦਵੰਦ' ਤੋਂ ਕੀ ਭਾਵ ਹੈ-**

a) ਮਨੋਵਿਗਿਆਨਕ ਸਮੱਸਿਆਵਾਂ।
b) ਮਨ 'ਚ ਪੈਦਾ ਹੋਈ ਦੁਚਿੱਤੀ।
c) ਮਨੋ-ਵਿਚਾਰ।
d) ਉਪਰੋਕਤ ਵਿੱਚੋਂ ਕੋਈ ਨਹੀਂ।

**ਪ੍ਰਸ਼ਨ 10- ਅਜੋਕੇ ਮਨੁੱਖ ਦੀ ਸਭ ਤੋਂ ਵੱਡੀ ਕਸਵੱਟੀ ਕੀ ਹੈ-**

a) ਵਿਗਿਆਨਕ ਦ੍ਰਿਸ਼ਟੀਕੋਣ।
b) ਉਦਯੋਗਿਕ ਵਿਕਾਸ।
c) ਵਿਗਿਆਨ
d) ਤੱਕੜੀ

ਅਰਵਿੰਦ ਨੂੰ ਇੱਕ ਗੱਲ 'ਤੇ ਡੂੰਘਾ ਰੋਸ ਹੈ ਕਿ ਉਸ ਦੀ ਮਾਂ ਕੋਲ ਉਨ੍ਹਾਂ ਲਈ ਸਮਾਂ ਨਹੀਂ। ਉਹ ਮਾਂ ਨੂੰ ਆਪਣੀ ਮਾਨਸਿਕ ਹਾਲਤ ਤੋਂ ਜਾਣੂ ਕਰਾਉਂਦਾ ਹੈ। ਜਦੋਂ ਅਰਵਿੰਦ ਆਪਣੇ ਠੀਕ ਨਾ ਹੋਣ ਦਾ ਕਾਰਨ ਡੈਡੀ ਦੀ ਮੌਤ ਦੱਸਦਾ ਹੈ ਤਾਂ ਅਲਕਾ ਖਿਝ ਕੇ ਪੈਂਦੀ ਹੈ। ਅਲਕਾ ਦਾ ਅਜਿਹਾ ਵਤੀਰਾ ਹੀ ਅਰਵਿੰਦ ਦੀ ਇਸ ਹਾਲਤ ਦਾ ਜ਼ਿੰਮੇਵਾਰ ਬਣਦਾ ਹੈ। ਮਾਂ ਦਾ ਫਰਜ਼ ਹੈ ਕਿ ਉਹ ਬੱਚੇ ਦੀਆਂ ਮਾਨਸਿਕ ਲੋੜਾਂ ਨੂੰ ਸਮਝ ਕੇ ਉਨ੍ਹਾਂ ਦਾ ਹੱਲ ਕਰੇ। ਪਰ ਅਲਕਾ ਅਰਵਿੰਦ ਨੂੰ ਸੁੱਖ ਦੇਣ ਦੀ ਥਾਂ ਦੁੱਖ ਹੀ ਦਿੰਦੀ ਹੈ। ਦੇਵਿੰਦਰ ਦਾ ਸੰਦਰਭ ਆਉਣ ਵੇਲੇ ਅਲਕਾ ਦਾ ਇੰਝ ਵਿਵਹਾਰ ਕਰਨਾ ਸ਼ਾਇਦ ਅਚੇਤਨ ਵਿੱਚ ਬੈਠੀ ਉਸ ਦੀ ਗੁਨਾਹ ਦੀ ਭਾਵਨਾ ਨੂੰ ਛੁਪਾਉਣਾ ਹੀ ਹੈ। ਪਰ ਜਦੋਂ ਉਹ ਅਰਵਿੰਦ ਦੀਆਂ ਗੱਲਾਂ ਦਾ ਕੋਈ ਜਵਾਬ ਦੇਣ ਤੋਂ ਅਸਮਰੱਥ ਹੁੰਦੀ ਹੈ ਤਾਂ ਝੱਟ ਪੈਂਤੜਾ ਬਦਲ ਲੈਂਦੀ ਹੈ। ਉਹ ਅਰਵਿੰਦ ਨੂੰ ਮੋਏ ਬਾਪ ਦਾ ਵਾਸਤਾ ਦਿੰਦੀ ਹੈ। ਜਦੋਂ ਅਲਕਾ ਨੂੰ ਦੇਵਿੰਦਰ ਦੀ ਅਰਵਿੰਦ ਨੂੰ ਡਾਕਟਰ ਬਣਾਉਣ ਦੀ ਖ਼ਾਹਸ਼ ਖਿੰਡਦੀ ਨਜ਼ਰ ਆਉਂਦੀ ਹੈ ਤਾਂ ਅਲਕਾ ਉਸ ਨੂੰ ਪਿਉ ਦੀ ਖ਼ਾਹਸ਼ ਨੂੰ ਪੂਰੀ ਕਰਨ ਦਾ ਵਾਸਤਾ ਪਾਉਂਦੀ ਹੈ। ਪਰ ਅਲਕਾ ਦਾ ਅਣਮਨੁੱਖੀ ਵਤੀਰਾ ਅਰਵਿੰਦ ਦੀ ਸ਼ਖ਼ਸੀਅਤ ਦਾ ਰੁਖ਼ ਹੀ ਬਦਲ ਦਿੰਦਾ ਹੈ।

ਅਲਕਾ ਬਚਪਨ ਤੋਂ ਹੀ ਨਿਮਨ ਆਰਥਿਕ ਹਾਲਤ ਨਾਲ ਸੰਬੰਧਿਤ ਸੀ। ਪਿਉ ਦੇ ਖੌਫ਼ ਕਾਰਨ ਬਚਪਨ ਤੋਂ ਹੀ ਮਨ ਵਿਚਲੀਆਂ ਦਮਿਤ ਭਾਵਨਾਵਾਂ ਮਨੋਗੰਢ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਉਹ ਵਿਆਹ ਉਪਰੰਤ ਬਾਲਮਨ 'ਤੇ ਪਏ ਪ੍ਰਭਾਵਾਂ ਦਾ ਬਦਲਾ ਦੇਵਿੰਦਰ ਪਾਸੋਂ ਲੈ ਕੇ ਕਥਾਰਸਿਸ ਕਰਦੀ ਜਾਪਦੀ ਹੈ।

**ਪ੍ਰਸ਼ਨ 11- ਉਪਰੋਕਤ ਪੈਰੇ ਤੋਂ ਦਵਿੰਦਰ ਤੇ ਅਲਕਾ ਦਾ ਕੀ ਰਿਸ਼ਤਾ ਨਜ਼ਰ ਆਉਂਦਾ ਹੈ-**

a) ਬਾਪ ਅਤੇ ਧੀ
b) ਪਤੀ-ਪਤਨੀ
c) ਪੁੱਤਰ ਤੇ ਮਾਂ
d) ਕੋਈ ਨਹੀਂ

**ਪ੍ਰਸ਼ਨ 12- ਅਰਵਿੰਦ ਦੀ ਮਾਨਸਿਕ ਸਮੱਸਿਆ ਦਾ ਕੀ ਕਾਰਨ ਹੈ?**

1. ਬਾਪ ਦੀ ਮੌਤ
2. ਅਲਕਾ ਦਾ ਵਤੀਰਾ

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 13- ਉਪਰੋਕਤ ਪੈਰੇ ਅਨੁਸਾਰ ਕੌਣ ਮਾਨਸਿਕ ਤੌਰ 'ਤੇ ਬਿਮਾਰ ਹੈ?**

1. ਅਰਵਿੰਦ
2. ਅਲਕਾ

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 14- ਅਲਕਾ ਦੇ ਵਿਵਹਾਰ ਲਈ ਕੌਣ ਜ਼ਿੰਮੇਵਾਰ ਹੈ-**

a) ਨਿਮਨ ਆਰਥਿਕ ਹਾਲਾਤ
b) ਅਰਵਿੰਦ
c) ਅਲਕਾ ਦਾ ਬਾਪ
d) ਦਵਿੰਦਰ

ਦੂਜੀ ਰਵਾਇਤ ਮੁਤਾਬਕ ਸ਼ਾਹ ਇਨਾਇਤ ਲਾਹੌਰ ਦੇ ਸ਼ਾਲੀਮਾਰ ਬਾਗ਼ ਦਾ ਮੁੱਖ ਮਾਲੀ ਸੀ। ਜਦੋਂ ਬੁੱਲ੍ਹਾ ਲਾਹੌਰ ਗਿਆ ਤਾਂ ਗਰਮੀ ਦੀ ਰੁੱਤ ਸੀ, ਉਹ ਅੰਬਾਂ ਦੀ ਝਿੜੀ 'ਚ ਘੁੰਮ ਰਿਹਾ ਸੀ। ਅੰਬਾਂ ਨੂੰ ਚੱਖਣ ਦੇ ਇਰਾਦੇ ਨਾਲ ਉਸ ਨੇ ਰਾਖਿਆਂ ਨੂੰ ਇਧਰ-ਉੱਧਰ ਦੇਖਿਆ ਅਤੇ ਕਿਧਰੇ ਨਾ ਦਿਸਣ 'ਤੇ ਉਸਨੇ ਅੰਬ ਚੂਪਣ ਦਾ ਫ਼ੈਸਲਾ ਕੀਤਾ। ਚੋਰੀ ਦੇ ਸਰਾਪ ਤੋਂ ਬਚਣ ਲਈ ਉਸਨੇ ਪੱਕੇ ਹੋਏ ਅੰਬ (ਫ਼ਲ) ਵੱਲ ਦੇਖਿਆ ਅਤੇ ਪੁਕਾਰਿਆ-ਅੱਲਾਹ ਗ਼ਨੀ (ਬਿਸਮਿੱਲਾ) ਇਨ੍ਹਾਂ ਜਾਦੂਮਈ ਸ਼ਬਦਾਂ ਦੀ ਪੁਕਾਰ ਨਾਲ ਇੱਕ ਅੰਬ ਉਸ ਦੇ ਹੱਥ ਵਿੱਚ ਆ ਡਿੱਗਿਆ। ਉਸਨੇ ਇਹ ਸ਼ਬਦ ਕਈ ਵਾਰ ਪੁਕਾਰੇ ਅਤੇ ਕਈ ਅੰਬ ਪ੍ਰਾਪਤ ਕਰ ਲਏ। ਆਪਣੇ ਪਰਨੇ ਲੜ ਬੰਨ੍ਹ ਕੇ ਉਹ ਕਿਸੇ ਆਰਾਮਦੇਹ ਥਾਂ ਦੀ ਤਲਾਸ਼ ਕਰਨ ਲੱਗਾ, ਜਿਥੇ ਬਹਿ ਕੇ ਆਰਾਮ ਨਾਲ ਅੰਬ ਚੂਪ ਸਕੇ। ਇਸ ਸਮੇਂ ਬਾਗ਼ ਦਾ ਵੱਡਾ ਮਾਲੀ ਆ ਗਿਆ ਅਤੇ ਉਸਨੇ ਬੁੱਲ੍ਹੇ 'ਤੇ ਸ਼ਾਹੀ ਬਾਗ਼ਾਂ ਦੇ ਅੰਬ ਚੁਰਾਉਣ ਦਾ ਇਲਜ਼ਾਮ ਲਾਇਆ। ਉਸ ਨੂੰ ਨੀਵੀਂ ਜਾਤ ਦਾ ਸਮਝ ਕੇ ਆਪਣੀ ਚਮਤਕਾਰੀ ਗੁੱਝੀ ਤਾਕਤ ਦਾ ਦਿਖਾਵਾ ਕਰਨ ਦੀ ਨੀਤ ਨਾਲ ਬੁੱਲ੍ਹੇ ਨੇ ਉਸਨੂੰ ਤਨਜ਼ੀਆ ਸੁਰ 'ਚ ਕਿਹਾ, "ਅੰਬ ਮੈਂ ਨਹੀਂ ਤੋੜੇ, ਜਿਵੇਂ ਹੁਣੇ ਤੁਸੀਂ ਦੇਖੋਗੇ, ਇਹ ਮੇਰੇ ਹੱਥਾਂ 'ਚ ਆ ਡਿੱਗੇ ਹਨ।" ਉਸਨੇ 'ਅੱਲਾਹ ਗਨੀ' ਪੁਕਾਰਿਆ ਅਤੇ ਅੰਬ ਉਦੇ ਹੱਥਾਂ 'ਤੇ ਆ ਟਿਕੇ। ਨੌਜਵਾਨ ਬੁੱਲ੍ਹੇ ਨੂੰ ਇਹ ਦੇਖ ਕੇ ਬਹੁਤ ਹੈਰਾਨੀ ਹੋਈ ਕਿ ਇਸ ਤੋਂ ਇਨਾਇਤ ਸ਼ਾਹ ਜ਼ਰਾ ਵੀ ਪ੍ਰਭਾਵਿਤ ਨਹੀਂ ਹੋਇਆ, ਪ੍ਰੰਤੂ ਭੋਲੇ-ਭਾਅ ਮੁਸਕਰਾਇਆ। ਬੁੱਲ੍ਹੇ ਸ਼ਾਹ ਦੀ ਭਾਰੀ ਪਸ਼ੇਮਾਨੀ ਨੇ ਮਾਲੀ ਦੇ ਮਨ ਵਿੱਚ ਦਇਆ-ਭਾਵ ਉਪਜਾਇਆ ਤਾਂ ਉਸਨੇ ਕਿਹਾ, "ਤੂੰ ਨਹੀਂ ਜਾਣਦਾ ਕਿ ਇਹਨਾਂ ਪਵਿੱਤਰ ਸ਼ਬਦਾਂ ਨੂੰ ਕਿਵੇਂ ਉਚਾਰਨਾ ਹੈ, ਇਸ ਲਈ ਤੂੰ ਇਨ੍ਹਾਂ ਦਾ ਤੇਜ਼ ਘਟਾ ਦਿੱਤਾ ਹੈ!" ਏਨਾ ਕਹਿੰਦਿਆਂ ਉਸਨੇ 'ਅੱਲਾ ਗ਼ਨੀ" ਪੁਕਾਰਿਆ ਤੇ ਸਾਰੇ ਫ਼ਲ ਦਰਖ਼ਤਾਂ ਤੋਂ ਝੜ ਕੇ ਧਰਤੀ ਉੱਤੇ ਆਣ ਟਿਕੇ। ਉਸਨੇ ਇਹ ਸ਼ਬਦ ਦੁਬਾਰਾ ਪੁਕਾਰੇ ਤਾਂ ਸਾਰੇ ਫ਼ਲ ਮੁੜ ਕੇ ਦਰਖ਼ਤਾਂ ਨੂੰ ਜਾ ਲੱਗੇ। ਮਾਲੀ ਦੁਆਰਾ ਦਿੱਤੀ ਇਹ ਮਾਤ, ਜਿਸਨੂੰ ਨੌਜਵਾਨ ਸੱਯਦ ਬੁੱਲਾ ਅਗਿਆਨੀ ਅਤੇ ਨੀਚ ਸਮਝਦਾ ਸੀ, ਨੇ ਬੁੱਲ੍ਹੇ ਦੇ ਵਿਚਾਰਾਂ ਵਿੱਚ ਕ੍ਰਾਂਤੀ ਲਿਆ ਦਿੱਤੀ। ਇਨਾਇਤ ਸ਼ਾਹ ਦੇ ਪੈਰਾਂ 'ਤੇ ਢਹਿੰਦਿਆਂ ਬੁੱਲ੍ਹੇ ਨੇ ਉਸਨੂੰ ਆਪਣਾ ਮੁਰੀਦ ਬਣਾਉਣ ਤੇ ਦੀਖਿਆ ਦੇਣ ਦੀ ਅਰਜ਼ੋਈ ਕੀਤੀ, ਜੋ ਤੁਰੰਤ ਮੰਨੀ ਗਈ।

**ਪ੍ਰਸ਼ਨ 15- ਬੁੱਲ੍ਹੇ ਦੇ ਵਿਚਾਰਾਂ ਵਿੱਚ ਕ੍ਰਾਂਤੀ ਕਿਵੇਂ ਆਈ?**

a) ਆਪਣੇ ਗੁਰੂ ਦੀ ਕਰਾਮਾਤ ਵੇਖਕੇ।
b) ਸ਼ਾਹ ਇਨਾਇਤ ਦੁਆਰਾ ਪੁਕਾਰੇ ਸ਼ਬਦਾਂ ਦਾ ਪ੍ਰਭਾਵ ਵੇਖਕੇ।
c) ਚੋਰੀ ਕਰਨ 'ਤੇ ਵੀ ਸਜ਼ਾ ਨਾ ਮਿਲਣ ਕਰਕੇ।
d) ਆਪਣੀ ਕਰਾਮਾਤ ਕਰਕੇ।

**ਪ੍ਰਸ਼ਨ 16- ਬੁੱਲ੍ਹਾ ਮਾਲੀ ਨੂੰ ਵੇਖਕੇ ਇਸ ਲਈ ਨਹੀਂ ਘਬਰਾਇਆ ਕਿਉਂਕਿ-**

1. ਮਾਲੀ ਨੀਵੀਂ ਜਾਤ ਦਾ ਸੀ।
2. ਬੁੱਲ੍ਹੇ ਕੋਲ ਚਮਤਕਾਰੀ ਤਾਕਤ ਸੀ।
3. ਬੁੱਲ੍ਹੇ ਨੇ ਅੰਬ ਨਹੀਂ ਤੋੜੇ ਸਨ।

**ਸਹੀ ਕਥਨ ਦੀ ਚੋਣ ਕਰੋ-**

a) 1, 2 c) 2, 3
b) 1, 3 d) 1, 2, 3

**ਪ੍ਰਸ਼ਨ 17- ਮਾਲੀ ਨੂੰ ਬੁੱਲ੍ਹੇ 'ਤੇ ਦਇਆ ਕਿਉਂ ਆਈ? ਕਿਉਂਕਿ-**

a) ਬੁੱਲ੍ਹੇ ਸ਼ਾਹ ਭੁੱਖਾ ਸੀ।
b) ਮਾਲੀ ਨਰਮ-ਦਿਲ ਸੀ।
c) ਬੁੱਲ੍ਹਾ ਨਹੀਂ ਜਾਣਦਾ ਸੀ ਕਿ ਪਵਿੱਤਰ ਸ਼ਬਦਾਂ ਨੂੰ ਕਿਵੇਂ ਉਚਾਰਨਾ ਹੈ।
d) ਬੁੱਲ੍ਹਾ ਉਸਦਾ ਸ਼ਾਗਿਰਦ ਸੀ।

**ਪ੍ਰਸ਼ਨ 18- ਸਹੀ ਕਥਨ ਦੀ ਚੋਣ ਕਰੋ-**

1. ਸ਼ਾਗਿਰਦ ਹੋਣ ਕਰਕੇ ਬੁੱਲ੍ਹਾ ਇਨਾਇਤ ਸ਼ਾਹ ਦੇ ਪੈਰਾਂ 'ਤੇ ਢਹਿ ਪਿਆ।
2. ਇਨਾਇਤ ਸ਼ਾਹ ਨੇ ਬੁੱਲ੍ਹੇ ਨੂੰ ਸ਼ਬਦਾਂ ਦਾ ਸਹੀ ਉਚਾਰਨ ਸਿਖਾਇਆ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

ਸੁਲਤਾਨ ਬਾਹੂ ਨੂੰ ਮਰਨ ਉਪਰੰਤ ਕਹਾਰ ਜਾਨਾਂ ਵਿਖੇ ਦਫ਼ਨਾਇਆ ਜਾਂ ਸਪੁਰਦ-ਇ-ਖ਼ਾਕ ਕੀਤਾ ਗਿਆ। ਸਿੱਖ ਸਰਦਾਰਾਂ ਝੰਡਾ ਸਿੰਘ ਅਤੇ ਗੰਡਾ ਸਿੰਘ ਨੇ 1180 ਹਿਜਰੀ (1767 ਈਸਵੀ) ਵਿੱਚ ਝੰਗ ਜ਼ਿਲ੍ਹੇ ‘ਤੇ ਚੜ੍ਹਾਈ ਕੀਤੀ। ਬਾਹੂ ਦੇ ਰਿਸ਼ਤੇਦਾਰ ਅਤੇ ਮੁਰੀਦ ਭਾਵੇਂ ਦਰਵੇਸ਼ ਦੇ ਮਜ਼ਾਰ ਨੂੰ ਬਚਾਉਣ ਲਈ ਬਹੁਤ ਫ਼ਿਕਰਮੰਦ ਸਨ, ਪਰ ਉਹ ਡਰ ਦੇ ਮਾਰੇ ਭੱਜ ਗਏ। ਤਾਂ ਵੀ ਇਕ ਮੁਰੀਦ ਨੇ ਬਾਹੂ ਪ੍ਰਤੀ ਆਪਣੀ ਵਫ਼ਾ ਦਾ ਸਬੂਤ ਦਿੱਤਾ ਅਤੇ ਮਜ਼ਾਰ ਨੂੰ ਛੱਡ ਕੇ ਜਾਣ ਤੋਂ ਇਨਕਾਰ ਕੀਤਾ। ਐਪਰ, ਸਿੱਖ ਸਰਦਾਰਾਂ ਨੇ ਸਮਾਧ ਨੂੰ ਨਾ ਲੁੱਟਿਆ ਅਤੇ ਉਸ ਵਫ਼ਾਦਾਰ ਮੁਰੀਦ ਨੂੰ ਪ੍ਰੇਸ਼ਾਨ ਨਾ ਕੀਤਾ। ਭੰਗੀ ਮਿਸਲ ਦੇ ਸਰਦਾਰਾਂ ਨੇ ਜਿਸ ਸਮਾਧ ਨੂੰ ਨਹੀਂ ਸੀ ਛੇੜਿਆ, ਪਰ ਕੁਦਰਤ ਨੇ ਉਸ ਨੂੰ ਨਾ ਬਖ਼ਸ਼ਿਆ। ਕੁਝ ਸਮੇਂ ਬਾਅਦ ਦਰਿਆ ਚਨਾਬ ਨੇ ਆਪਣੇ ਵਹਿਣ ਦਾ ਰੁਖ਼ ਬਦਲ ਲਿਆ ਅਤੇ ਹੜ੍ਹ ਦਾ ਪਾਣੀ ਸਮਾਧ ਵਿੱਚ ਭਰ ਗਿਆ ਤੇ ਕਈ ਮਜ਼ਾਰਾਂ ਨੂੰ ਵਹਾ ਕੇ ਲੈ ਗਿਆ। ਇਸ ’ਤੇ ਜਦੋਂ ਮੁਰੀਦ ਅਤੇ ਖਲੀਫ਼ੇ ਰੋਣ ਤੇ ਕੁਰਲਾਣ ਲੱਗੇ ਤਾਂ ਇੱਕ ਅਵਾਜ ਨੇ ਇਹ ਕਹਿੰਦਿਆਂ ਦਿਲਾਸਾ ਦਿੱਤਾ ਕਿ ਭਲਕੇ ਸਵੇਰੇ ਇੱਕ ਅਗਿਆਤ ਵਿਅਕਤੀ ਆਵੇਗਾ ਅਤੇ ਪਾਣੀ ਵਿੱਚੋਂ ਸੁਲਤਾਨ ਬਾਹੂ ਦੇ ਮ੍ਰਿਤਕ ਸਰੀਰ ਉੱਪਰ ਪਏ ਕਫ਼ਨ ਨੂੰ ਕੱਢ ਲਿਆਵੇਗਾ। ਭਵਿੱਖ ਬਾਣੀ ਮੁਤਾਬਕ ਇੱਕ ਅਜਨਬੀ ਮਨੁੱਖ ਦਰਿਆ ਵਿੱਚੋਂ ਕਫ਼ਨ ਕੱਢ ਲਿਆਇਆ ਅਤੇ ਉਸਨੂੰ ਇੱਕ ਉਜਾੜ ਇਮਾਰਤ ਵਿੱਚ ਪਿੱਪਲ ਦੇ ਰੁੱਖ ਥੱਲੇ ਦਫ਼ਨਾਉਣ ਦੀ ਹਦਾਇਤ ਕਰਕੇ ਅਲੋਪ ਹੋ ਗਿਆ। ਹਦਾਇਤ ਮੁਤਾਬਕ ਕਫ਼ਨ ਨੂੰ ਸੁਝਾਈ ਗਈ ਇਮਾਰਤ ਵਿੱਚ ਰੁੱਖ ਥੱਲੇ ਰੱਖਿਆ ਗਿਆ ਅਤੇ ਉਸ ਉੱਤੇ ਇੱਟਾਂ ਦਾ ਥੜ੍ਹਾ ਉਸਾਰ ਦਿੱਤਾ। ਕਬਰ ਖੋਦੀ ਨਹੀਂ ਸੀ ਗਈ, ਜਿਵੇਂ ਕਿ ਆਮ ਪ੍ਰਚੱਲਿਤ ਰਿਵਾਜ਼ ਹੈ। ਇਹ ਘਟਨਾ (ਕਰਾਮਾਤ) ਝੰਗ ਜ਼ਿਲ੍ਹੇ ਉੱਤੇ ਸਿੱਖ ਮਿਸਲਾਂ ਦੀ ਚੜ੍ਹਾਈ ਤੋਂ ਦਸ ਸਾਲ ਬਾਅਦ 1190 ਹਿਜਰੀ (1775 ਈ.) ਵਿੱਚ ਵਾਪਰੀ।

**ਪ੍ਰਸ਼ਨ 19- ਸਹੀ ਕਥਨ ਚੁਣੋ-**

1. ਗੰਡਾ ਸਿੰਘ ਭੰਗੀ ਮਿਸਲ ਦਾ ਸਰਦਾਰ ਸੀ।
2. ਦਰਿਆ ਚਨਾਬ ਝੰਗ ਜ਼ਿਲ੍ਹੇ ਦੇ ਨਜ਼ਦੀਕ ਹੈ।

a) ਸਿਰਫ਼ 1 c) ਦੋਨੋਂ

b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 20- ਸੁਲਤਾਨ ਬਾਹੂ ਦੇ ਮੁਰੀਦ ਕਿਉਂ ਰੋਣ ਲੱਗੇ-**

a) ਹੜ੍ਹ ਮਜ਼ਾਰ ਨੂੰ ਵਹਾ ਕੇ ਲੈ ਗਿਆ ਸੀ।

b) ਸਿੰਘਾਂ ਨੇ ਝੰਗ ’ਤੇ ਚੜ੍ਹਾਈ ਕਰ ਦਿੱਤੀ ਸੀ।

c) ਅਜਨਬੀ ਵਿਅਕਤੀ ਨੂੰ ਵੇਖਕੇ।

d) ਉਨ੍ਹਾਂ ਨੂੰ ਬਾਹੂ ਦਾ ਮ੍ਰਿਤਕ ਸਰੀਰ ਨਹੀਂ ਲੱਭ ਰਿਹਾ ਸੀ।

**ਪ੍ਰਸ਼ਨ 21- ਸਹੀ ਕਥਨ ਚੁਣੋ-**

1. ਸਿੰਘਾਂ ਦੀ ਚੜ੍ਹਾਈ ਤੋਂ ਤੁਰੰਤ ਬਾਅਦ ਹੜ੍ਹ ਆ ਗਿਆ।
2. ਚਨਾਬ ਦਰਿਆ ’ਚ ਮਜ਼ਾਰ ਰੁੜ੍ਹ ਗਈ।

a) ਸਿਰਫ਼ 1 c) ਦੋਨੋਂ

b) ਸਿਰਫ਼ 2 d) ਕੋਈ ਨਹੀਂ

ਹੁਸੈਨ ਦਾ ਮਜ਼ਾਰ ਬਾਗਵਾਨਪੁਰਾ ਪਿੰਡ ਦੇ ਦੱਖਣ ਵੱਲ ਸਥਿਤ ਹੈ। ਇਕ ਉੱਚੇ ਥੜ੍ਹੇ ਉੱਤੇ ਦੋ ਮਜ਼ਾਰਾਂ ਦੇ ਨਿਸ਼ਾਨ ਹਨ; ਇੱਕ ਮਾਧੋ ਦੀ ਹੈ ਅਤੇ ਦੂਜੀ ਲਾਲ ਹੁਸੈਨ ਦੀ, ਅਸਲੀ ਮਜ਼ਾਰਾਂ ਜ਼ਮੀਨਦੋਜ਼ ਭਵਨ (ਕਮਰੇ) ’ਚ ਹਨ। ਥੜ੍ਹੇ ਦੇ ਦਵਾਲੇ ਚਾਰ ਦੀਵਾਰੀ ਹੈ। ਜਿਸ ਦਾ ਮੁੱਖ ਦਰਵਾਜ਼ਾ ਦੱਖਣ ਵੱਲ ਹੈ। ਥੜ੍ਹੇ ਅਤੇ ਚਾਰਦੀਵਾਰੀ ਦੇ ਵਿਚਕਾਰ ਸ਼ਰਧਾਲੂਆਂ ਦੇ ਪਰਿਕਰਮਾ ਕਰਨ ਦੀ ਥਾਂ ਹੈ। ਪਲੇਟਫਾਰਮ ਦੇ ਚਾਰੇ ਪਾਸੇ ਲਾਲ ਰੰਗ ਦੇ ਪੱਥਰ ਦੀ ਜਾਲੀ ਦਾ ਜੰਗਲਾ ਹੈ। ਦਰਗਾਹ ਦੇ ਉੱਤਰ ਵੱਲ ਇੱਕ ਬੁਰਜ ਹੈ ਜਿਸ ਵਿੱਚ ਹਜ਼ਰਤ ਮੁਹੰਮਦ ਦੇ ਪੈਰ (ਕਦਮ-ਇ-ਰਸੂਲ) ਦਾ ਨਿਸ਼ਾਨ ਸ਼ਰਧਾਸੂਚਕ ਚਿੰਨ ਵਜੋਂ ਬਣਿਆ ਹੈ ਅਤੇ ਪੱਛਮ ਵਾਲੇ ਪਾਸੇ ਮਸੀਤ ਹੈ। ਇਹ ਮਸਜ਼ਿਦ ਮਹਾਰਾਜਾ ਰਣਜੀਤ ਸਿੰਘ ਦੀ ਮੁਸਲਮਾਨ ਬੀਵੀ ਮੋਰਾਂ ਦੁਆਰਾ ਬਣਵਾਈ ਗਈ ਸੀ।

**ਪ੍ਰਸ਼ਨ 22- ਸਹੀ ਕਥਨ ਚੁਣੋ-**

1. ਮਾਧੋ ਅਤੇ ਲਾਲ ਹੁਸੈਨ ਦੀ ਮਜ਼ਾਰ ਇੱਕੋ ਥੜ੍ਹੇ ’ਤੇ ਬਣੀਆਂ ਹਨ।
2. ਚਾਰ ਦੀਵਾਰੀ ਦੇ ਬਾਹਰ ਪਰਿਕਰਮਾ ਲਈ ਥਾਂ ਹੈ।

a) ਸਿਰਫ਼ 1 c) ਦੋਨੋਂ ਸਹੀ ਹਨ

b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 23- ਸਹੀ ਕਥਨ ਲੱਭੋ-**

1. ਮਾਧੋ ਤੇ ਲਾਲ ਹੁਸੈਨ ਦੀ ਦਰਗਾਹ ਬੀਵੀ ਮੋਰਾਂ ਦੁਆਰਾ ਬਣਵਾਈ ਗਈ ਸੀ।
2. ਦਰਗਾਹ ਦੇ ਪੱਛਮ 'ਚ ਮਸੀਤ ਬਣੀ ਹੋਈ ਹੈ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 24- ਸਹੀ ਕਥਨ ਲੱਭੋ-**

1. ਥੜ੍ਹੇ ਦੇ ਚਾਰੇ ਪਾਸੇ ਲਾਲ ਜੰਗਲਾ ਹੈ।
2. ਥੜ੍ਹੇ ਉੱਪਰ ਮਜ਼ਾਰਾਂ ਦੇ ਨਿਸ਼ਾਨ ਹਨ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 25- ਸਹੀ ਕਥਨ ਲੱਭੋ-**

1. ਪਿੰਡ ਦੇ ਦੱਖਣ ਵੱਲ ਇੱਕ ਬੁਰਜ ਬਣਿਆ ਹੋਇਆ ਹੈ।
2. ਦਰਗਾਹ ਦਾ ਦਰਵਾਜ਼ਾ ਦੱਖਣ ਵੱਲ ਹੈ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

ਪਰਿਵਾਰ ਨੂੰ ਇਸ ਭਵਿੱਖਬਾਣੀ ਦੀ ਨਮੋਸ਼ੀ ਤੋਂ ਬਚਾਉਣ ਦੇ ਚਾਹਵਾਨ ਮਾਪਿਆਂ ਨੇ ਆਪਣੀ ਮਮਤਾ ਦਾ ਗਲਾ ਘੁੱਟ ਲਿਆ। ਸੱਸੀ ਦੀ ਗਰਦਨ ਦਵਾਲੇ ਇੱਕ ਤਵੀਤ ਬੰਨ੍ਹਿਆ ਅਤੇ ਇੱਕ ਸੰਦੂਕੜੀ ਵਿੱਚ ਸੱਸੀ ਦੇ ਨਾਲ ਕੀਮਤੀ ਹੀਰੇ ਮੋਤੀ ਤੇ ਖ਼ਜ਼ਾਨਾ ਰੱਖ ਕੇ ਉਸ ਨੂੰ ਦਰਿਆ ਵਿੱਚ ਰੋੜ੍ਹ ਦਿੱਤਾ। ਅੱਤਾ ਨਾਮ ਦਾ ਇੱਕ ਧੋਬੀ ਨਦੀ ਕਿਨਾਰੇ ਕੱਪੜੇ ਧੋਂਦਾ ਸੀ। ਉਸ ਨੇ ਸੰਦੂਕੜੀ ਦੇਖੀ ਤੇ ਉਸਨੂੰ ਫੜਨ ਲਈ ਦਰਿਆ ਦੇ ਵਹਿਣ ਵਿੱਚ ਕੁੱਦ ਪਿਆ ਤੇ ਸੰਦੂਕ ਨੂੰ ਫੜ ਕੇ ਕਿਨਾਰੇ ਲੈ ਆਇਆ। ਉਸ ਨੇ ਹੈਰਾਨੀ ਨਾਲ ਇਸ ਨੂੰ ਖੋਲ੍ਹਿਆ ਅਤੇ ਏਨਾ ਧਨ (ਖ਼ਜ਼ਾਨਾ) ਅਤੇ ਇੱਕ ਕੁੜੀ ਨੂੰ ਦੇਖ ਕੇ ਹੋਰ ਵੀ ਹੈਰਾਨ ਹੋ ਗਿਆ। ਉਹ ਕੁੜੀ ਨੂੰ ਆਪਣੀ ਪਤਨੀ ਕੋਲ ਲੈ ਗਿਆ ਅਤੇ ਉਹਨਾਂ ਨੇ ਸੱਸੀ ਨੂੰ ਆਪਣੀ ਧੀ ਵਾਂਗ ਪਾਲਣਾ ਸ਼ੁਰੂ ਕੀਤਾ। ਸੱਸੀ ਇਕ ਸੁੰਦਰ ਮੁਟਿਆਰ ਦੇ ਰੂਪ ਵਿੱਚ ਜਵਾਨ ਹੋਈ। ਬਹੁਤ ਸਾਰੇ ਧੋਬੀ ਉਸ ਨੂੰ ਵਰਣ ਦੀ ਆਸ ਨਾਲ ਰਿਸ਼ਤਾ ਮੰਗਣ ਆਏ, ਪਰ ਉਸ ਨੇ ਸਭ ਨੂੰ ਨਾਂਹ ਕਰ ਦਿੱਤੀ। ਇਸ ਨੇ ਅੱਤੇ ਦੇ ਇਕ ਰਿਸ਼ਤੇਦਾਰ ਨੂੰ ਨਾਰਾਜ਼ ਕਰ ਦਿੱਤਾ ਅਤੇ ਉਹ ਰਾਜੇ (ਆਦਮ ਜਾਮ) ਦੇ ਦਰਬਾਰ ਵਿੱਚ ਜਾ ਹਾਜ਼ਰ ਹੋਇਆ ਤੇ ਚੁਗਲੀ ਕੀਤੀ ਕਿ ਅੱਤੇ ਦੀ ਧੀ ਰਾਜੇ ਦੇ ਰਿਸ਼ਤੇ ਦੇ ਕਾਬਿਲ ਹੈ। ਰਾਜੇ ਨੇ ਸੱਸੀ ਨੂੰ ਦਰਬਾਰ ਵਿੱਚ ਲਿਆਉਣ ਲਈ ਇੱਕ ਕਾਸਿਦ ਭੇਜਿਆ। ਸੱਸੀ ਉਸ ਨਾਲ ਨਹੀਂ ਗਈ, ਪਰ ਉਸਨੇ ਨਿਸ਼ਾਨੀ ਵਜੋਂ ਤਵੀਤ ਭੇਜ ਦਿੱਤਾ। ਜਦੋਂ ਰਾਜੇ ਨੇ ਤਵੀਤ ਦੇਖਿਆ ਤਾਂ ਉਹ ਤੇ ਉਸਦੀ ਪਤਨੀ ਬੁਰੀ ਤਰ੍ਹਾਂ ਪਿਘਲ ਗਏ। ਉਨ੍ਹਾਂ ਨੇ ਸੱਸੀ ਨੂੰ ਘਰ ਮੁੜ ਆਉਣ ਦਾ ਸੱਦਾ ਦਿੱਤਾ, ਪਰ ਉਸ ਨੇ ਮਾਣ ਨਾਲ ਇਸ ਨੂੰ ਠੁਕਰਾ ਦਿੱਤਾ।

**ਪ੍ਰਸ਼ਨ 26- ਰਾਜੇ ਨੇ ਸੱਸੀ ਨੂੰ ਦਰਬਾਰ 'ਚ ਕਿਉਂ ਬੁਲਾਇਆ-**

a) ਰਾਜੇ ਨੂੰ ਸ਼ੱਕ ਹੋ ਗਿਆ ਸੀ ਕਿ ਸੱਸੀ ਉਸ ਦੀ ਧੀ ਹੈ।
b) ਰਾਜਾ ਸੱਸੀ ਨਾਲ ਨਿਕਾਹ ਕਰਨ ਦਾ ਚਾਹਵਾਨ ਸੀ।
c) ਰਾਜਾ ਉਸ ਨੂੰ ਮਿਲਣਾ ਚਾਹੁੰਦਾ ਸੀ।
d) ਸੱਸੀ ਬਹੁਤ ਸੁੰਦਰ ਸੀ।

**ਪ੍ਰਸ਼ਨ 27- ਸਹੀ ਕਥਨ ਚੁਣੋ-**

1. ਨਮੋਸ਼ੀ ਤੋਂ ਬਚਣ ਲਈ ਸੱਸੀ ਨੂੰ ਸੰਦੂਕ 'ਚ ਪਾ ਕੇ ਦਰਿਆ 'ਚ ਰੋੜ੍ਹ ਦਿੱਤਾ।
2. ਬਹੁਤ ਛੋਟੀ ਬੱਚੀ ਸੱਸੀ ਨੂੰ ਹੀ ਮਾਪਿਆਂ ਨੇ ਮਰਨ ਲਈ ਅਲੱਗ ਕਰ ਦਿੱਤਾ।

a) ਸਿਰਫ਼ 1 c) ਦੋਨੋਂ ਸਹੀ ਹਨ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 28- ਸਹੀ ਕਥਨ ਚੁਣੋ-**

1. ਨਵ-ਜਨਮੀ ਬੱਚੀ ਨੂੰ ਵੇਖ ਧੋਬੀ ਹੈਰਾਨ ਹੋ ਗਿਆ।
2. ਸੱਸੀ ਜਾਣ ਗਈ ਸੀ ਕਿ ਉਹ ਰਾਜੇ ਦੀ ਧੀ ਹੈ।

a) ਸਿਰਫ਼ 1 c) ਦੋਨੋਂ ਸਹੀ ਹਨ
b) ਸਿਰਫ਼ 2 d) ਕੋਈ ਨਹੀਂ

ਪੰਜਾਬ 1801 ਈ. ਵਿੱਚ ਪੂਰੀ ਤਰ੍ਹਾਂ ਰਣਜੀਤ ਸਿੰਘ ਦੇ ਸ਼ਾਸਨ ਅਧੀਨ ਆਇਆ ਅਤੇ 1839 ਈ. ਤੱਕ ਉਸਦੇ ਰਾਜ ਅਧੀਨ ਰਿਹਾ। ਆਪਣੇ ਸ਼ਾਸਨ ਦੇ ਮੁੱਢਲੇ ਸਾਲਾਂ ਵਿੱਚ ਰਣਜੀਤ ਸਿੰਘ ਯੁੱਧਾਂ ਵਿੱਚ ਰੁੱਝਿਆ ਰਿਹਾ, ਕੇਵਲ ਅੰਤਲੇ ਕੁਝ ਸਾਲਾਂ ਵਿੱਚ ਹੀ ਉਸ ਨੇ ਕਲਾ ਨੂੰ ਉਤਸ਼ਾਹ ਅਤੇ ਸਰਪ੍ਰਸਤੀ ਦੇਣੀ ਸ਼ੁਰੂ ਕੀਤੀ। 1839 ਈ. ਵਿੱਚ ਉਸ ਦੀ ਮੌਤ ਤੋਂ ਬਾਅਦ ਅਫ਼ਰਾ-ਤਫ਼ਰੀ ਅਤੇ ਅਰਾਜਕਤਾ ਦਾ ਦੌਰ ਸ਼ੁਰੂ ਹੋਇਆ, ਜਿਸ ਨੇ ਹੌਲੀ ਹੌਲੀ ਉਭਰਦੀਆਂ ਕਲਾਵਾਂ ਨੂੰ ਤਕੜਾ ਝਟਕਾ ਦਿੱਤਾ। ਇਸ ਅਫ਼ਰਾ-ਤਫ਼ਰੀ ਤੋਂ ਬਾਅਦ ਨਵੀਆਂ ਲੜਾਈਆਂ ਸ਼ੁਰੂ ਹੋਈਆਂ ਅਤੇ 1848 ਈ. ਵਿੱਚ ਪੰਜਾਬ ਅੰਗਰੇਜ਼ੀ ਰਾਜ ਦੇ ਅਧੀਨ ਹੋ ਗਿਆ। ਇਸ ਨਵੇਂ ਸ਼ਾਸਨ ਨੇ ਇੱਕ ਨਵੇਂ ਦੌਰ ਦਾ ਆਗਮਨ ਦੇਖਿਆ ਅਤੇ ਪੂਰੇ ਦ੍ਰਿਸ਼ਟੀਕੋਣ ਨੂੰ ਬਦਲ ਦਿੱਤਾ। ਪੰਜਾਬੀ ਹੁਣ ਤਹਿ-ਦਿਲੋਂ ਨਵੇਂ ਜੀਵਨ, ਨਵੇਂ-ਸਭਿਆਚਾਰ ਅਤੇ ਵਿਗਿਆਨਕ ਵਿਚਾਰਾਂ ਨੂੰ ਗ੍ਰਹਿਣ ਕਰਨ ਤੇ ਆਪਣੇ ਆਪ ਨੂੰ ਉਸ ਅਨੁਸਾਰ ਢਾਲਣ ਵਿੱਚ ਰੁੱਝੇ ਹੋਏ ਸਨ। ਵਿਵਹਾਰਕ ਵਿਚਾਰ ਹਰ ਚੀਜ਼ ਉਪਰ ਭਾਰੂ ਸਨ ਅਤੇ ਸੂਫ਼ੀ ਰਹੱਸਵਾਦੀ ਗੁੰਮਨਾਮੀ ਵਿੱਚ ਚਲਾ ਗਿਆ।

ਸਰਦੇ-ਪੁੱਜਦੇ ਅਤੇ ਬੁੱਧੀਮਾਨ ਲੋਕ ਨਵੀਆਂ ਸਰਗਰਮੀਆਂ ਵਿੱਚ ਰੁੱਝੇ ਹੋਏ ਸਨ, ਸੂਫ਼ੀਵਾਦ ਗੱਦੀ-ਨਸ਼ੀਨਾਂ ਅਤੇ ਨੀਵੀਆਂ-ਜਾਤੀਆਂ ਦੀ ਮਲਕੀਅਤ ਬਣ ਕੇ ਰਹਿ ਗਿਆ। ਗੱਦੀ-ਨਸ਼ੀਨਾਂ ਵਿੱਚ ਦੂਜੇ ਵਿਰਾਸਤੀ ਉੱਤਰ ਅਧਿਕਾਰੀਆਂ ਵਾਂਗ ਸੂਫ਼ੀ ਵਿਚਾਰਧਾਰਾ ਪ੍ਰਤੀ ਕੋਈ ਖ਼ਾਸ ਖਿੱਚ ਨਹੀਂ ਸੀ ਨਜ਼ਰ ਆਉਂਦੀ। ਜੇਕਰ ਉਹ ਅਜੇ ਵੀ ਇਸ ਨਾਲ ਜੁੜੇ ਹੋਏ ਸਨ ਤੇ ਇਸ ਦਾ ਪ੍ਰਚਾਰ ਕਰਨ ਦਾ ਯਤਨ ਕਰ ਰਹੇ ਸਨ ਤਾਂ ਇਹ ਸੂਫ਼ੀ ਰਹੱਸਵਾਦ ਨਾਲ ਪਿਆਰ ਕਰਕੇ ਨਹੀਂ ਸਗੋਂ ਇਸ ਲਈ ਸੀ ਕਿ ਇਹ ਉਹਨਾਂ ਦੀ ਉਪਜੀਵਿਕਾ ਤੇ ਕਮਾਈ ਦਾ ਸਾਧਨ ਬਣ ਚੁੱਕਾ ਸੀ। ਨੈਤਿਕ ਅਤੇ ਆਤਮਿਕ ਪਤਨ ਦਾ ਸ਼ਿਕਾਰ ਹੋ ਕੇ ਇਹ ਕਿੰਨੇ ਵੀ ਨੀਵੇਂ ਪੱਧਰ ਤੇ ਰਸਾਤਲ 'ਚ ਡੁੱਬ ਜਾਂਦਾ, ਉਹਨਾਂ ਨੂੰ ਇਸ ਦੀ ਚਿੰਤਾ ਨਹੀਂ ਸੀ, ਜਿੰਨੀ ਦੇਰ ਤੱਕ ਇਹ ਉਨ੍ਹਾਂ ਦੀ ਕਮਾਈ ਅਤੇ ਧਨ ਦੌਲਤ ਇਕੱਠੀ ਕਰਨ ਦਾ ਸਾਧਨ ਸੀ।

**ਪ੍ਰਸ਼ਨ 29- 1848 ਤੋਂ ਬਾਅਦ ਸੂਫ਼ੀ ਰਹੱਸਵਾਦ ਦਾ ਪਤਨ ਕਿਉਂ ਸ਼ੁਰੂ ਹੋ ਗਿਆ?**

a) ਪੰਜਾਬ ਅੰਗਰੇਜ਼ੀ ਰਾਜ ਦੇ ਕਬਜ਼ੇ 'ਚ ਆ ਗਿਆ ਸੀ।
b) ਲੋਕਾਂ ਦਾ ਦ੍ਰਿਸ਼ਟੀਕੋਣ ਬਦਲਣਾ ਸ਼ੁਰੂ ਹੋ ਗਿਆ ਸੀ।
c) ਸੂਫ਼ੀਵਾਦ ਪ੍ਰਤੀ ਕੋਈ ਖਿੱਚ ਨਹੀਂ ਸੀ ਰਹੀ।
d) ਸੂਫ਼ੀ ਲੋਕ ਦੂਰ ਚਲੇ ਗਏ ਸਨ।

**ਪ੍ਰਸ਼ਨ 30- ਸੂਫ਼ੀ ਵਿਚਾਰਧਾਰਾ ਦਾ ਪ੍ਰਚਾਰ ਫਿਰ ਵੀ ਹੋ ਰਿਹਾ ਸੀ, ਕਿਉਂ?**

a) ਕਿਉਂਕਿ ਨੈਤਿਕ ਪਤਨ ਹੋ ਰਿਹਾ ਸੀ।
b) ਕਿਉਂਕਿ ਇਹ ਉਪਜੀਵਿਕਾ ਦਾ ਸਾਧਨ ਸੀ।
c) ਆਤਮਿਕ ਪ੍ਰਗਤੀ ਲਈ ਜ਼ਰੂਰੀ ਸੀ।
d) ਬੁੱਧੀਵਾਨ ਲੋਕਾਂ ਦੀ ਇਸ ਵਿੱਚ ਦਿਲਚਸਪੀ ਸੀ

ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਤੇਜ਼ ਹਵਾਵਾਂ ਕਾਰਨ ਰਾਜਸਥਾਨ ਵਿੱਚੋਂ ਉੱਠੇ ਗ਼ਰਦ ਗੁਬਾਰ ਨੇ ਪਹਿਲਾਂ ਉਸ ਰਾਜ ਨੂੰ ਘੇਰਿਆ ਅਤੇ ਫਿਰ ਹਵਾ ਦੀ ਦਿਸ਼ਾ ਉੱਤਰ-ਪੂਰਬ ਵੱਲ ਹੋਣ ਕਾਰਨ ਦਿੱਲੀ ਸਮੇਤ ਸਾਰੇ ਉੱਤਰੀ ਰਾਜਾਂ ਵੱਲ ਧਾਵਾ ਬੋਲ ਦਿੱਤਾ। ਇਸ ਕਾਰਨ ਹਵਾ 'ਚ ਸੂਖ਼ਮ ਤੱਤਾਂ ਜਾਂ ਤਰਲ ਪੁੰਜਾਂ (ਪਾਰਟੀਕੁਲੇਟ ਮੈਟਰ ਜਾਂ ਪੀਐੱਮ) ਦੀ ਮਿਕਦਾਰ ਦਾ ਪੱਧਰ ਆਮ ਨਾਲੋਂ ਕਈ ਗੁਣਾਂ ਵਧ ਗਿਆ। ਅਜਿਹੇ ਆਲਮ ਵਿੱਚ ਇਨਸਾਨਾਂ ਨੂੰ ਹੀ ਨਹੀਂ, ਸਾਰੇ ਜੀਵ-ਜੰਤਾਂ ਤੇ ਪੇੜ-ਪੌਦਿਆਂ ਨੂੰ ਵੀ ਦਿੱਕਤ ਹੋਣੀ ਸੁਭਾਵਿਕ ਹੈ। ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਸਕੱਤਰ ਅਨੁਸਾਰ ਜੇਕਰ ਪੀਐੱਮ ਦੀ ਮਿਕਦਾਰ ਵਿੱਚ ਕਮੀ ਨਾ ਆਈ ਤਾਂ ਹੰਗਾਮੀ ਕਦਮ ਚੁੱਕਣ ਦੀ ਲੋੜ ਪਵੇਗੀ। ਪਹਿਲਾਂ ਹੀ ਦਿੱਲੀ ਤੇ ਚੰਡੀਗੜ੍ਹ ਸਮੇਤ ਕੁਝ ਥਾਵਾਂ 'ਤੇ ਉਸਾਰੀ ਦੇ ਕੰਮ ਰੋਕ ਦਿੱਤੇ ਗਏ ਹਨ ਅਤੇ ਭੱਠਿਆਂ ਨੂੰ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ। ਮਾਹਿਰ ਮੰਨਦੇ ਹਨ ਕਿ ਰਾਜਸਥਾਨ ਤੋਂ ਗ਼ਰਦ ਉੱਠਣ ਦੀ ਸਮੱਸਿਆ ਨਾਲ ਕੁਝ ਉਚੇਚਾ ਤਰੱਦਦ ਕਰ ਕੇ ਨਜਿੱਠਿਆ ਜਾ ਸਕਦਾ ਹੈ, ਪਰ ਸਾਡੇ ਸ਼ਹਿਰਾਂ ਵਿੱਚ ਫ਼ਿਜ਼ਾਈ ਪ੍ਰਦੂਸ਼ਣ ਦੀ ਜੋ ਹੱਦ ਹੈ, ਉਸ ਲਈ ਇਕੱਲੀ ਗ਼ਰਦ ਜ਼ਿੰਮੇਵਾਰ ਨਹੀਂ। ਪੀਐੱਮ ਦੀ ਮਿਕਦਾਰ ਸਾਰੇ ਉੱਤਰੀ ਰਾਜਾਂ ਵਿੱਚ ਪਹਿਲਾਂ ਹੀ ਆਮ ਨਾਲੋਂ ਵੱਧ ਸੀ, ਗ਼ਰਦ ਨੇ ਤਾਂ ਇਸ ਦਾ ਪੱਧਰ ਖ਼ਤਰਨਾਕ ਹੱਦ ਤੱਕ ਵਧਾਇਆ।

ਆਈ.ਆਈ.ਟੀ. ਕਾਨਪੁਰ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਰਾਜਸਥਾਨ ਦੇ ਬਾੜਮੇਰ ਖੇਤਰ, ਜਿੱਥੋਂ ਕਿ ਗ਼ਰਦ ਗੁਬਾਰ ਲਗਾਤਾਰ ਉੱਠਦਾ ਆ ਰਿਹਾ ਹੈ, ਵਿਖੇ ਇਸ ਵਰਤਾਰੇ ਦਾ ਸੰਜੀਦਗੀ ਨਾਲ ਅਧਿਐਨ ਕਰਨ ਅਤੇ ਭਵਿੱਖ ਵਿੱਚ ਇਸ ਨੂੰ ਸੀਮਤ ਬਣਾਉਣ ਵਰਗੇ ਉਪਰਾਲੇ ਕਰਨੇ ਅਤਿਅੰਤ ਜ਼ਰੂਰੀ ਹਨ। ਇਸ ਦੇ ਨਾਲ ਹੀ ਦੇਸ਼ ਦੇ ਸਾਰੇ ਸ਼ਹਿਰਾਂ ਤੇ ਇਨ੍ਹਾਂ ਦੇ ਨਾਲ ਲੱਗਦੇ ਦਿਹਾਤੀ ਇਲਾਕਿਆਂ ਵਿੱਚ ਵੀ ਅਜਿਹੇ ਸਰੋਤਾਂ ਦੀ ਸ਼ਨਾਖ਼ਤ ਕਰਨੀ ਜ਼ਰੂਰੀ ਹੈ ਜੋ ਕਿ ਹਵਾ ਵਿੱਚ ਪੀਐੱਮ ਵੱਧ ਮਿਕਦਾਰ ਵਿੱਚ ਫੈਲਾਉਂਦੇ ਹਨ। ਇਸੇ ਸੰਸਥਾ ਨੇ ਸੁਝਾਅ ਦਿੱਤਾ ਹੈ ਕਿ ਕਿ ਕੌਮੀ ਰਾਜਧਾਨੀ ਖੇਤਰ ਦਿੱਲੀ ਦੇ ਦੁਆਲੇ ਤਿੰਨ-ਤਿੰਨ ਕਿਲੋਮੀਟਰ ਚੌੜੀ ਹਰਿਆਲੀ ਪੱਟੀ ਸਥਾਪਿਤ ਕੀਤੀ ਜਾਵੇ, ਅਤੇ ਨਾਲ ਹੀ ਹੋਰਨਾਂ ਸ਼ਹਿਰਾਂ ਦੇ ਦੁਆਲੇ ਵੀ ਗਰੀਨ ਬੈਲਟ ਦਾ ਸੰਕਲਪ ਲਾਜ਼ਮੀ ਬਣਾਇਆ ਜਾਵੇ। ਇਸੇ ਆਈ.ਆਈ.ਟੀ. ਦੇ ਪ੍ਰੋ. ਗੋਵਿੰਦ ਝਾਅ ਅਨੁਸਾਰ ਉੱਤਰੀ ਚੀਨ ਵਿੱਚ ਬੇਤਹਾਸ਼ਾ ਸ਼ਹਿਰੀਕਰਨ ਅਤੇ ਜੰਗਲਾਂ ਦੇ ਸਫ਼ਾਏ ਕਾਰਨ ਗ਼ਰਦ ਭਰੇ ਤੁਫ਼ਾਨ ਆਉਣੇ ਨਿੱਤ ਦਾ ਮਸਲਾ ਬਣ ਗਏ ਸਨ। ਇਸ ਨਾਲ ਨਜਿੱਠਣ ਲਈ ਚੀਨ ਸਰਕਾਰ ਨੇ ਪੂਰੇ ਇੰਨਰ ਮੰਗੋਲੀਆ ਖਿੱਤੇ ਦੇ ਮਾਰੂਥਲ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਝਾੜੀਆਂ ਲਵਾ ਦਿੱਤੀਆਂ ਅਤੇ ਸਾਰੇ ਪਿੰਡਾਂ-ਸ਼ਹਿਰਾਂ ਨੂੰ ਹਰਿਆਲਾ ਕਵਚ ਪ੍ਰਦਾਨ ਕੀਤਾ। ਹੁਣ ਉੱਥੇ ਇਹ ਸਮੱਸਿਆ ਆਪਣੀ ਗੰਭੀਰਤਾ ਗੁਆ ਬੈਠੀ ਹੈ।

**ਪ੍ਰਸ਼ਨ 31- ਗ਼ਰਦ ਦੇ ਗੁਬਾਰ ਫੈਲਣ ਦੇ ਕੀ ਕਾਰਨ ਹਨ-**

1. ਸ਼ਹਿਰੀਕਰਨ 3. ਇੱਟਾਂ ਦੇ ਭੱਠੇ
2. ਘਟਦੇ ਜੰਗਲ 4. ਉਸਾਰੀ

a) 1, 2, 3, 4 c) 3, 4
b) 2, 3 d) 1, 2

**ਪ੍ਰਸ਼ਨ 32- ਸਹੀ ਕਥਨ ਚੁਣੋ-**

1. ਝਾੜੀਆਂ ਲਾ ਕੇ ਚੀਨ ਨੇ ਇਸ ਸਮੱਸਿਆ ਨੂੰ ਖ਼ਤਮ ਕਰ ਦਿੱਤਾ।
2. ਭਾਰਤ ਦੇ ਕੁਝ ਸ਼ਹਿਰਾਂ ਵਿੱਚ ਵਧੀ ਪੀਐੱਮ ਦੀ ਮਿਕਦਾਰ ਨੇ ਸਮੱਸਿਆ ਨੂੰ ਵਧਾ ਦਿੱਤਾ ਹੈ।

a) ਸਿਰਫ਼ 1 c) ਦੋਨੋਂ ਸਹੀ ਹਨ
b) ਸਿਰਫ਼ 2 d) ਕੋਈ ਨਹੀਂ

**Passages Set No. 2- Answer Key**

| Question No. | Answer | Question No. | Answer |
|---|---|---|---|
| 1. | c | 2. | c |
| 3. | b | 4. | a |
| 5. | c | 6. | b |
| 7. | d | 8. | d |
| 9. | b | 10. | a |
| 11. | b | 12. | b |
| 13. | c | 14. | c |
| 15. | b | 16. | c |
| 17. | c | 18. | d |
| 19. | c | 20. | a |
| 21. | d | 22. | d |
| 23. | b | 24. | c |
| 25. | c | 26. | c |
| 27. | a | 28. | b |
| 29. | b | 30. | b |
| 31. | d | 32. | a |

## ਅਭਿਆਸ ਨੰ: 3-

ਕ੍ਰੋਮੋਸੋਮ ਜੋੜਿਆਂ 'ਚ ਵਿਚਰ ਰਹੇ ਹਨ ਅਤੇ ਇਨ੍ਹਾਂ 'ਚ ਨਿਵਾਸ ਕਰ ਰਹੇ ਜੀਨ ਵੀ ਜੋੜਿਆਂ 'ਚ ਹੀ ਵਿਚਰ ਰਹੇ ਹਨ। ਜੋੜੇ ਦੇ ਦੋਵੇਂ ਨਹੀਂ, ਸਿਰਫ਼ ਇੱਕ ਕ੍ਰੋਮੋਸੋਮ ਸ਼ੁਕਰਾਣੂ ਜਾਂ ਅੰਡੇ ਦੇ ਹਿੱਸੇ ਆਉਂਦਾ ਹੈ ਅਤੇ ਜੀਨਾਂ ਪ੍ਰਤੀ ਵੀ ਇਹੋ ਸਥਿਤੀ ਹੈ। ਸ਼ੁਕਰਾਣੂ ਜਾਂ ਅੰਡੇ 'ਚ ਪ੍ਰਵੇਸ਼ ਕਰਨ ਲਈ ਜੋੜਿਆਂ 'ਚ ਜੁੜੇ ਕ੍ਰੋਮੋਸੋਮ ਜਦੋਂ ਇੱਕ ਦੂਜੇ ਨਾਲੋਂ ਵੱਖ ਹੋਣ ਲੱਗਦੇ ਹਨ ਤਾਂ ਇਹ ਆਪਸ 'ਚ ਕੁਝ ਜੀਨਾਂ ਦਾ ਇੱਕ ਦੂਜੇ ਨਾਲ ਵਟਾਂਦਰਾ ਕਰ ਲੈਂਦੇ ਹਨ। ਇਹ ਵਟਾਂਦਰਾ ਉਘੜ-ਦੁਘੜਾ ਹੁੰਦਾ ਹੈ ਜਿਸ ਦੇ ਫ਼ਲਸਰੂਪ ਕ੍ਰੋਮੋਸੋਮਾਂ ਵਿੱਚ ਜੀਨ ਵੀ ਇੱਧਰ-ਉੱਧਰ ਖਿੰਡ ਜਾਂਦੇ ਹਨ ਅਤੇ ਇਨ੍ਹਾਂ ਦੀ ਪਹਿਲੀ ਵਿਉਂਤ ਭੰਗ ਹੋ ਜਾਂਦੀ ਹੈ। ਜੀਨਾਂ ਦੀ ਵੰਨਗੀ ਅਤੇ ਵਿਉਂਤ 'ਚ ਬਦਲਾਓ ਆ ਜਾਣ ਕਾਰਨ ਕ੍ਰੋਮੋਸੋਮ ਵੀ ਪਹਿਲਾਂ ਜਿਹੇ ਨਹੀਂ ਰਹਿੰਦੇ, ਇਹ ਨਵਾਂ ਰੂਪ ਧਾਰਨ ਕਰ ਲੈਂਦੇ ਹਨ। ਸ਼ੁਕਰਾਣੂ ਅਤੇ ਅੰਡੇ ਦਾ ਮਿਲਾਪ ਹੋ ਜਾਣ ਉਪਰੰਤ, ਨਿਸ਼ੇਚੇ ਅੰਡੇ ਨੂੰ ਹੁਣ ਜਿਹੜੇ ਕ੍ਰੋਮੋਸੋਮ ਵਿਰਸੇ 'ਚ ਮਿਲਦੇ ਹਨ, ਉਹ ਮਾਂ ਅਤੇ ਪਿਓ ਦੇ ਕ੍ਰੋਮੋਸੋਮਾਂ ਨਾਲੋਂ ਕੁਝ ਕੁ ਵੱਖਰੇ ਹੁੰਦੇ ਹਨ। ਇਨ੍ਹਾਂ 'ਚ ਹੁਣ ਨਵੇਂ ਜੀਨ ਸੰਮਿਲਤ ਹੋ ਜਾਣ ਕਰਕੇ ਇਨ੍ਹਾਂ ਵਿੱਚ ਜੀਨ ਵੱਖਰੀ ਤਰਾਂ ਵਿਉਂਤਬੱਧ ਹੋ ਜਾਂਦੇ ਹਨ।

**ਪ੍ਰਸ਼ਨ 1- ਜੋੜਿਆਂ ਵਿੱਚ ਕਿਹੜੇ ਅੰਸ਼ ਵਿਚਰਦੇ ਹਨ?**

a) ਕ੍ਰੋਮੋਸੋਮ।
b) ਸ਼ੁਕਰਾਣੂ।
c) ਅੰਡੇ।
d) ਸੈੱਲ।

**ਪ੍ਰਸ਼ਨ 2- ਬੱਚੇ ਦੇ ਕ੍ਰੋਮੋਸੋਮ ਮਾਂ-ਬਾਪ ਦੇ ਕ੍ਰੋਮੋਸੋਮਾਂ ਤੋਂ ਵੱਖਰੇ ਕਿਉਂ ਹੁੰਦੇ ਹਨ?**

a) ਕਿਉਂਕਿ ਦੋਹਾਂ ਵੱਲੋਂ ਸਿਰਫ਼ ਇੱਕ-ਇੱਕ ਕ੍ਰੋਮੋਸੋਮ ਦਾ ਮਿਲਾਪ ਹੁੰਦਾ ਹੈ।
b) ਕਿਉਂਕਿ ਵਟਾਂਦਰਾ ਉਘੜ-ਦੁਘੜਾ ਹੈ।
c) ਜੀਨਾਂ ਦੀ ਬਦਲੀ ਵਿਉਂਤ ਅਤੇ ਸ਼ੁਕਰਾਣੂ ਤੇ ਅੰਡੇ ਦੇ ਮਿਲਾਪ ਕਾਰਨ।
d) ਨਵੇਂ ਜੀਨਾਂ ਦੇ ਪ੍ਰਵੇਸ਼ ਕਾਰਨ।

**ਪ੍ਰਸ਼ਨ 3- ਸਹੀ ਕਥਨ ਚੁਣੋ-**

1. ਕ੍ਰੋਮੋਸੋਮਾਂ ਵਿੱਚ ਜੀਨ ਜੋੜਿਆਂ ਵਿੱਚ ਵਿਚਰਦੇ ਹਨ।
2. ਵੱਖ ਹੋਣ ਵੇਲੇ ਕ੍ਰੋਮੋਸੋਮਾਂ ਵਿਚਕਾਰ ਜੀਨਾਂ ਦਾ ਵਟਾਂਦਰਾ ਹੋ ਜਾਂਦਾ ਹੈ।

a) ਸਿਰਫ਼ 1 c) ਦੋਵੇਂ
b) ਸਿਰਫ਼ 2 d) ਕੋਈ ਨਹੀਂ

ਬਚਪਨ ਤੋਂ ਹੀ ਮੇਰੇ ਦਿਲ ਵਿੱਚ ਜੋਤਸ਼ ਵਿੱਦਿਆ ਦੇ ਵਿਰੁੱਧ ਇੱਕ ਧਾਰਨਾ ਬਣ ਗਈ ਸੀ। ਇਸ ਦਾ ਕਾਰਨ ਇਹ ਸੀ ਕਿ ਮੈਂ ਬਹੁਤ ਸਾਰੇ ਲੋਕਾਂ ਨੂੰ ਜੋਤਸ਼ੀਆਂ ਉੱਪਰ ਅੰਨ੍ਹਾ ਵਿਸ਼ਵਾਸ ਕਰਦੇ ਦੇਖਿਆ। ਉਹ ਉਸੇ ਤਰ੍ਹਾਂ ਕਰਦੇ ਜਿਸ ਤਰ੍ਹਾਂ ਜੋਤਸ਼ੀ ਕਹਿੰਦੇ ਅਤੇ ਦੂਜਾ ਸਾਡੇ ਪਰਿਵਾਰਕ ਜੋਤਸ਼ੀ ਦੁਆਰਾ ਮੇਰੇ ਬਾਰੇ ਕੀਤੀ ਗਈ ਭਵਿੱਖਬਾਣੀ ਦੇ ਕਾਰਨ, "ਤੇਰੇ ਕੁਲ ਤਿੰਨ ਵਿਆਹ ਹੋਣਗੇ ਅਤੇ ਤੂੰ ਦੋ ਵਾਰ ਵਿਰੁੱਧ ਹੋ ਜਾਵੇਂਗਾ।" ਤਿੰਨ ਵਿਆਹਾਂ ਦੀਆਂ ਸੋਚਾਂ ਵਿੱਚ ਡੁੱਬਿਆ, ਮੈਂ ਇਹ ਮਹਿਸੂਸ ਕਰਦਾ ਰਹਿੰਦਾ, ਕਿ ਮੈਂ ਵਿਆਹਾਂ ਦੀ ਬੇਦੀ ਉੱਪਰ ਬਲੀ ਦੇਣ ਵਾਸਤੇ ਮੰਦਰ ਦੇ ਬਾਹਰ ਬੰਨ੍ਹਿਆ ਗਿਆ ਇੱਕ ਬੱਕਰਾ ਹਾਂ।

"ਹੁਣ ਚੰਗਾ ਇਹੀ ਹੈ, ਕਿ ਤੂੰ ਆਪਣੇ ਆਪ ਹੀ ਆਪਣੀ ਕਿਸਮਤ ਦੇ ਸਾਹਮਣੇ ਸਮਰਪਣ ਕਰ ਦੇ," ਮੇਰੇ ਵੱਡੇ ਭਰਾ ਅਨੰਤਦਾ ਨੇ ਮੈਨੂੰ ਕਿਹਾ। "ਤੇਰੀ ਜਨਮ ਪੱਤਰੀ ਵਿੱਚ ਲਿਖ ਰੱਖਿਆ ਹੈ, ਕਿ ਤੂੰ ਬਚਪਨ ਵਿੱਚ ਘਰੋਂ ਭੱਜ ਕੇ ਹਿਮਾਲਿਆ ਵੱਲ ਚਲਿਆ ਜਾਵੇਂਗਾ ਅਤੇ ਤੈਨੂੰ ਜ਼ਬਰਦਸਤੀ ਫੜ੍ਹ ਕੇ ਲਿਆਂਦਾ ਜਾਵੇਗਾ। ਉਹ ਗੱਲ ਤਾਂ ਸੱਚੀ ਹੋ ਗਈ। ਹੁਣ ਤੇਰੇ ਵਿਆਹਾਂ ਦੀ ਭਵਿੱਖਬਾਣੀ ਵੀ ਸੱਚ ਹੋ ਕੇ ਰਹੇਗੀ।"

ਇੱਕ ਰਾਤ ਮਨ ਵਿੱਚ ਇਹ ਅੰਤਰ ਗਿਆਨ ਸਪਸ਼ਟ ਤੌਰ 'ਤੇ ਉੱਭਰ ਕੇ ਆਇਆ, ਕਿ ਇਹ ਭਵਿੱਖਬਾਣੀ ਬਿਲਕੁਲ ਝੂਠੀ ਹੈ। ਮੈਂ ਆਪਣੀ ਜਨਮ ਪੱਤਰੀ ਜਲਾ ਕੇ ਰਾਖ ਕਰ ਦਿੱਤੀ।

**ਪ੍ਰਸ਼ਨ 4- ਲੇਖਕ ਬਚਪਨ ਤੋਂ ਹੀ ਜੋਤਿਸ਼ ਵਿੱਦਿਆ ਦੇ ਵਿਰੋਧ 'ਚ ਕਿਉਂ ਹੋ ਗਿਆ?**

a) ਕਿਉਂਕਿ ਲੇਖਕ ਫਸਿਆ ਹੋਇਆ ਮਹਿਸੂਸ ਕਰਦਾ ਸੀ।
b) ਕਿਉਂਕਿ ਲੇਖਕ ਬਾਰੇ ਕੀਤੀਆਂ ਭਵਿੱਖਬਾਣੀਆਂ ਨੂੰ ਉਹ ਗ਼ਲਤ ਸਾਬਿਤ ਕਰਨਾ ਚਾਹੁੰਦਾ ਸੀ।
c) ਕਿਉਂਕਿ ਪਰਿਵਾਰ ਦੇ ਸਾਰੇ ਮੈਂਬਰ ਜੋਤਸ਼ੀਆਂ ’ਤੇ ਅੰਨ੍ਹਾ ਵਿਸ਼ਵਾਸ ਕਰਦੇ ਸਨ।
d) ਉਪਰੋਕਤ ’ਚੋਂ ਕੋਈ ਨਹੀਂ।

**ਪ੍ਰਸ਼ਨ 5- ਲੇਖਕ ਦੁਆਰਾ ਆਪਣੀ ਜਨਮ ਪੱਤਰੀ ਜਲਾਉਣ ਦਾ ਕੀ ਕਾਰਨ ਸੀ?**

a) ਆਜ਼ਾਦੀ ਦੀ ਭਾਵਨਾ।
b) ਆਪਣੀ ਕਿਸਮਤ ਆਪ ਬਣਾਉਣ ਦੀ ਭਾਵਨਾ।
c) ਅੰਤਰ ਆਤਮਾ ਦੀ ਅਵਾਜ।
d) ਵਿਆਹ ਤੋਂ ਬਚਣਾ।

**ਪ੍ਰਸ਼ਨ 6- ਜਨਮ-ਪੱਤਰੀ ਅਨੁਸਾਰ ਕਿਹੜੀ ਗੱਲ ਸੱਚੀ ਹੋ ਗਈ ਸੀ।**

a) ਤਿੰਨ ਵਿਆਹ।
b) ਹਿਮਾਲਿਆ ਵੱਲੋਂ ਜ਼ਬਰਦਸਤੀ ਮੋੜ ਕੇ ਲਿਆਉਣਾ।
c) ਬਗ਼ਾਵਤੀ ਹੋਣਾ।
d) ਜੋਤਸ਼ ਵਿੱਚ ਵਿਸ਼ਵਾਸ ਕਰਨਾ।

“ਮਨ ਹੀ ਮਾਸ ਪੇਸ਼ੀਆਂ ਨੂੰ ਕੰਟਰੋਲ ਕਰਦਾ ਹੈ, ਜਿਸ ਤਰ੍ਹਾਂ ਹਥੌੜੇ ਦੀ ਸੱਟ ਦੀ ਸ਼ਕਤੀ, ਉਸ ਉੱਪਰ ਲਗਾਈ ਗਈ ਤਾਕਤ ’ਤੇ ਨਿਰਭਰ ਕਰਦੀ ਹੈ, ਉਸੇ ਤਰ੍ਹਾਂ ਹੀ ਮਨੁੱਖ ਦੀ ਸਰੀਰਕ ਸ਼ਕਤੀ ਦੀ ਅਭੀਵਿਅਕਤੀ ਵੀ, ਉਸ ਦੇ ਹਮਲਾਵਰ ਰੁਖ਼ ਅਤੇ ਹੌਸਲੇ ਉੱਪਰ ਨਿਰਭਰ ਕਰਦੀ ਹੈ। ਸ਼ਾਬਦਿਕ ਤੌਰ ’ਤੇ ਮਨ ਹੀ ਸਰੀਰ ਨੂੰ ਬਣਾਉਂਦਾ ਅਤੇ ਸੰਭਾਲਦਾ ਹੈ। ਪਿਛਲੇ ਜਨਮਾਂ ਦੇ ਸੰਸਕਾਰਾਂ ਦੇ ਪ੍ਰਭਾਵ, ਤਾਕਤ ਜਾਂ ਕਮਜ਼ੋਰੀ ਦੇ ਗੁਣ ਹੌਲੀ-ਹੌਲੀ ਆਦਮੀ ਦੀ ਚੇਤਨਾ ਵਿੱਚ ਪੈਦਾ ਹੋ ਜਾਂਦੇ ਹਨ, ਜਿਹੜੇ ਕਿ ਉਸ ਆਦਮੀ ਦੀਆਂ ਆਦਤਾਂ ਬਣ ਜਾਂਦੇ ਹਨ। ਉਹ ਆਦਤਾਂ ਇੱਛਿਤ ਅਤੇ ਅਣਇੱਛਿਤ ਸਰੀਰ ਵਿੱਚ ਬਦਲ ਜਾਂਦੀਆਂ ਹਨ। ਬਾਹਰੀ ਕਮਜ਼ੋਰੀ ਦੀ ਜੜ੍ਹ ਮਨ ਹੈ ਅਤੇ ਆਦਤਾਂ ਤੋਂ ਲਚਾਰ ਸਰੀਰ ਮਨ ਦੀ ਅਵੱਗਿਆ ਕਰਦਾ ਹੈ। ਇਸ ਤਰ੍ਹਾਂ ਇਹ ਕੁਚੱਕਰ ਚੱਲਦਾ ਰਹਿੰਦਾ ਹੈ। ਜੇ ਮਾਲਕ, ਨੌਕਰ ਦੇ ਹੁਕਮ ਦੀ ਪਾਲਣਾ ਕਰਨ ਲੱਗ ਜਾਵੇ, ਤਾਂ ਨੌਕਰ ਆਪ ਹੁਦਰਾ ਸ਼ਾਸਕ ਬਣ ਜਾਂਦਾ ਹੈ। ਇਸ ਤਰੀਕੇ ਨਾਲ ਮਨ ਵੀ ਸਰੀਰ ਦੇ ਹੁਕਮਾਂ ਦੀ ਪਾਲਣਾ ਕਰ ਕਰ ਕੇ, ਸਰੀਰ ਦਾ ਗ਼ੁਲਾਮ ਬਣ ਜਾਂਦਾ ਹੈ।

**ਪ੍ਰਸ਼ਨ 7- ਮਨੁੱਖ ਦੀਆਂ ਆਦਤਾਂ ਕਿਵੇਂ ਬਣਦੀਆਂ ਹਨ?**

a) ਵਾਰ-ਵਾਰ ਕਿਸੇ ਕੰਮ ਨੂੰ ਦੁਹਰਾਈ ਜਾਣ ਤੋਂ।
b) ਪਿਛਲੇ ਜਨਮਾਂ ਦੇ ਸੰਸਕਾਰਾਂ ਤੋਂ।
c) ਮਨ ਦੀਆਂ ਗਤੀਵਿਧੀਆਂ ਤੋਂ।
d) ਕਮਜ਼ੋਰ ਮਨ ਤੋਂ।

**ਪ੍ਰਸ਼ਨ 8- ਉਪਰੋਕਤ ਪੈਰੇ ਅਨੁਸਾਰ-**

1. ਮਨ ਸਰੀਰ ਨੂੰ ਨਿਯੰਤ੍ਰਿਤ ਕਰਨਾ ਹੈ।
2. ਆਦਮੀ ਦੀਆਂ ਆਦਤਾਂ ਉਸਦੀ ਚੇਤਨਤਾ ਦੇ ਪੱਧਰ ’ਤੇ ਨਿਰਭਰ ਕਰਦੀਆਂ ਹਨ।

**ਗ਼ਲਤ ਕਥਨ ਚੁਣੋ-**

a) ਸਿਰਫ਼ 1 c) ਦੋਵੇਂ
b) ਸਿਰਫ਼ 2 d) ਕੋਈ ਨਹੀਂ

ਕਿਸੇ ਵੀ ਹੋਰ ਵਿਗਿਆਨ ਦੀ ਤਰ੍ਹਾਂ ਯੋਗ ਵਿਗਿਆਨ ਕਿਸੇ ਵੀ ਦੇਸ਼ ਦੇ ਲੋਕਾਂ ਦੁਆਰਾ ਅਤੇ ਕਿਸੇ ਵੀ ਸਮੇਂ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਕੁਝ ਅਗਿਆਨੀ ਲੇਖਕਾਂ ਦਾ ਇਹ ਸਿਧਾਂਤ ਬਿਲਕੁਲ ਗ਼ਲਤ ਹੈ ਕਿ ਯੋਗ ਸਾਧਨਾ ਖਤਰਨਾਕ ਹੈ ਜਾਂ ਪੱਛਮੀ ਦੇਸ਼ਾਂ ਦੇ ਲੋਕਾਂ ਵਾਸਤੇ ਠੀਕ ਨਹੀਂ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਇਸ ਗ਼ਲਤ ਸਿਧਾਂਤ ਨੇ ਯੋਗ ਸਾਧਨਾ ਦੇ ਬਹੁਤ ਸਾਰੇ ਸੱਚੇ ਅਤੇ ਉਤਸੁਕ ਅਭਿਲਾਸ਼ੀਆਂ ਨੂੰ ਇਸ ਦੇ ਬਹੁ-ਮੁਖੀ ਲਾਭ ਪ੍ਰਾਪਤ ਕਰਨ ਤੋਂ ਵਾਂਝਾ ਰੱਖਿਆ ਹੈ।

ਯੋਗ ਸਾਧਨਾ ਵਿਚਾਰਾਂ ਦੀ ਸੁਭਾਵਿਕ ਵਿਆਕੁਲਤਾ ਨੂੰ ਸ਼ਾਂਤ ਕਰਨ ਦੀ ਇੱਕ ਤਕਨੀਕ ਹੈ। ਵਿਚਾਰਾਂ ਦੀ ਇਹ ਵਿਆਕੁਲਤਾ ਸਾਰੇ ਦੇਸ਼ਾਂ ਦੇ ਮਨੁੱਖਾਂ ਨੂੰ ਇੱਕੋ ਜਿਹੇ ਤਰੀਕੇ ਨਾਲ ਹੀ ਆਪਣੇ ਮੂਲ (ਪਰਮਾਤਮਾ ਦੀ) ਦੀ ਝਲਕ ਦੇਖਣ ਤੋਂ ਰੋਕਦੀ

ਹੈ। ਸੂਰਜ ਦੀਆਂ ਅਰੋਗਤਾਦਾਇਕ ਕਿਰਨਾਂ ਵਾਂਗ ਹੀ ਯੋਗ ਸਾਧਨਾ ਵੀ ਪੂਰਬੀ ਅਤੇ ਪੱਛਮੀ ਲੋਕਾਂ ਦੇ ਵਾਸਤੇ ਇੱਕੋ ਜਿਹੀ ਲਾਭਦਾਇਕ ਹੈ। ਬਹੁਤ ਸਾਰੇ ਲੋਕਾਂ ਦੇ ਵਿਚਾਰ ਅਸ਼ਾਂਤ ਅਤੇ ਚੰਚਲ ਹੁੰਦੇ ਹਨ। ਇਸ ਲਈ ਪ੍ਰਤੱਖ ਤੌਰ 'ਤੇ ਮਨ ਨੂੰ ਕੰਟਰੋਲ ਕਰਨ ਲਈ ਵਿਗਿਆਨਕ ਤਕਨੀਕ ਜਾਂ ਯੋਗ ਸਾਧਨਾ ਦੀ ਜ਼ਰੂਰਤ ਹੈ।

**ਪ੍ਰਸ਼ਨ 9- ਕੁਝ ਲੋਕਾਂ ਅਨੁਸਾਰ ਯੋਗ ਸਾਧਨਾ ਪੱਛਮੀ ਮੁਲਕਾਂ ਲਈ ਠੀਕ ਕਿਉਂ ਨਹੀਂ?**

a) ਕਿਉਂਕਿ ਇਸਨੇ ਉਨ੍ਹਾਂ ਨੂੰ ਬਹੁ-ਮੁਖੀ ਲਾਭ ਪ੍ਰਾਪਤ ਕਰਨ ਤੋਂ ਵਾਂਝਿਆਂ ਰੱਖਿਆ ਹੈ।
b) ਕਿਉਂਕਿ ਪੱਛਮੀ ਮੁਲਕ ਪਰਮਾਤਮਾ ਵਿੱਚ ਯਕੀਨ ਨਹੀਂ ਰੱਖਦੇ।
c) ਕਿਉਂਕਿ ਉਨ੍ਹਾਂ ਦੇ ਵਿਚਾਰ ਅਸ਼ਾਂਤ ਹੁੰਦੇ ਹਨ।
d) ਕੋਈ ਨਹੀਂ।

**ਪ੍ਰਸ਼ਨ 10- ਯੋਗ ਸਾਧਨਾ ਕੀ ਹੈ?**

a) ਇੱਕ ਵਿਗਿਆਨ ਹੈ।
b) ਵਿਚਾਰਾਂ ਦੇ ਨਿਯੰਤ੍ਰਣ ਲਈ ਤਕਨੀਕ ਹੈ।
c) ਸੂਰਜ ਦੀਆਂ ਕਿਰਨਾਂ ਵਾਂਗ ਅਰੋਗਤਾ ਪੈਦਾ ਕਰਨ ਦਾ ਸਾਧਨ ਹੈ।
d) ਵਿਗਿਆਨ ਹੈ ਜੋ ਕਿਸੇ ਦੁਆਰਾ ਵੀ ਵਰਤਿਆ ਜਾ ਸਕਦਾ ਹੈ।

**ਪ੍ਰਸ਼ਨ 11- ਵਿਚਾਰਾਂ ਦੀ ਵਿਆਕੁਲਤਾ ਨੂੰ ਸ਼ਾਂਤ ਕਿਉਂ ਕਰਨਾ ਹੈ?**

a) ਸਰੀਰ ਦੀ ਅਰੋਗਤਾ ਲਈ।
b) ਕਿਉਂਕਿ ਵਿਚਾਰ ਮਨੁੱਖ ਨੂੰ ਚੰਚਲ ਕਰਦੇ ਹਨ।
c) ਮਨ ਨੂੰ ਨਿਯੰਤ੍ਰਿਤ ਕਰਨ ਲਈ।
d) ਆਪਣੇ ਅਸਲ ਤੱਕ ਪਹੁੰਚਣ ਲਈ।

ਸਿਆਸਤਦਾਨ ਪਰਿਵਾਰ ਨਿਯੋਜਨ ਜਾਂ ਗਰਭਪਾਤ ਦੇ ਹੱਕ ਵਿੱਚ ਕੁਝ ਕਹਿਣੋ ਡਰਦੇ ਹਨ। ਕਿਉਂਕਿ ਉਹਨਾਂ ਦੀ ਦਿਲਚਸਪੀ ਇਸ ਗੱਲ ਵਿੱਚ ਨਹੀਂ ਕਿ ਦੇਸ਼ ਬਚਦਾ ਹੈ ਕਿ ਨਹੀਂ ਉਹ ਤਾਂ ਇਸ ਗੱਲ ਦਾ ਫਿਕਰ ਕਰਦੇ ਹਨ ਕਿ ਉਹਨਾਂ ਦੀ ਗੱਲ ਕਿਸੇ ਨੂੰ ਬੁਰੀ ਨਾ ਲੱਗੇ। ਲੋਕਾਂ ਦੀਆਂ ਆਪਣੀਆਂ ਪਹਿਲਾਂ ਤੋਂ ਮਿੱਥੀਆਂ ਧਾਰਨਾਵਾਂ ਹਨ। ਲੇਕਿਨ ਸਿਆਸਤਦਾਨ ਉਹਨਾਂ ਨੂੰ ਛੇੜਨਾ ਨਹੀਂ ਚਾਹੁੰਦੇ ਕਿਉਂਕਿ ਉਹਨਾਂ ਨੂੰ ਤਾਂ ਵੋਟ ਚਾਹੀਦੇ ਹਨ।

ਵਸੋਂ ਦਾ ਵਾਧਾ ਇੱਕ ਘੋਰ ਸਮੱਸਿਆ ਹੈ। ਸਾਰੇ ਧਰਮ ਸਿਖਾ ਰਹੇ ਹਨ: ਗਰੀਬਾਂ ਦੀ ਸੇਵਾ ਕਰੋ। ਪ੍ਰੰਤੂ ਕੋਈ ਵੀ ਧਰਮ ਗਰਭ-ਰੋਕੂ ਤਰੀਕੇ ਅਖਤਿਆਰ ਕਰਨ ਦੀ ਗੱਲ ਨਹੀਂ ਛੇੜਦਾ।

**ਪ੍ਰਸ਼ਨ 12- ਸਿਆਸਤਦਾਨ ਅਬਾਦੀ ਦੇ ਨਿਯੰਤ੍ਰਣ ਸੰਬੰਧੀ ਕੁਝ ਕਿਉਂ ਨਹੀਂ ਕਰਦੇ?**

a) ਲੋਕਾਂ ਦੀਆਂ ਧਾਰਨਾਵਾਂ ਦੇ ਵਿਰੋਧ ਵਿੱਚ ਨਹੀਂ ਜਾਣਾ ਚਾਹੁੰਦੇ।
b) ਅਬਾਦੀ ਲੋਕਾਂ ਦਾ ਨਿੱਜੀ ਮਸਲਾ ਹੈ।
c) ਸਿਆਸਤਦਾਨਾਂ ਨੂੰ ਵੋਟਾਂ ਨਾਲ ਮਤਲਬ ਹੈ।
d) ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੈ।

**ਪ੍ਰਸ਼ਨ 13- ਜਿਹੜਾ ਕਥਨ ਸਹੀ ਨਹੀਂ ਉਸ ਦੀ ਚੋਣ ਕਰੋ-**

1. ਧਰਮ ਸਿਖਾਉਂਦੇ ਹਨ ਕਿ ਗਰੀਬਾਂ ਦੀ ਸੇਵਾ ਕਰੋ।
2. ਲੋਕਾਂ ਦੀਆਂ ਪ੍ਰਚੱਲਿਤ ਧਾਰਨਾਵਾਂ ਦਾ ਵਿਰੋਧ ਕਰਨਾ ਲੋਕਾਂ ਨੂੰ ਨਾਰਾਜ਼ ਕਰਨਾ ਹੈ।

a) ਸਿਰਫ਼ 1      c) ਦੋਵੇਂ
b) ਸਿਰਫ਼ 2      d) ਕੋਈ ਨਹੀਂ

ਜਿਵੇਂ ਇੱਕ ਵਾਰ ਵਿਗਿਆਨੀਆਂ ਨੇ ਧਰਮ ਅਤੇ ਉਸ ਦੇ ਹਾਕਮਾਂ ਵਿਰੁੱਧ ਬਗ਼ਾਵਤ ਕੀਤੀ ਸੀ ਉਸੇ ਤਰ੍ਹਾਂ ਇੱਕ ਵਾਰ ਫੇਰ ਕਰਨਾ ਹੈ- ਸਿਆਸਤ ਦੇ ਹੁਕਮਾਂ ਦੇ ਖਿਲਾਫ਼। ਉਹਨਾਂ ਨੂੰ ਨਿਸ਼ਚਾ ਕਰ ਲੈਣਾ ਚਾਹੀਦਾ ਹੈ ਕਿ ਹੁਣ ਉਹ ਆਪਣਾ ਸ਼ੋਸ਼ਣ ਨਹੀਂ ਹੋਣ ਦੇਣਗੇ। ਹਰੇਕ ਥਾਂ ਉਹਨਾਂ ਦਾ ਸ਼ੋਸ਼ਣ ਹੋ ਰਿਹਾ ਹੈ। ਸਿਰਫ਼ ਝੂਠੇ ਸਨਮਾਨਾਂ ਅਤੇ ਨੋਬਲ ਪੁਰਸਕਾਰ ਵਰਗੇ ਵਿਅਰਥ ਦਿਲ ਬਹਿਲਾਵਿਆਂ ਲਈ ਉਹ ਪੂਰੀ ਇਨਸਾਨੀਅਤ ਦੀ ਬਲੀ ਦੇਣ ਨੂੰ ਤਿਆਰ ਹਨ। ਜਦੋਂ ਘਰ ਵਿੱਚ ਅੱਗ ਲੱਗ ਹੋਵੇ ਤਾਂ ਅੰਦਰ ਬਹਿ ਕੇ

ਖਿਡੌਣਿਆਂ ਨਾਲ ਨਹੀਂ ਖੇਡਿਆ ਕਰਦੇ ਬਲਕਿ ਬਾਹਰ ਨਿੱਕਲੀਦਾ ਹੈ। ਮੈਂ ਚਾਹੁੰਦਾ ਹਾਂ ਕਿ ਸਾਰੇ ਸਿਆਣੇ ਲੋਕ ਦੁਨੀਆਂ ਭਰ ਦੇ ਉਹਨਾਂ ਵਿਗਿਆਨੀਆਂ ਦੇ ਖ਼ਿਲਾਫ਼ ਹੰਗਾਮਾ ਖੜ੍ਹਾ ਕਰ ਦੇਣ ਜੋ ਜੰਗ ਦੇ ਦੀਵਾਨਿਆਂ ਦੀ ਸੇਵਾ ਕਰਕੇ ਯੁੱਧ-ਤੰਤਰ ਪੈਦਾ ਕਰ ਰਹੇ ਹਨ। ਇਹਨਾਂ ਵਿਗਿਆਨੀਆਂ ਦੇ ਖ਼ਿਲਾਫ਼ ਜਨਤਾ ਨੂੰ ਜਾਗਰੂਕ ਕਰਨਾ ਹੈ। ਸਿਆਸਤਦਾਨਾਂ ਦੇ ਨਾਲ ਉਹਨਾਂ ਦੀ ਗੰਢ-ਤੁੱਪ ਤੋੜਨੀ ਹੈ।

ਵਿਗਿਆਨੀਆਂ ਨੂੰ ਧਿਆਨ ਲਈ ਚੋਖੀ ਪ੍ਰੇਰਣਾ ਦੀ ਲੋੜ ਹੈ। ਤਾਂ ਹੀ ਉਹ ਦੇਖ ਸਕਣਗੇ ਕਿ ਜੋ ਕੁਝ ਉਹ ਕਰਦੇ ਹਨ ਉਹ ਮਨੁੱਖ ਜਾਤੀ ਦੇ ਭਵਿੱਖ ਲਈ ਘਾਤਕ ਹੈ। ਜਦੋਂ ਕਿ ਆਪਣੀ ਪ੍ਰਤਿਭਾ ਨੂੰ ਉਹ ਇਸ ਧਰਤੀ ਦੇ ਨਵੇਂ ਮਨੁੱਖ ਲਈ, ਉਸ ਦੇ ਬੱਚਿਆਂ ਲਈ ਅਤੇ ਅਗਲੀਆਂ ਨਸਲਾਂ ਲਈ ਸਵਰਗ ਵਿੱਚ ਬਦਲਣ ਵਾਸਤੇ ਵਰਤ ਸਕਦੇ ਹਨ।

**ਪ੍ਰਸ਼ਨ 14- ਲੇਖਕ ਅਨੁਸਾਰ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਕਿਉਂ ਹੈ?**

a) ਵਿਗਿਆਨੀਆਂ ਦਾ ਸ਼ੋਸ਼ਣ ਰੋਕਣ ਲਈ।
b) ਸਿਆਸਤਦਾਨਾਂ ਦੇ ਵਿਰੋਧ ਵਿੱਚ ਇੱਕ-ਜੁੱਟ ਹੋਣ ਲਈ।
c) ਵਿਗਿਆਨੀਆਂ ਨੂੰ ਮਨੁੱਖ ਜਾਤੀ ਦੇ ਭਵਿੱਖ ਲਈ ਪ੍ਰੇਰਿਤ ਕਰਨ ਵਾਸਤੇ।
d) ਵਿਗਿਆਨੀਆਂ ਨੂੰ ਯੁੱਧ-ਤੰਤਰ ਪੈਦਾ ਕਰਨ ਤੋਂ ਰੋਕਣ ਲਈ।

**ਪ੍ਰਸ਼ਨ 15- ਵਿਗਿਆਨੀਆਂ ਦਾ ਸ਼ੋਸ਼ਣ ਕੌਣ ਕਰ ਰਿਹਾ ਹੈ?**

a) ਝੂਠੇ ਸਨਮਾਨ।
b) ਰਾਜਨੀਤੀਵਾਨ।
c) ਵਿਗਿਆਨੀਆਂ ਦੇ ਲਾਲਚ।
d) ਧਰਮ।

**ਪ੍ਰਸ਼ਨ 16- ਵਿਗਿਆਨੀ ਸਿਆਸਤ ਵਿਰੁੱਧ ਬਗ਼ਾਵਤ ਕਿਉਂ ਕਰਨ, ਕਿਉਂਕਿ -**

a) ਸਿਆਸਤ ਉਨ੍ਹਾਂ ਨੂੰ ਜੰਗੀ ਸਾਮਾਨ ਤਿਆਰ ਕਰਨ ਲਈ ਮਜ਼ਬੂਰ ਕਰਦੀ ਹੈ।
b) ਝੂਠੇ ਸਨਮਾਨਾਂ ਰਾਹੀਂ ਲਾਲਚ ਦਿੰਦੀ ਹੈ।
c) ਸਿਆਸਤ ਤੋਂ ਵਧੀਆ ਕਾਰਜਾਂ ਦੀ ਉਮੀਦ ਨਹੀਂ।
d) ਅਗਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਸਵਰਗ ਬਣਾਉਣ ਵਾਸਤੇ।

ਵੱਖ-ਵੱਖ ਤਰ੍ਹਾਂ ਦੇ ਖਾਧ ਪਦਾਰਥ ਮਾਰਕੀਟ ਵਿੱਚ ਵੇਚਣ ਵਾਲੀਆਂ 48 ਫਰਮਾਂ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਹੈ ਕਿ ਅਜਿਹਾ ਕੋਈ ਵੀ ਟਰੇਡ ਮਾਰਕਾ ਮਾਲਕ ਵੇਚੇ ਗਏ ਖਾਧ ਪਦਾਰਥਾਂ ਦੀ ਵਰਤੋਂ ਤੋਂ ਬਾਅਦ ਲਿਫ਼ਾਫ਼ੇ ਮੁੜ ਪ੍ਰਾਪਤ ਕਰਕੇ ਇਹਨਾਂ ਦੇ ਵਿਗਿਆਨਕ ਨਿਪਟਾਰੇ ਦੀ ਵਿਵਸਥਾ ਤਿਆਰ ਕਰੇਗਾ। ਉਨ੍ਹਾਂ ਦੀ ਪੈਦਾਇਸ਼ ਦੇ ਹਿਸਾਬ ਨਾਲ ਇਨ੍ਹਾਂ ਮਲਟੀਲੇਅਰ ਲਿਫ਼ਾਫ਼ਿਆਂ ਦੀ ਕੀਮਤ ਉਗਰਾਹੁਣ ਲਈ ਇੱਕ ਐੱਸ.ਪੀ.ਵੀ. ਬਣਾਈ ਗਈ। ਇਹਨਾਂ ਮਲਟੀਲੇਅਰ ਲਿਫ਼ਾਫ਼ਿਆਂ ਵਿੱਚ ਪ੍ਰਮੁੱਖ ਤੌਰ ’ਤੇ ਪਾਲੀਪ੍ਰੋਪਾਈਲੀਨ ਹੁੰਦੀ ਹੈ ਅਤੇ ਚਮਕ ਦੇਣ ਲਈ ਇਸ ’ਤੇ ਐਲੂਮੀਨੀਅਮ ਦੀ ਪਰਤ ਚਾੜ੍ਹੀ ਹੁੰਦੀ ਹੈ। ਪਾਇਰੋਲਿਸਿਜ਼ ਕਿਰਿਆ ਰਾਹੀਂ ਪਟਿਆਲਾ ਦੇ ਇੱਕ ਪਾਇਰੋਲਿਸਿਜ਼ ਪਲਾਂਟ ਨੇ ਇਨ੍ਹਾਂ ਲਿਫ਼ਾਫ਼ਿਆਂ ਨੂੰ ਆਕਸੀਜਨ ਦੀ ਅਣਹੋਂਦ ਵਿੱਚ 2700-3000 ਡਿਗਰੀ ਸੈਂਟੀਗਰੇਡ ’ਤੇ ਤਾਪ ਵਿਘਟਨ ਰਾਹੀਂ ਤੋੜ ਕੇ ਪਾਇਰੋ ਆਇਲ ਤਿਆਰ ਕੀਤਾ। ਇਸ ਦੀ ਕੀਮਤ ਵੀ ਆਮ ਤੇਲ ਨਾਲੋਂ ਬਹੁਤ ਘੱਟ ਨਿੱਕਲੀ ਹੈ। ਇਸ ਪਾਇਰੋ ਆਇਲ ਨੂੰ ਹੁਣ ਗੋਬਿੰਦਗੜ੍ਹ ਦੀ ਇੱਕ ਫਰਮ ਕਿਸਕੋ ਕਾਸਟਿੰਗ ਵਿੱਚ ਟਰਾਇਲ ਦੇ ਤੌਰ ’ਤੇ ਸਫ਼ਲਤਾ ਪੂਰਬਕ ਵਰਤਿਆ ਜਾ ਰਿਹਾ ਹੈ ਜਿਸ ਤੋਂ ਉਤਸ਼ਾਹਿਤ ਹੋ ਕੇ ਪੰਜਾਬ ਦੀਆਂ ਦੋ ਫਰਮਾਂ ਨੇ ਲਿਫ਼ਾਫ਼ਿਆਂ ਤੋਂ ਅਜਿਹਾ ਤੇਲ ਬਣਾਉਣ ਦਾ ਉੱਦਮ ਕਰਨ ਦੀ ਇੱਛਾ ਪ੍ਰਗਟਾਈ ਹੈ।

ਇਸ ਰਾਹੀਂ ਪੰਜਾਬ ਦੇ ਟਰੇਡ ਮਾਰਕਾ ਪ੍ਰਬੰਧਕਾਂ ਨੂੰ ਉਹਨਾਂ ਦੀ ਜ਼ਿੰਮੇਵਾਰੀ ਤੋਂ ਜਾਣੂ ਕਰਾਇਆ ਕਿ ਉਹਨਾਂ ਦਾ ਕੰਮ ਮਾਲ ਵੇਚ ਕੇ ਲੋਕਾਂ ਤੋਂ ਮੁਨਾਫ਼ਾ ਕਮਾਉਣਾ ਨਹੀਂ, ਬਲਕਿ ਇਸ ਮੁਨਾਫ਼ੇ ਦਾ ਵੱਡਾ ਹਿੱਸਾ ਉਨ੍ਹਾਂ ਵੱਲੋਂ ਫੈਲਾਏ ਪਲਾਸਟਿਕ ਦੇ ਕਚਰੇ ਨੂੰ ਮੁੜ ਇਕੱਠਾ ਕਰਕੇ ਨਿਪਟਾਉਣਾ ਵੀ ਹੈ।

**ਪ੍ਰਸ਼ਨ 17- ਜਿਹੜੇ ਕਥਨ ਸਹੀ ਨਹੀਂ ਹਨ, ਉਨ੍ਹਾਂ ਦੀ ਚੋਣ ਕਰੋ-**

1. ਮਾਰਕੀਟ ਵਿੱਚ ਖਾਧ ਪਦਾਰਥ ਵੇਚਣ ਵਾਲੀਆਂ ਫਰਮਾਂ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਗਈ ਹੈ।
2. ਖਾਧ ਪਦਾਰਥਾਂ ਦੀ ਵਰਤੋਂ ਤੋਂ ਬਾਅਦ ਪੈਕਿੰਗ ਵਾਲੇ ਲਿਫ਼ਾਫ਼ਿਆਂ ਦਾ ਵਿਗਿਆਨਕ ਨਿਪਟਾਰਾ ਕਰਨ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਗਈ ਹੈ।

a) ਸਿਰਫ਼ 1 c) ਦੋਵੇਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 18- ਕਿਹੜੇ ਯਤਨ ਕੀਤੇ ਜਾ ਰਹੇ ਹਨ-**

a) ਮਲਟੀਲੇਅਰ ਲਿਫ਼ਾਫ਼ੇ ਇਕੱਠੇ ਕਰਨ ਲਈ ਐੱਸ.ਪੀ.ਵੀ. ਬਣਾਈ ਗਈ।
b) ਖਾਧ ਪਦਾਰਥ ਬਣਾਉਣ ਵਾਲੀਆਂ ਫਰਮਾਂ ਨੂੰ ਜ਼ਿੰਮੇਵਾਰੀ ਦਿੱਤੀ ਗਈ।
c) ਲਿਫ਼ਾਫ਼ਿਆਂ ਦੇ ਵਿਘਟਨ ਰਾਹੀਂ ਤੇਲ ਤਿਆਰ ਕੀਤਾ ਗਿਆ।
d) ਲਿਫ਼ਾਫ਼ਿਆਂ ਦੇ ਵਿਗਿਆਨਕ ਨਿਪਟਾਰੇ ਦੀ ਵਿਵਸਥਾ ਤਿਆਰ ਕੀਤੀ ਗਈ।

**ਪ੍ਰਸ਼ਨ 19- ਦਿੱਤੇ ਪੈਰੇ ਅਨੁਸਾਰ-**

a) ਪਾਲੀਪ੍ਰੋਪਾਈਲੀਨ ਅਤੇ ਐਲੂਮੀਨੀਅਨ ਦੀ ਹੀ ਵਰਤੋਂ ਨਾਲ ਇਹ ਲਿਫ਼ਾਫ਼ੇ ਬਣਦੇ ਹਨ।
b) ਪਾਲੀਪ੍ਰੋਪਾਈਲੀਨ ਦੇ ਵਿਘਟਨ ਰਾਹੀਂ ਪਾਇਰੋ ਆਇਲ ਤਿਆਰ ਕੀਤਾ ਜਾਂਦਾ ਹੈ।
c) ਇਸ ਯਤਨ ਤਹਿਤ ਸਿਰਫ਼ ਟਰੇਡ ਮਾਰਕਾ ਕੰਪਨੀਆਂ ਨੂੰ ਹੀ ਸ਼ਾਮਿਲ ਕੀਤਾ ਗਿਆ ਹੈ।
d) ਟਰੇਡ ਮਾਰਕਾ ਪ੍ਰਬੰਧਕਾਂ ਦੁਆਰਾ ਕਮਾਏ ਮੁਨਾਫ਼ੇ ਦਾ ਵੱਡਾ ਹਿੱਸਾ ਕਚਰੇ ਨੂੰ ਮੁੜ ਇਕੱਠਾ ਕਰਨ 'ਚ ਲੱਗੇਗਾ।

ਜੇ ਅਸੀਂ ਭਵਿੱਖ ਦੀਆਂ ਸਮੱਸਿਆਵਾਂ ਦਾ ਹੱਲ ਲੱਭ ਕੇ ਉਹਨਾਂ ਨੂੰ ਦੂਰ ਕਰਨਾ ਹੈ ਤਾਂ ਸਾਨੂੰ ਉਹਨਾਂ ਦੀਆਂ ਜੜ੍ਹਾਂ ਬੀਤੇ 'ਚੋਂ ਤਲਾਸ਼ਣੀਆਂ ਪੈਣੀਆਂ ਹਨ। ਇਹ ਵੱਖੋ ਵੱਖਰੇ ਰੂਪਾਂ ਵਿੱਚ ਸਾਡਾ ਸਮੁੱਚਾ ਅਤੀਤ ਹੀ ਹੈ ਜਿਸ ਨੇ ਇਸ ਖ਼ਤਰਨਾਕ ਸਥਿਤੀ ਨੂੰ ਜਨਮ ਦਿੱਤਾ ਹੈ। ਪ੍ਰੰਤੂ ਇਸ ਬਾਰੇ ਕੋਈ ਗੱਲ ਹੀ ਨਹੀਂ ਛੂੰਹਦਾ ਕਿਉਂਕਿ ਇਸਤੋਂ ਪਹਿਲਾਂ ਕਿਸੇ ਵੀ ਪੀੜ੍ਹੀ ਨੇ ਭਵਿੱਖ ਦੀ ਚਿੰਤਾ ਨਹੀਂ ਕੀਤੀ ਸੀ। ਹਜ਼ਾਰਾਂ ਸਾਲਾਂ ਤੱਕ ਮਨੁੱਖ ਆਪ ਹੁਦਰੇ ਢੰਗ ਨਾਲ ਜਿਊਂਦਾ ਰਿਹਾ ਹੈ ਅਤੇ ਉਸ ਨੇ ਅਗਲੀ ਪੀੜ੍ਹੀ ਨੂੰ ਵੀ ਆਪ-ਮੁਹਾਰੇ ਚੱਲਣ ਲਈ ਬੇਬਸ ਕੀਤਾ। ਪਰ ਹੁਣ ਅਗਾਂਹ ਤੋਂ ਇਹ ਸੰਭਵ ਨਹੀਂ।

ਸਾਨੂੰ ਤਾਂ ਇੱਕ ਦਮ ਇਸ ਪਿੜ ਵਿੱਚ ਕੁੱਦਣਾ ਪੈਣਾ ਹੈ ਅਤੇ ਨਵੀਂ ਪੀੜ੍ਹੀ ਨੂੰ ਦੱਸਣਾ ਹੈ ਕਿ ਜਿਸ ਤਰ੍ਹਾਂ ਅਸੀਂ ਜ਼ਿੰਦਾ ਰਹੇ ਹਾਂ ਉਸ ਤਰ੍ਹਾਂ ਉਹ ਨਾ ਜਿਊਣ। ਸਿਰਫ਼ ਤਦ ਹੀ ਭਵਿੱਖ ਬਦਲ ਸਕਦਾ ਹੈ।

**ਪ੍ਰਸ਼ਨ 20- ਅੱਜ ਦੀ ਖ਼ਤਰਨਾਕ ਸਥਿਤੀ ਲਈ ਜ਼ਿੰਮੇਵਾਰ ਕੀ ਹੈ?**

a) ਸਾਡਾ ਪੂਰਾ ਅਤੀਤ।
b) ਬੀਤੇ ਦੀਆਂ ਜੜ੍ਹਾਂ।
c) ਭਵਿੱਖ ਪ੍ਰਤੀ ਅਣਗਹਿਲੀ ਨਾਲ ਜਿਊਂਦੀਆਂ ਰਹੀਆਂ ਪੀੜ੍ਹੀਆਂ।
d) ਚੁੱਪ ਦਾ ਸੱਭਿਆਚਾਰ।

**ਪ੍ਰਸ਼ਨ 21- ਭਵਿੱਖ ਦੀਆਂ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਾਂ-**

a) ਬੀਤੇ ਦਾ ਅਧਿਐਨ ਕਰਕੇ।
b) ਨਵੀਂ ਪੀੜ੍ਹੀ ਦਾ ਜਿਊਣ ਢੰਗ ਬਦਲ ਕੇ।
c) ਨਵੀਂ ਪੀੜ੍ਹੀ ਦੇ ਭਵਿੱਖ ਦੀ ਚਿੰਤਾ ਕਰਕੇ।
d) ਉਪਰੋਕਤ 'ਚੋਂ ਕੋਈ ਨਹੀਂ।

ਅਸੀਂ ਜੋ ਕਾਰਬਨਡਾਈਆਕਸਾਈਡ ਛੱਡਦੇ ਹਾਂ ਉਸ ਨੂੰ ਇਹ ਜੰਗਲ ਪੀ ਜਾਂਦੇ ਹਨ। ਵਾਯੂਮੰਡਲ ਵਿੱਚ ਕਾਰਬਨਡਾਈਆਕਸਾਈਡ ਦੀ ਇੱਕ ਮੋਟੀ ਤਹਿ ਜੰਮ ਰਹੀ ਹੈ ਅਤੇ ਉਸ ਦੇ ਕਾਰਨ ਵਾਤਾਵਰਨ ਦਾ ਤਾਪਮਾਨ ਵਧਦਾ ਹੈ। ਜੇ ਤਾਪਮਾਨ ਵਧਦਾ ਹੀ ਗਿਆ ਤਾਂ ਮੁਮਕਿਨ ਹੈ ਕਿ ਹਿਮਾਲਿਆ ਦੀ

ਪ੍ਰਾਚੀਨ ਬਰਫ਼ ਪਿਘਲਣ ਲੱਗੇ। ਇੰਞ ਸਮੁੱਚੇ ਅਤੀਤ ਵਿੱਚ ਕਦੇ ਨਹੀਂ ਹੋਇਆ। ਪਰ ਜੇ ਇਸ ਤਰ੍ਹਾਂ ਹੋ ਗਿਆ ਤਾਂ ਸਮੁੰਦਰ 20 ਫੁੱਟ ਉੱਚਾ ਉੱਠ ਜਾਵੇਗਾ ਅਤੇ ਕਿਨਾਰੇ ਦੇ ਸਾਰੇ ਸ਼ਹਿਰਾਂ ਨੂੰ ਲੈ ਡੁੱਬੇਗਾ ਜਿਵੇਂ ਨਿਊਯਾਰਕ, ਲੰਡਨ, ਸਾਨਫਰਾਂਸਿਸਕੋ, ਐਮਸਟਰਡਮ, ਬੰਬਈ ਤੇ ਕਲਕੱਤਾ।

ਹਾਲੇ ਸੰਯੁਕਤ ਰਾਸ਼ਟਰ ਸੰਘ ਦੀ ਰਿਪੋਟ ਕਹਿੰਦੀ ਹੈ ਕਿ ਹਰ ਸਾਲ ਸੱਠ ਲੱਖ ਹੈਕਟੇਅਰ ਵਾਹੀਯੋਗ ਅਤੇ ਚਾਰੇ ਵਾਲੀ ਜ਼ਮੀਨ ਬੰਜਰ ਹੋ ਰਹੀ ਹੈ ਅਤੇ ਹਰ ਸਾਲ ਦੋ ਕਰੋੜ ਹੈਕਟੇਅਰ ਦੀ ਉਤਪਾਦਕਤਾ ਜ਼ੀਰੋ ਹੋ ਰਹੀ ਹੈ। ਹਰ ਸਾਲ ਸੈਂਕੜੇ ਬੂਟਿਆਂ ਅਤੇ ਜਨੌਰਾਂ ਦੀਆਂ ਨਸਲਾਂ ਅਲੋਪ ਹੁੰਦੀਆਂ ਜਾ ਰਹੀਆਂ ਹਨ। ਇਹ ਗਿਣਤੀ ਆਸਾਨੀ ਨਾਲ ਹਜ਼ਾਰਾਂ ਵਿੱਚ ਬਦਲ ਸਕਦੀ ਹੈ ਕਿਉਂਕਿ ਜੰਗਲ ਅਤੇ ਚਰਗਾਹਾਂ ਗਾਇਬ ਹੋ ਰਹੀਆਂ ਹਨ।

**ਪ੍ਰਸ਼ਨ 22- ਸਹੀ ਕਥਨ ਦੀ ਚੋਣ ਕਰੋ-**

1. ਸੰਯੁਕਤ ਰਾਸ਼ਟਰ ਸੰਘ ਅਨੁਸਾਰ ਪ੍ਰਤੀ ਸਾਲ 60 ਲੱਖ ਹੈਕਟੇਅਰ ਜ਼ਮੀਨ ਬੰਜਰ ਹੋ ਰਹੀ ਹੈ।
2. ਵਧਦੇ ਤਾਪਮਾਨ ਨੇ ਹਿਮਾਲਿਆ ਦੀ ਬਰਫ਼ ਪਿਘਲਾ ਦੇਣੀ ਹੈ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 23- ਸਹੀ ਕਥਨ ਦੀ ਚੋਣ ਕਰੋ-**

1. ਭਵਿੱਖ ਦੇ 12 ਸਾਲਾਂ ਵਿੱਚ ਦੁਨੀਆਂ ਦੀ ਅਬਾਦੀ ਪੰਜ ਅਰਬ ਤੋਂ ਵਧ ਕੇ ਸੱਤ ਅਰਬ ਹੋ ਜਾਵੇਗੀ।
2. ਮਨੁੱਖ ਦੁਆਰਾ ਪੈਦਾ ਕੀਤੀ ਕਾਰਬਨਡਾਈਆਕਸਾਈਡ ਨੂੰ ਜੰਗਲ ਸੋਖ ਲੈਂਦੇ ਹਨ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

ਸਿਆਸਤਦਾਨ ਮਹਿਜ਼ ਇੱਕ ਹੰਕਾਰੀ ਜੀਵ ਹੁੰਦਾ ਹੈ ਜੋ ਅੰਦਰੋਂ ਹੀਣਤਾ ਦੇ ਅਹਿਸਾਸ ਦਾ ਮਾਰਿਆ ਹੁੰਦਾ ਹੈ। ਆਪਣੀ ਹੀਣਤਾ ਦੇ ਅਹਿਸਾਸ ਨੂੰ ਭੁੱਲਣ ਲਈ ਹੀ ਉਹ ਕੁਝ ਬਣਨਾ ਲੋਚਦਾ ਹੈ। ਸੱਤਾ ਉਹਨੂੰ ਇਹ ਮੌਕਾ ਦਿੰਦੀ ਹੈ ਉਹ ਦੇਖ ਸਕੇ ਕਿ ਲੱਖਾਂ ਲੋਕ ਉਸ ਦੇ ਇਸ਼ਾਰੇ ’ਤੇ ਚੱਲਦੇ ਹਨ। ਉਹ ਆਪਣੇ ਆਪ ਨੂੰ ਤਸੱਲੀ ਦੇ ਸਕਦਾ ਹੈ- ਇਹ ਸੋਚ ਕੇ ਕਿ ਮੈਂ ਮਾੜਾ-ਧੀੜਾ ਨਹੀਂ, ਕੁਝ ਖ਼ਾਸ ਹਾਂ। ਉਸੇ ਢੰਗ ਨਾਲ ਉਹ ਆਚਾਰ-ਵਿਹਾਰ ਕਰਦਾ ਹੈ। ਸੱਤਾ ਦੀ ਦੁਰਵਰਤੋਂ ਕਰਨ ਲੱਗਦਾ ਹੈ। ਇੱਕ ਵਾਰ ਤਾਕਤ ਵਿੱਚ ਆ ਕੇ ਉਹ ਇਸਨੂੰ ਹੱਥੋਂ ਛੱਡਣਾ ਨਹੀਂ ਚਾਹੁੰਦਾ। ਉਹ ਜਾਣਦਾ ਹੈ ਗੱਦੀਓਂ ਲਹਿ ਕੇ ਫੇਰ ਉਸ ਨੂੰ ਹੀਣਤਾ ਦੇ ਅਹਿਸਾਸ ਦਾ ਸਾਹਮਣਾ ਕਰਨਾ ਪਵੇਗਾ ਅਤੇ ਤਾਕਤ ਇਹੋ ਜਿਹੇ ਲੋਕਾਂ ਦੇ ਹੱਥਾਂ ਵਿੱਚ ਹੀ ਤਾਂ ਹੈ। ਕੋਈ ਸਿਰ-ਫਿਰਿਆ ਇੱਕ ਬਟਨ ਦੱਬ ਕੇ ਪੂਰੀ ਮਨੁੱਖਤਾ ਨੂੰ, ਬਲਕਿ ਧਰਤੀ ਦੇ ਸਮੁੱਚੇ ਜੀਵਨ ਨੂੰ ਤਬਾਹ ਕਰ ਸਕਦਾ ਹੈ।

ਸੋ ਸੰਯੁਕਤ ਰਾਸ਼ਟਰ ਸੰਘ ਨੂੰ ਇੱਕ ਸੰਸਾਰੀ ਰਾਜ ਪ੍ਰਬੰਧ ਵਿੱਚ ਬਦਲ ਦੇਣਾ ਹੀ ਸਾਡੇ ਹਿੱਤ ਵਿੱਚ ਹੈ। ਸਾਰੇ ਰਾਸ਼ਟਰਾਂ ਨੂੰ ਚਾਹੀਦਾ ਹੈ ਕਿ ਆਪਣੀਆਂ ਫ਼ੌਜਾਂ ਅਤੇ ਹਥਿਆਰ ਇਸ ਨੂੰ ਸੌਂਪ ਦੇਣ। ਹਥਿਆਰ ਬਣਾਉਣ ਵਾਲੀ ਤਕਨੀਕ ਦੀ ਉਸਾਰੂ ਕੰਮਾਂ ਵਿੱਚ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਫ਼ੌਜਾਂ ਦੇ ਲੱਖਾਂ ਲੋਕਾਂ ਨੂੰ ਉਸਾਰੂ ਕੰਮਾਂ ਲਈ ਆਜ਼ਾਦ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 24- ਸਿਆਸਤਦਾਨ ਤਾਕਤ ਛੱਡਣਾ ਕਿਉਂ ਨਹੀਂ ਚਾਹੁੰਦਾ?**

a) ਤਾਕਤ ਦੀ ਦੁਰਵਰਤੋਂ ਕਾਰਨ।
b) ਨਿੱਜੀ ਤਸੱਲੀ ਕਾਰਨ।
c) ਹੀਣਤਾ ਦੇ ਅਹਿਸਾਸ ਤੋਂ ਬਚਣ ਲਈ।
d) ਤਾਕਤ ਆਪਣੇ ਹੱਥ ’ਚ ਰੱਖਣ ਲਈ।

**ਪ੍ਰਸ਼ਨ 25- ਪੂਰੇ ਸੰਸਾਰ ਦੀ ਬੇਹਤਰੀ ਲਈ ਕੀ ਹੋਣਾ ਚਾਹੀਦਾ ਹੈ?**

a) ਸੰਸਾਰੀ ਰਾਜ ਪ੍ਰਬੰਧ।
b) ਸੰਯੁਕਤ ਰਾਜ ਪ੍ਰਬੰਧ।
c) ਫ਼ੌਜਾਂ ਦਾ ਖ਼ਾਤਮਾ।
d) ਉਸਾਰੂ ਤਕਨਾਲੋਜੀ।

**Passages Set No. 3- Answer Key**

| Question No. | Answer | Question No. | Answer |
|---|---|---|---|
| 1. | a | 2. | c |
| 3. | c | 4. | d |
| 5. | c | 6. | b |
| 7. | b | 8. | d |
| 9. | d | 10. | b |
| 11. | d | 12. | a |
| 13. | d | 14. | d |
| 15. | b | 16. | b |
| 17. | b | 18. | c |
| 19. | c | 20. | c |
| 21. | b | 22. | a |
| 23. | b | 24. | c |
| 25. | a | | |

## ਅਭਿਆਸ ਨੰ: 4-

ਤੁਸੀਂ ਖੋਜ ਦੇ ਮਾਰਗ 'ਤੇ ਨਹੀਂ ਤੁਰਨਾ ਚਾਹੁੰਦੇ ਕਿਉਂਕਿ ਉਹ ਔਕੜਾਂ ਭਰਿਆ ਹੈ। ਉਸ ਦੇ ਲਈ ਤੁਹਾਨੂੰ ਕਈ ਅੰਧਵਿਸ਼ਵਾਸ ਛੱਡਣੇ ਪੈਣਗੇ। ਆਪਣੇ ਅੰਦਰਲੇ ਅਨੇਕ ਸੰਸਕਾਰਾਂ ਨੂੰ ਚੂਰ-ਚੂਰ ਕਰਨਾ ਪਵੇਗਾ ਜੋ ਤੁਹਾਡੇ ਸਚਾਈ ਦੇ ਮਾਰਗ ਦਾ ਰੋੜਾ ਹਨ। ਕੋਈ ਵਿਸ਼ਵਾਸ ਕੰਮ ਨਹੀਂ ਆਵੇਗਾ ਅਤੇ ਸਾਰੇ ਧਰਮ ਵਿਸ਼ਵਾਸ 'ਤੇ ਟਿਕੇ ਹਨ।

ਸੱਚ ਖੋਜ ਹੈ, ਵਿਸ਼ਵਾਸ ਨਹੀਂ। ਇਹ ਇੱਕ ਪ੍ਰਸ਼ਨ ਹੈ, ਇੱਕ ਤਲਾਸ਼ ਹੈ। ਇਸ ਖੋਜ ਤੋਂ ਕੰਨੀ ਕਤਰਾਉਣ ਲਈ ਤੁਸੀਂ ਆਸਾਨੀ ਨਾਲ ਕਿਸੇ ਦੀਆਂ ਵੀ ਗੱਲਾਂ ਵਿੱਚ ਆ ਜਾਂਦੇ ਹੋ। ਤੁਸੀਂ ਉਸ ਦੇ ਸ਼ਿਕਾਰ ਹੋ ਜੋ ਤੁਹਾਨੂੰ ਲੁੱਟਣ ਲਈ ਜਾਲ ਵਿਛਾਈ ਬੈਠਾ ਹੈ।

ਕੁਦਰਤੀ ਤੌਰ 'ਤੇ ਭੀੜ ਆਰਾਮਦੇਹ ਲੱਗਦੀ ਹੈ। 60 ਕਰੋੜ ਕੈਥੋਲਿਕ ਹਨ। ਚੰਗਾ ਲੱਗਦਾ ਹੈ ਅਤੇ ਇਸ ਤਰ੍ਹਾਂ ਲੱਗਦਾ ਹੈ ਕਿ 60 ਕਰੋੜ ਗ਼ਲਤ ਨਹੀਂ ਹੋ ਸਕਦੇ। ਤੁਸੀਂ ਗ਼ਲਤ ਹੋ ਸਕਦੇ ਹੋ ਪਰ ਐਨੇ ਲੋਕ ਗ਼ਲਤ ਨਹੀਂ ਹੋ ਸਕਦੇ ਹਨ। ਪਰ 60 ਕਰੋੜ 'ਚੋਂ ਹਰੇਕ ਆਦਮੀ ਇਸੇ ਤਰ੍ਹਾਂ ਸੋਚ ਰਿਹਾ ਹੈ।

**ਪ੍ਰਸ਼ਨ 1- ਉਪਰੋਕਤ ਪੈਰੇ ਅਨੁਸਾਰ-**

1. ਸੱਚ ਖੋਜ 'ਤੇ ਆਧਾਰਿਤ ਹੈ ਅਤੇ ਧਰਮ ਵਿਸ਼ਵਾਸ 'ਤੇ।
2. ਖੋਜ ਔਕੜਾਂ ਭਰੀ ਹੈ ਅਤੇ ਵਿਸ਼ਵਾਸ ਆਰਾਮਦਾਇਕ।

**ਸਹੀ ਕਥਨ ਕੀ ਹੈ-**

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 2- ਖੋਜ ਦਾ ਮਾਰਗ ਔਕੜਾਂ ਭਰਿਆ ਕਿਉਂ ਹੈ, ਕਿਉਂਕਿ-**

1. ਆਪਣੇ ਸੰਸਕਾਰ ਤੋੜਨੇ ਪੈਣਗੇ।
2. ਕੋਈ ਵਿਸ਼ਵਾਸ ਸਹਾਇਤਾ ਨਹੀਂ ਕਰੇਗਾ।
3. ਖੋਜ ਸੱਚ ਹੈ।
4. ਧਰਮ ਦੇ ਵਿਸ਼ਵਾਸ ਸਾਹਮਣੇ ਆਉਂਦੇ ਹਨ।

a) 1,2 c) 1,2,4
b) 1,2,3 d) 1,2,3,4

ਬੀਤੇ ਸਮੇਂ ਦੌਰਾਨ ਜੋ ਸਿੱਖਿਆ ਪ੍ਰਚੱਲਿਤ ਸੀ ਉਹ ਲਾਹੇਵੰਦ ਨਹੀਂ ਸੀ। ਉਹ ਅਧੂਰੀ ਸੀ ਕਿਉਂਕਿ ਉਹ ਸਿਰਫ਼ ਮਨੁੱਖ ਨੂੰ ਰੋਜ਼ੀ-ਰੋਟੀ ਜੋਗਾ ਤਾਂ ਕਰ ਦਿੰਦੀ ਸੀ ਪਰ ਜ਼ਿੰਦਗੀ ਦੇ ਪ੍ਰਤੀ ਉਹ ਕੋਈ ਸੇਧ ਨਹੀਂ ਸੀ ਦਿੰਦੀ। ਅਜਿਹੀ ਸਿੱਖਿਆ ਨੁਕਸਾਨਦੇਹ ਹੈ ਕਿਉਂਕਿ ਉਹ ਮੁਕਾਬਲੇਬਾਜ਼ੀ 'ਤੇ ਟਿਕੀ ਹੈ।

ਕਿਸੇ ਤਰ੍ਹਾਂ ਦੀ ਮੁਕਾਬਲੇਬਾਜ਼ੀ ਆਪਣੇ ਸੁਭਾਅ ਤੋਂ ਹੀ ਹਿੰਸਕ ਹੁੰਦੀ ਹੈ। ਇਹ ਪਿਆਰ-ਵਿਹੂਣੇ ਲੋਕ ਪੈਦਾ ਕਰਦੀ ਹੈ ਜਿਨ੍ਹਾਂ ਦਾ ਨਿਸ਼ਾਨਾ ਜ਼ਿੰਦਗੀ ਵਿੱਚ ਨਾਮ ਜਾਂ ਸ਼ੁਹਰਤ ਕਮਾਉਣ ਵਰਗੀਆਂ ਲਾਲਸਾਵਾਂ ਦੀ ਪੂਰਤੀ ਹੁੰਦੀ ਹੈ। ਸੁਭਾਵਿਕ ਤੌਰ 'ਤੇ ਉਸ ਨੂੰ ਜੱਦੋ-ਜਹਿਦ ਕਰਨੀ ਪੈਂਦੀ ਹੈ। ਇਸ ਪ੍ਰਕਿਰਿਆ ਵਿੱਚ ਉਸ ਦਾ ਸਾਰਾ ਆਨੰਦ, ਰਸ ਅਤੇ ਮਿੱਤਰਤਾ ਭਾਵ ਗਵਾਚ ਜਾਂਦਾ ਹੈ। ਇਉਂ ਜਾਪਦਾ ਹੈ ਜਿਵੇਂ ਹਰ ਵਿਅਕਤੀ ਪੂਰੇ ਸੰਸਾਰ ਨਾਲ ਜੂਝ ਰਿਹਾ ਹੈ।

ਸਿੱਖਿਆ ਹੁਣ ਤੱਕ ਸੌੜੇ ਮਕਸਦ ਤੋਂ ਪ੍ਰੇਰਿਤ ਰਹੀ ਹੈ। ਤੁਸੀਂ ਕੀ ਸਿੱਖ ਰਹੇ ਹੋ ਇਸ ਗੱਲ ਦਾ ਫ਼ਿਕਰ ਨਹੀਂ, ਚਿੰਤਾ ਦੋ ਸਾਲ ਬਾਅਦ ਹੋਣ ਵਾਲੇ ਇਮਤਿਹਾਨ ਦੀ ਹੈ, ਉਹ ਭਵਿੱਖ ਨੂੰ ਵਰਤਮਾਨ ਨਾਲੋਂ ਵੀ ਮਹੱਤਵਪੂਰਨ ਬਣਾ ਦਿੰਦੀ ਹੈ। ਫੇਰ ਅੱਗੇ ਚੱਲ ਕੇ ਇਹੋ ਤੁਹਾਡੀ ਜੀਵਨ-ਸ਼ੈਲੀ ਬਣ ਜਾਂਦੀ ਹੈ। ਤੁਸੀਂ ਹਮੇਸ਼ਾ ਭਵਿੱਖ ਲਈ ਵਰਤਮਾਨ ਦੀ ਬਲੀ ਦਿੰਦੇ ਰਹਿੰਦੇ ਹੋ। ਇਸ ਤਰ੍ਹਾਂ ਜ਼ਿੰਦਗੀ ਵਿੱਚ ਇੱਕ ਸੁੰਨਾਪਣ ਪੈਦਾ ਹੋ ਜਾਂਦਾ ਹੈ।

**ਪ੍ਰਸ਼ਨ 3- ਸਹੀ ਕਥਨ ਦੀ ਚੋਣ ਕਰੋ-**

1. ਮੁਕਾਬਲੇਬਾਜ਼ੀ ਮਨੁੱਖ ਦੇ ਅੰਦਰੋਂ ਮਿੱਤਰਤਾ-ਭਾਵ ਖ਼ਤਮ ਕਰ ਦਿੰਦੀ ਹੈ।
2. ਸਿੱਖਿਆ ਨੁਕਸਦਾਰ ਜੀਵਨ-ਜਾਚ ਦਿੰਦੀ ਹੈ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 4- ਉਪਰੋਕਤ ਪੈਰੇ ਅਨੁਸਾਰ ਸੰਪੂਰਨ ਸਿੱਖਿਆ ਕਿਹੜੀ ਹੋਵੇਗੀ?**

a) ਜੋ ਰੁਜ਼ਗਾਰ ਦੇ ਕਾਬਿਲ ਬਣਾਵੇ ਅਤੇ ਜ਼ਿੰਦਗੀ ਨੂੰ ਉਸਾਰੂ ਦਿਸ਼ਾ ਦੇਵੇ।
b) ਜੋ ਰੁਜ਼ਗਾਰ ਦੇਵੇ ਅਤੇ ਜ਼ਿੰਦਗੀ ਦਾ ਮਾਰਗ-ਦਰਸ਼ਨ ਕਰੇ।
c) ਆਨੰਦ ਅਤੇ ਭਰਾਤਰੀ-ਭਾਵ ਪੈਦਾ ਕਰੇ।
d) ਜੋ ਵਰਤਮਾਨ 'ਚ ਜਿਊਣਾ ਸਿਖਾਵੇ।

**ਪ੍ਰਸ਼ਨ 5- ਮੁਕਾਬਲੇਬਾਜ਼ੀ 'ਤੇ ਆਧਾਰਿਤ ਸਿੱਖਿਆ ਜ਼ਿੰਦਗੀ ਨੂੰ ਉਸਾਰੂ ਸੇਧ ਕਿਉਂ ਨਹੀਂ ਦਿੰਦੀ?**

a) ਅਜਿਹੀ ਸਿੱਖਿਆ ਨੁਕਸਦਾਰ ਹੁੰਦੀ ਹੈ।
b) ਮੁਕਾਬਲੇਬਾਜ਼ੀ ਪਿਆਰ ਪੈਦਾ ਨਹੀਂ ਕਰਦੀ।
c) ਅਜਿਹੀ ਸਿੱਖਿਆ ਮਨ ਦਾ ਆਨੰਦ ਖੋਹ ਲੈਂਦੀ ਹੈ।
d) ਮੁਕਾਬਲੇਬਾਜ਼ੀ ਵਰਤਮਾਨ ਨੂੰ ਅਣਗੌਲਿਆਂ ਕਰਦੀ ਹੈ।

ਤੁਸੀਂ ਆਪਣੇ ਅਵਚੇਤਨ ਉੱਤੇ ਜੋ ਵੀ ਵਿਚਾਰ, ਵਿਸ਼ਵਾਸ, ਰਾਏ, ਸਿਧਾਂਤ ਜਾਂ ਮੱਤ ਲਿਖਦੇ ਹੋ, ਉਕਰਦੇ ਹੋ ਜਾਂ ਛਾਪ ਛੱਡਦੇ ਹੋ, ਉਹ ਪਰਿਸਥਿਤੀਆਂ, ਸਥਿਤੀਆਂ ਅਤੇ ਘਟਨਾਵਾਂ ਦੇ ਰੂਪ ਵਿੱਚ ਪ੍ਰਗਟ ਹੋ ਜਾਂਦੇ ਹਨ। ਤੁਸੀਂ ਅੰਦਰ ਜੋ ਲਿਖੋਗੇ, ਬਾਹਰ ਵੀ ਉਹੀ ਅਨੁਭਵ ਹੋਵੇਗਾ। ਤੁਹਾਡੇ ਜੀਵਨ ਦੇ ਦੋ ਪਹਿਲੂ ਹਨ, ਯਥਾਰਥਵਾਦੀ ਤੇ ਕਲਪਨਾਵਾਦੀ, ਦਰਿਸ਼ ਤੇ ਅਦਰਿਸ਼, ਵਿਚਾਰ ਅਤੇ ਅਭਿਵਿਅਕਤੀ।

ਤੁਹਾਡਾ ਵਿਚਾਰ ਤੰਤੂਆਂ ਦੇ ਭਾਂਬੜ ਦੇ ਰੂਪ ਵਿੱਚ ਤੁਹਾਡੇ ਸੈਰੀਬਰਲ ਕੋਰਟੈਕਸ ਵਿੱਚ ਪਹੁੰਚਦਾ ਹੈ, ਜਿਹੜਾ ਤੁਹਾਡੇ ਚੇਤਨ ਤਾਰਕਿਕ ਮਨ ਦਾ ਅੰਗ ਹੈ। ਜਦੋਂ ਤੁਹਾਡਾ ਚੇਤਨ ਜਾਂ ਯਥਾਰਥਵਾਦੀ ਮਸਤਿਸ਼ਕ ਵਿਚਾਰ ਨੂੰ ਪੂਰੀ ਤਰ੍ਹਾਂ ਸਵੀਕਾਰ ਕਰ ਲੈਂਦਾ ਹੈ, ਤਾਂ ਇਹ ਮਸਤਿਸ਼ਕ ਦੇ ਦੂਜੇ ਹਿੱਸੇ ਤਕ ਪੁੱਜਦਾ ਹੈ, ਜਿੱਥੇ ਇਹ ਸਾਕਾਰ ਹੋ ਜਾਂਦਾ ਹੈ ਅਤੇ ਹਾਲਾਤਾਂ ਦਾ ਰੂਪ ਲੈ ਲੈਂਦਾ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ, ਤੁਹਾਡਾ ਅਵਚੇਤਨ ਬਹਿਸ ਨਹੀਂ ਕਰ ਸਕਦਾ। ਇਹ ਤਾਂ ਸਿਰਫ਼ ਉਸੇ 'ਤੇ ਅਮਲ ਕਰਦਾ ਹੈ, ਜਿਹੜਾ ਤੁਸੀਂ ਇਸ ਉੱਤੇ ਲਿਖਿਆ ਹੈ। ਇਹ ਤੁਹਾਡੇ ਚੇਤਨ ਮਨ ਦੇ ਨਤੀਜਿਆਂ ਜਾਂ ਤੁਹਾਡੇ ਨਿਰਣੇ ਨੂੰ ਅੰਤਿਮ ਮੰਨ ਲੈਂਦਾ ਹੈ। ਇਸ ਲਈ ਤੁਸੀਂ ਹਮੇਸ਼ਾ ਆਪਣੇ ਜੀਵਨ ਦੀ ਪੁਸਤਕ ਲਿਖ ਰਹੇ ਹੋ, ਕਿਉਂਕਿ ਤੁਹਾਡੇ ਵਿਚਾਰ ਹੀ ਆਖ਼ਿਰ ਵਿੱਚ ਤੁਹਾਡੇ ਅਨੁਭਵ ਬਣ ਜਾਂਦੇ ਹਨ। ਅਮਰੀਕੀ ਦਾਰਸ਼ਨਿਕ ਰਾਲਫ ਵਾਲਡੋ ਐਮਰਸਨ ਨੇ ਕਿਹਾ ਸੀ, "ਮਨੁੱਖ ਉਹੀ ਬਣ ਜਾਂਦਾ ਹੈ, ਜਿਹੜਾ ਉਹ ਸਾਰਾ ਦਿਨ ਸੋਚਦਾ ਰਹਿੰਦਾ ਹੈ।"

**ਪ੍ਰਸ਼ਨ 6- ਜਦੋਂ ਚੇਤਨ ਮਨ ਨੇ ਕਿਸੇ ਵਿਚਾਰ ਨੂੰ ਪੂਰੀ ਤਰ੍ਹਾਂ ਸਵੀਕਾਰ ਕਰ ਲਿਆ ਤਾਂ ਫਿਰ-**

a) ਉਹ ਵਿਚਾਰ ਵਾਸਤਵਿਕਤਾ ਬਣ ਜਾਂਦਾ ਹੈ।
b) ਅਵਚੇਤਨ ਮਨ 'ਚ ਚਲਾ ਜਾਂਦਾ ਹੈ।
c) ਚੇਤਨ ਮਨ ਉਸ ਵਿਚਾਰ 'ਤੇ ਕੰਮ ਕਰਦਾ ਹੈ।
d) ਸਾਕਾਰ ਹੋ ਜਾਂਦਾ ਹੈ।

**ਪ੍ਰਸ਼ਨ 7- ਸਹੀ ਕਥਨ ਦੀ ਚੋਣ ਕਰੋ-**

a) ਯਥਾਰਥਵਾਦੀ ਮਨ ਚੇਤਨ ਮਨ ਦੇ ਫੈਸਲਿਆਂ ਨੂੰ ਅੰਤਿਮ ਮੰਨਦਾ ਹੈ।
b) ਸੈਰੀਬਰਲ ਕੋਰਟੈਕਸ ਯਥਾਰਥਵਾਦੀ ਮਨ ਦਾ ਅੰਗ ਹੈ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 8- ਜੀਵਨ ਦੇ ਕਲਪਨਾਵਾਦੀ ਪਹਿਲੂ ਤੋਂ ਲੇਖਕ ਦਾ ਕੀ ਭਾਵ ਹੈ?**

a) ਸਥਿਤੀਆਂ ਤੇ ਘਟਨਾਵਾਂ।
b) ਸੈਰੀਬਲ ਕੋਰਟੈਕਸ।
c) ਨਤੀਜੇ।
d) ਅਵਚੇਤਨ ਮਨ।

**ਪ੍ਰਸ਼ਨ 9- ਤੁਸੀਂ ਹਰ ਵੇਲੇ ਆਪ ਆਪਣੇ ਜੀਵਨ ਨੂੰ ਬਣਾ ਰਹੇ ਹੋ, ਕਿਉਂਕਿ-**

a) ਹਮੇਸ਼ਾ ਸੋਚਦੇ ਰਹਿੰਦੇ ਹੋ।

b) ਤੁਹਾਡੀ ਸੋਚ ਹੀ ਸਥਿਤੀਆਂ ਦਾ ਰੂਪ ਧਾਰਦੀ ਹੈ।
c) ਅਵਚੇਤਨ ਮਨ ਅਮਲ ਕਰਦਾ ਹੈ।
d) ਉਪਰੋਕਤ 'ਚੋਂ ਕੋਈ ਨਹੀਂ।

ਤੁਹਾਡੇ ਅੰਦਰ ਬਹੁਤ ਵੱਡਾ ਖ਼ਜ਼ਾਨਾ ਹੈ। ਉਸ ਨੂੰ ਹਾਸਲ ਕਰਨ ਲਈ ਤੁਹਾਨੂੰ ਬਸ ਆਪਣੇ ਮਨ ਦੀਆਂ ਅੱਖਾਂ ਖੋਲ੍ਹ ਕੇ ਉਸ ਨੂੰ ਦੇਖਣਾ ਹੀ ਹੈ। ਤੁਹਾਡੇ ਅੰਦਰ ਰਹਿਮਤਾਂ ਦਾ ਅਤੁੱਲ ਭੰਡਾਰ ਹੈ, ਜਿਸ ਵਿੱਚੋਂ ਤੁਸੀਂ ਸੁੱਖ-ਮਈ, ਸਮਰਿੱਧ ਤੇ ਆਨੰਦ ਭਰਪੂਰ ਜੀਵਨ ਜਿਊਣ ਲਈ ਲੋੜੀਂਦੀ ਹਰ ਚੀਜ਼ ਕੱਢ ਸਕਦੇ ਹੋ।

ਕਈ ਲੋਕ ਆਪਣੀ ਸੰਭਾਵਨਾ ਨੂੰ ਇਸ ਲਈ ਨਹੀਂ ਜਾਣ ਪਾਉਂਦੇ ਹਨ, ਕਿਉਂਕਿ ਉਹਨਾਂ ਨੂੰ ਆਪਣੇ ਅੰਦਰ ਮੌਜੂਦ ਅਸੀਮ ਗਿਆਨ ਤੇ ਆਨੰਦ ਪ੍ਰੇਮ ਦੇ ਭੰਡਾਰ ਦਾ ਪਤਾ ਨਹੀਂ ਹੁੰਦਾ। ਜਦ ਕਿ ਸੱਚ ਤਾਂ ਇਹ ਹੈ ਕਿ ਇਸ ਵਿੱਚੋਂ ਤੁਸੀਂ ਆਪਣੀ ਮਨਭਾਉਂਦੀ ਚੀਜ਼ ਕੱਢ ਸਕਦੇ ਹੋ।

ਲੋਹੇ ਦਾ ਚੁੰਬਕੀ ਟੁਕੜਾ ਆਪਣੇ ਭਾਰ ਤੋਂ ਬਾਰਾਂ ਗੁਣਾ ਜ਼ਿਆਦਾ ਵਜਨ ਚੁੱਕ ਸਕਦਾ ਹੈ। ਲੇਕਨ ਜੇਕਰ ਤੁਸੀਂ ਉਸਦੇ ਚੁੰਬਕੀ ਗੁਣ ਨੂੰ ਹਟਾ ਦਿਓ, ਤਾਂ ਇਹ ਇਕ ਖੰਭ ਵੀ ਨਹੀਂ ਚੁੱਕ ਸਕਦਾ।

ਇਸ ਤਰ੍ਹਾਂ ਲੋਕੀਂ ਵੀ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਉਹ, ਜਿਹੜੇ ਕਿ ਚੁੰਬਕੀ ਹੁੰਦੇ ਹਨ। ਉਹ ਆਤਮਵਿਸ਼ਵਾਸ ਅਤੇ ਆਸਥਾ ਨਾਲ ਭਰਪੂਰ ਹੁੰਦੇ ਹਨ। ਉਹ ਜਾਣਦੇ ਹਨ ਕਿ ਉਹ ਸਫ਼ਲ ਹੋਣ ਅਤੇ ਜਿੱਤਣ ਲਈ ਹੀ ਪੈਦਾ ਹੋਏ ਹਨ।

ਦੂਜੀ ਤਰ੍ਹਾਂ ਦੇ ਲੋਕ ਉਹ ਹੁੰਦੇ ਹਨ,ਜਿਹਨਾਂ ਵਿੱਚ ਚੁੰਬਕੀ ਗੁਣ ਨਹੀਂ ਹੁੰਦੇ। ਉਹ ਬੜੀ ਤਾਦਾਦ ਵਿੱਚ ਹੁੰਦੇ ਹਨ। ਉਹ ਡਰ ਤੇ ਸ਼ੰਕਾਵਾਂ ਨਾਲ ਲਬਰੇਜ਼ ਹੁੰਦੇ ਹਨ। ਸਮਾਂ ਆਉਣ 'ਤੇ ਉਹ ਕਹਿੰਦੇ ਹਨ, "ਜੇ ਮੈਂ ਸਫ਼ਲ ਨਹੀਂ ਹੋਇਆ, ਤਾਂ ਕੀ ਹੋਵੇਗਾ? ਕਿਤੇ ਮੇਰਾ ਪੈਸਾ ਡੁੱਬ ਨਾ ਜਾਵੇ। ਲੋਕੀਂ ਮੇਰਾ ਹਾਸਾ ਉਡਾਉਣਗੇ।" ਇਸ ਤਰ੍ਹਾਂ ਦੇ ਲੋਕ ਜ਼ਿੰਦਗੀ ਵਿੱਚ ਜ਼ਿਆਦਾ ਅੱਗੇ ਨਹੀਂ ਵਧ ਪਾਉਂਦੇ। ਉਹਨਾਂ ਦਾ ਡਰ ਉਨ੍ਹਾਂ ਨੂੰ ਉਸੇ ਥਾਂ 'ਤੇ ਰੋਕੇ ਹੀ ਰੱਖਦਾ ਹੈ, ਜਿੱਥੇ ਉਹ ਹਨ।

**ਪ੍ਰਸ਼ਨ 10- ਸਹੀ ਕਥਨ ਦੀ ਚੋਣ ਕਰੋ-**

1. ਮਨੁੱਖ ਅੰਦਰਲੇ ਗੁਣਾਂ ਦੀ ਵਰਤੋਂ ਕਰਕੇ ਵਿਕਾਸ ਕਰਦਾ ਹੈ।
2. ਮਨੁੱਖ ਜੋ ਚਾਹੇ ਉਹ ਪਾ ਸਕਦਾ ਹੈ, ਲੋੜ ਹੈ ਆਪਣੇ ਅੰਦਰਲੇ ਖ਼ਜ਼ਾਨੇ ਨੂੰ ਵੇਖਣ ਦੀ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 11- ਕੁਝ ਲੋਕ ਚੁੰਬਕੀ ਸੁਭਾਅ ਵਾਲੇ ਕਿਉਂ ਹੁੰਦੇ ਹਨ?**

a) ਉਹ ਆਪਣੇ ਅੰਦਰਲੇ ਭੰਡਾਰ ਨੂੰ ਜਾਣਦੇ ਹਨ।
b) ਉਹ ਆਤਮ ਵਿਸ਼ਵਾਸ ਨਾਲ ਭਰੇ ਹੁੰਦੇ ਹਨ।
c) ਉਹ ਹਮੇਸ਼ਾ ਜਿੱਤਾਂ ਪ੍ਰਾਪਤ ਕਰਦੇ ਹਨ।
d) ਉਨ੍ਹਾਂ ਕੋਲ ਵੱਖਰਾ ਅੰਦਰੂਨੀ ਖ਼ਜ਼ਾਨਾ ਹੁੰਦਾ ਹੈ।

ਸਾਡੇ ਸਰੀਰ 'ਚ ਹਜ਼ਾਰ ਖ਼ਰਬ ਦੇ ਲਗਭਗ ਸੈੱਲ ਸਮਾਏ ਹੋਏ ਹਨ। ਹਰ ਇੱਕ ਸੈੱਲ ਅੰਦਰ 46 ਕ੍ਰੋਮੋਸੋਮ ਹਨ। ਸ਼ੁਕਰਾਣੂ ਅਤੇ ਅੰਡੇ ਦੀ ਉਪਜ ਸਮੇਂ ਇਹਨਾਂ ਵਿੱਚ ਕ੍ਰੋਮੋਸੋਮਾਂ ਦੀ ਅੱਧੀ ਗਿਣਤੀ ਰਹਿ ਜਾਂਦੀ ਹੈ। ਜਦ ਇਹ, ਪ੍ਰਜਣਨ ਸਮੇਂ, ਇੱਕ ਦੂਜੇ 'ਚ ਸਮਾਅ ਜਾਂਦੇ ਹਨ, ਤਦ ਨਿਸ਼ੇਚੇ ਅੰਡੇ 'ਚ ਕ੍ਰੋਮੋਸੋਮਾਂ ਦੀ ਗਿਣਤੀ ਮੁੜ ਬਹਾਲ ਹੋ ਜਾਂਦੀ ਹੈ। ਨਿਸ਼ੇਚੇ ਅੰਡੇ 'ਚ ਸਮਾਏ 46 ਕ੍ਰੋਮੋਸੋਮ ਨਵੇਂ ਉਪਜ ਰਹੇ ਸੈੱਲਾਂ ਨੂੰ ਅਗਾਂਹ ਤੋਂ ਅਗਾਂਹ ਵਿਰਸੇ 'ਚ ਮਿਲਦੇ ਰਹਿੰਦੇ ਹਨ। ਕ੍ਰੋਮੋਸੋਮ, ਦਰਅਸਲ, ਗੁੱਛਾ-ਮੁੱਛਾ ਹੋਇਆ ਡੀ.ਐੱਨ.ਏ. ਹੀ ਹੈ, ਜਿਸਦੇ ਜਿਹੜੇ ਭਾਗ ਪ੍ਰੋਟੀਨਾਂ ਜਾਂ ਐਨਜ਼ਾਈਮ ਉਪਜਾ ਰਹੇ ਹਨ, ਉਹ ਜੀਨ ਹਨ।

ਡੀ.ਐੱਨ.ਏ. ਆਪਣੇ ਆਪ 'ਚ ਨਿਰਜੀਵ ਹੈ, ਪਰ ਜੋ ਕੁਝ ਵੀ ਇਹ ਕਰ ਰਿਹਾ ਹੈ, ਉਹ ਜੀਵਨ ਹੈ। ਪ੍ਰਜਣਨ ਅਤੇ ਊਰਜਾ ਦੀ ਉਪਜ ਜੀਵਨ ਦੇ ਬਣੇ ਰਹਿਣ ਨੂੰ ਨਿਸ਼ਚਿਤ ਬਣਾਉਂਦੇ ਹਨ। ਪ੍ਰਜਣਨ ਦੁਆਰਾ ਜੀਵਨ ਅਗਾਂਹ ਤੋਂ ਅਗਾਂਹ ਚੱਲਦਾ ਰਹਿੰਦਾ ਹੈ ਅਤੇ ਊਰਜਾ ਉਹਨਾਂ ਪ੍ਰਕਿਰਿਆਵਾਂ ਨੂੰ ਸੰਭਵ ਬਣਾਉਂਦੀ ਹੈ ਜਿਨ੍ਹਾਂ ਉਪਰ ਜੀਵਨ ਨਿਰਭਰ ਹੈ। ਇਹਨਾਂ ਦੋਵਾਂ ਲਈ ਡੀ.ਐੱਨ.ਏ. ਜ਼ਿੰਮੇਵਾਰ ਹੈ। ਡੀ.ਐੱਨ.ਏ. ਇੱਕ ਦੇ ਦੋ ਬਣਨ ਯੋਗ ਹੈ ਅਤੇ ਖ਼ੁਰਾਕ ਤੋਂ ਊਰਜਾ ਉਪਜਾਉਣ ਲਈ ਜਿਹੜੇ

ਐਨਜ਼ਾਈਮ ਜ਼ਰੂਰੀ ਹਨ, ਉਹਨਾਂ ਨੂੰ ਵੀ ਇਹ ਜੀਵਨ ਭਰ ਉਪਜਾਉਂਦਾ ਰਹਿੰਦਾ ਹੈ।

**ਪ੍ਰਸ਼ਨ 12- ਸਹੀ ਕਥਨ ਦੀ ਚੋਣ ਕਰੋ-**

1. ਡੀ.ਐੱਨ.ਏ ਊਰਜਾ ਪੈਦਾ ਕਰਦਾ ਹੈ ਅਤੇ ਪ੍ਰਜਣਨ ਕਿਰਿਆ ਵਿੱਚ ਵੀ ਸਹਾਇਕ ਹੁੰਦਾ ਹੈ।
2. ਊਰਜਾ ਪੈਦਾ ਕਰਨ ਲਈ ਲੋੜੀਂਦੇ ਐਨਜ਼ਾਈਮ ਵੀ ਕ੍ਰੋਮੋਸੋਮ 'ਚੋਂ ਹੀ ਪੈਦਾ ਹੁੰਦੇ ਹਨ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 13- ਸਹੀ ਕਥਨ ਦੀ ਚੋਣ ਕਰੋ-**

1. ਨਿਸ਼ੇਚੇ ਅੰਡੇ ਵਿੱਚ ਅੱਧੇ ਐਨਜ਼ਾਈਮ ਸ਼ੁਕਰਾਣੂ ਤੋਂ ਆਉਂਦੇ ਹਨ।
2. ਪੈਰੇ ਅਨੁਸਾਰ ਕ੍ਰੋਮੋਸੋਮ ਜੀਨ ਦਾ ਹੀ ਇੱਕ ਹਿੱਸਾ ਹੁੰਦਾ ਹੈ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 14- ਸਹੀ ਕਥਨ ਦੀ ਚੋਣ ਕਰੋ-**

1. ਪ੍ਰਜਣਨ ਅਤੇ ਊਰਜਾ ਰਾਹੀਂ ਹੀ ਜੀਵਨ ਸੰਭਵ ਹੈ।
2. ਬਿਨਾਂ ਕਿਸੇ ਊਰਜਾ ਤੋਂ ਡੀ.ਐੱਨ.ਏ. ਦੁੱਗਣੇ ਹੋ ਜਾਂਦੇ ਹਨ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਜਿੱਥੇ ਉੱਚ ਆਤਮਿਕ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ, ਉੱਥੇ ਹੀ ਸਿੱਖੀ ਦੇ ਵਿਕਾਸ ਲਈ ਕਈ ਮਹੱਤਵਪੂਰਨ ਕਾਰਜ ਕੀਤੇ। ਚੌਥੇ ਪਾਤਸ਼ਾਹ ਗੁਰੂ ਅਮਰਦਾਸ ਜੀ ਵੱਲੋਂ ਵਸਾਏ ਨਗਰ 'ਗੁਰੂ ਕਾ ਚੱਕ' ਨੂੰ 'ਚੱਕ ਰਾਮਦਾਸ/ਰਾਮਦਾਸਪੁਰ' ਦਾ ਨਾਂ ਦੇ ਕੇ ਇਸ ਦਾ ਵਿਕਾਸ ਕਰਨਾ ਪੰਜਵੇਂ ਪਾਤਸ਼ਾਹ ਦੀ ਹੀ ਦੇਣ ਹੈ, ਜੋ ਬਾਅਦ ਵਿੱਚ ਸ੍ਰੀ ਅੰਮ੍ਰਿਤਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਦੇ ਨਾਲ ਹੀ ਪੰਜਵੇਂ ਪਾਤਸ਼ਾਹ ਨੇ ਗੁਰੂ ਰਾਮਦਾਸ ਜੀ ਵੱਲੋਂ ਤਿਆਰ ਕਰਵਾਏ ਜਾ ਰਹੇ ਅੰਮ੍ਰਿਤ ਸਰੋਵਰ ਦੀ ਸੰਪੂਰਨਤਾ ਕਰਵਾ ਕੇ ਇਸਦੇ ਵਿਚਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਉਨ੍ਹਾਂ ਵੱਲੋਂ ਕੀਤੇ ਗਏ ਅਹਿਮ ਕਾਰਜਾਂ ਵਿੱਚੋਂ ਇੱਕ ਮਹਾਨ ਕੰਮ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਵੀ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਵੱਖ ਵੱਖ ਸ਼ਹਿਰਾਂ ਦੀ ਸਥਾਪਨਾ ਕੀਤੀ, ਸਰੋਵਰ ਬਣਵਾਏ ਅਤੇ ਸਿੱਖਾਂ ਨੂੰ ਵਪਾਰ ਲਈ ਪ੍ਰੇਰਿਆ। ਉਹਨਾਂ ਵੱਲੋਂ ਤੀਹ ਰਾਗਾਂ ਵਿੱਚ ਰਚੀ ਗਈ ਬਾਣੀ, ਗੁਰੂ ਗ੍ਰੰਥ ਸਾਹਿਬ ਅੰਦਰ ਸੁਸ਼ੋਭਿਤ ਹੈ। ਇਨ੍ਹਾਂ ਸਭ ਕਾਰਜਾਂ ਸਮੇਤ ਧਰਮ ਪ੍ਰਚਾਰ ਅਤੇ ਸਮਾਜ ਸੁਧਾਰ ਲਈ ਪੰਜਵੀਂ ਪਾਤਸ਼ਾਹੀ ਨੇ ਅਨੇਕ ਹੋਰ ਕਾਰਜ ਵੀ ਕੀਤੇ।

**ਪ੍ਰਸ਼ਨ 15- ਸਹੀ ਕਥਨ ਦੀ ਚੋਣ ਕਰੋ-**

1. ਗੁਰੂ ਅਰਜਨ ਦੇਵ ਜੀ ਨੇ ਚੱਕ ਰਾਮਦਾਸ ਨਗਰ ਵਸਾਇਆ।
2. ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਕੇ ਗੁਰੂ ਰਾਮਦਾਸ ਜੀ ਦੇ ਕਾਰਜ ਨੂੰ ਸੰਪੂਰਨ ਕੀਤਾ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 16- ਕਿਹੜੇ-ਕਿਹੜੇ ਕਾਰਜ ਗੁਰੂ ਅਰਜਨ ਦੇਵ ਜੀ ਨੇ ਕੀਤੇ?**

1. ਕਈ ਸ਼ਹਿਰਾਂ ਦੀ ਸਥਾਪਨਾ।
2. ਧਰਮ ਪ੍ਰਚਾਰ।
3. ਉੱਚ ਆਤਮਿਕ ਜੀਵਨ ਦੀ ਪ੍ਰੇਰਨਾ ਦਿੱਤੀ।
4. ਆਦਿ ਗ੍ਰੰਥ ਸਾਹਿਬ ਲਿਖਿਆ।

a) 1,2,3 c) 1,2,4
b) 1,2,3,4 d) 1,3,4

**ਪ੍ਰਸ਼ਨ 17- ਸਹੀ ਕਥਨ ਦੀ ਚੋਣ ਕਰੋ-**

1. ਅੰਮ੍ਰਿਤ ਸਰੋਵਰ ਦੇ ਨਾਮ 'ਤੇ ਹੀ ਸ਼ਹਿਰ ਦਾ ਨਾਮ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ।

2. ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿੱਚ ਰਚੀ ਆਪਣੀ ਬਾਣੀ ਨੂੰ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਸ਼ਾਮਿਲ ਕੀਤਾ।

a) ਸਿਰਫ਼ 1　　c) ਦੋਨੋਂ

b) ਸਿਰਫ਼ 2　　d) ਕੋਈ ਨਹੀਂ

ਆਈ.ਆਈ.ਟੀ. ਦਿੱਲੀ ਵੱਲੋਂ ਦੋ ਦਹਾਕਿਆਂ ਵਿੱਚ ਕੀਤੀ ਗਈ ਖੋਜ ਮੁਤਾਬਿਕ ਭਾਰਤ ਵਿੱਚ ਜਨਮ ਹੁੰਦਿਆਂ ਹੀ ਬੱਚਿਆਂ ਦੀ ਮੌਤ ਦਰ ਅਤੇ ਮਹਿਲਾਵਾਂ ਦਾ ਗਰਭਪਾਤ ਇਸ ਦੌਰਾਨ ਬਹੁਤ ਵਧ ਗਿਆ ਹੈ। ਇਸ ਦਾ ਮੁੱਖ ਕਾਰਨ ਵਧ ਰਿਹਾ ਹਵਾ ਪ੍ਰਦੂਸ਼ਣ ਦੱਸਿਆ ਗਿਆ ਹੈ। ਇਹ ਵੀ ਪਤਾ ਲੱਗਿਆ ਹੈ ਕਿ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਣ ਨਾਲ ਭਾਰਤ ਦੇ ਇੱਕ ਲੱਖ ਲੋਕਾਂ ਪਿੱਛੇ 150-300 ਵਿਅਕਤੀ ਹਰ ਸਾਲ ਮਰਦੇ ਹਨ। ਇਹ ਬਹੁਤ ਗੰਭੀਰ ਮਸਲਾ ਹੈ। ਦਰਅਸਲ, ਹਵਾ ਪ੍ਰਦੂਸ਼ਣ ਇਕੱਲੇ ਭਾਰਤ ਦਾ ਨਹੀਂ ਸਗੋਂ ਸਾਰੇ ਵਿਸ਼ਵ ਦਾ ਮਸਲਾ ਹੈ। ਇਸ ਲਈ ਹਵਾ ਪ੍ਰਦੂਸ਼ਣ ਸਬੰਧੀ ਪੂਰੀ ਦੁਨੀਆਂ, ਭਾਰਤ ਅਤੇ ਪੰਜਾਬ ਦੇ ਅੰਕੜਿਆਂ ਦੀ ਵਿਗਿਆਨਕ ਪੜਚੋਲ ਕੀਤੀ ਜਾਵੇ।

ਪਹਿਲਾਂ ਇਹ ਜਾਣ ਲਈਏ ਕਿ ਹਵਾ ਪ੍ਰਦੂਸ਼ਣ ਅੰਕੜੇ ਕੀ ਹੁੰਦੇ ਹਨ। ਵਿਗਿਆਨਕ ਤੌਰ ’ਤੇ ਕਿਸੇ ਇਲਾਕੇ ਦੀ ਹਵਾ ਵਿਚਲਾ ਪ੍ਰਦੂਸ਼ਣ ਮਾਪਣ ਲਈ ਇਹ ਪਤਾ ਕੀਤਾ ਜਾਂਦਾ ਹੈ ਕਿ ਉਸ ਇਲਾਕੇ ਦੀ ਇੱਕ ਘਣਮੀਟਰ ਹਵਾ ਵਿੱਚ ਕਿੰਨੇ ਪੀਐੱਮ 0-2.5 ਠੋਸ ਕਿਣਕੇ ਤੇ ਪੀਐੱਮ 2.5-10 ਠੋਸ ਕਿਣਕੇ ਹਨ ਅਤੇ ਕਿੰਨੀ ਕਿੰਨੀ ਓਜ਼ੋਨ ਗੈਸ, ਨਾਈਟ੍ਰੋਜਨ ਤੋਂ ਬਣੀਆਂ ਗੈਸਾਂ, ਸਲਫਰ ਡਾਈਆਕਸਾਈਡ ਗੈਸ ਅਤੇ ਕਾਰਬਨ ਡਾਈਆਕਸਾਈਡ ਗੈਸ ਆਦਿ ਮੌਜੂਦ ਹੈ। ਪੀਐੱਮ ਠੋਸ ਕਿਣਕੇ ਇੰਨੇ ਛੋਟੇ ਹੁੰਦੇ ਹਨ ਕਿ ਹਵਾ ਵਿੱਚ ਹੀ ਤੈਰਦੇ ਰਹਿੰਦੇ ਹਨ ਅਤੇ ਸਾਹ ਲੈਣ ਸਮੇਂ ਦੂਜੀਆਂ ਗੈਸਾਂ ਸਮੇਤ ਸਾਡੇ ਸਰੀਰ ਵਿੱਚ ਜਾ ਕੇ ਕਈ ਬਿਮਾਰੀਆਂ ਪੈਦਾ ਕਰਦੇ ਹਨ।

ਯੂ.ਐੱਨ.ਓ. ਦੀ ਵਿਸ਼ਵ ਸਿਹਤ ਸੰਸਥਾ ਰਾਹੀਂ ਦੁਨੀਆਂ ਦੇ ਤਕਰੀਬਨ ਸਾਰੇ ਮੁਲਕਾਂ ਵਿੱਚ ਹਵਾ ਪ੍ਰਦੂਸ਼ਣ ਮਾਪਣ ਲਈ ਪ੍ਰਦੂਸ਼ਣ ਉਪਕਰਣ ਕੇਂਦਰ ਸਥਾਪਿਤ ਕੀਤੇ ਜਾ ਰਹੇ ਹਨ। ਇਹ ਕੇਂਦਰ ਸੰਬੰਧਤਿ ਇਲਕੇ ਦਾ ਹਰ ਵੇਲੇ ਪ੍ਰਦੂਸ਼ਣ ਇੰਡੈਕਸ ਰਿਕਾਰਡ ਕਰਦਾ ਰਹਿੰਦਾ ਹੈ। ਪ੍ਰਦੂਸ਼ਣ ਇੰਡੈਕਸ ਤੋਂ ਭਾਵ ਹੈ ਕਿ ਉੱਥੋਂ ਦੀ ਹਵਾ ਦੀ ਸ਼ੁੱਧਤਾ ਦਾ ਇੰਡੈਕਸ (ਏ.ਕਿਊ.ਆਈ.) ਕਿੰਨਾ ਹੈ। ਇਸ ਆਧਾਰ ’ਤੇ ਹੀ ਯੂ..ਐੱਨ.ਓ. ਨੇ ਪ੍ਰਦੂਸ਼ਣ ਦੀਆਂ ਸੀਮਾਵਾਂ ਵੀ ਨਿਰਧਾਰਤ ਕਰ ਦਿੱਤੀਆਂ ਹਨ।

**ਪ੍ਰਸ਼ਨ 18- ਆਈ.ਆਈ.ਟੀ. ਦਿੱਲੀ ਵੱਲੋਂ ਕੀਤੀ ਖੋਜ ਮੁਤਾਬਿਕ-**

1. ਨਵ-ਜਨਮੇ ਬੱਚਿਆਂ ਦੀ ਮੌਤ ਦਰ ਵਿੱਚ ਵਾਧਾ ਹੋ ਰਿਹਾ ਹੈ।
2. ਗਰਭਪਾਤ ਵਧ ਰਿਹਾ ਹੈ।
3. ਪ੍ਰਦੂਸ਼ਿਤ ਹਵਾ ਕਾਰਨ ਲੋਕਾਂ ਦੀ ਮੌਤ ਹੋ ਰਹੀ ਹੈ।
4. ਹਵਾ ਪ੍ਰਦੂਸ਼ਣ ਸਬੰਧੀ ਅੰਕੜਿਆਂ ਦੀ ਵਿਗਿਆਨਕ ਪੜਚੋਲ ਹੋਣੀ ਚਾਹੀਦੀ ਹੈ।

a) 1,2,3,4,　　c) 1,2,3

b) 2,3,4　　d) 1,2,4

**ਪ੍ਰਸ਼ਨ 19- ਲੇਖਕ ਅਨੁਸਾਰ-**

a) ਸਾਹ ਲੈਣ ਸਮੇਂ ਕੁਝ ਹਾਨੀਕਾਰਕ ਗੈਸਾਂ ਸਾਡੇ ਸਰੀਰ ਵਿੱਚ ਜਾ ਕੇ ਬਿਮਾਰੀਆਂ ਪੈਦਾ ਕਰਦੀਆਂ ਹਨ।

b) ਦੁਨੀਆਂ ਦੇ ਸਾਰੇ ਮੁਲਕਾਂ ਵਿੱਚ ਪ੍ਰਦੂਸ਼ਣ ਚੈੱਕ ਕਰਨ ਦੀ ਵਿਵਸਥਾ ਕੀਤੀ ਜਾ ਰਹੀ ਹੈ।

c) ਪ੍ਰਦੂਸ਼ਣ ਇੰਡੈਕਸ ਹੀ ਹਵਾ ਦੀ ਸ਼ੁੱਧਤਾ ਦਾ ਇੰਡੈਕਸ ਹੈ।

d) ਹਰ ਤਰ੍ਹਾਂ ਦਾ ਪ੍ਰਦੂਸ਼ਣ ਪੂਰੇ ਵਿਸ਼ਵ ਦਾ ਮਸਲਾ ਹੈ।

**ਪ੍ਰਸ਼ਨ 20- ਸਹੀ ਕਥਨ ਦੀ ਚੋਣ ਕਰੋ-**

1. ਪੀਐੱਮ 0-2.5 ਠੋਸ ਕਿਣਕੇ ਅਤੇ ਪੀਐੱਮ 2.5-10 ਠੋਸ ਕਿਣਕੇ ਸਾਹ ਦੀਆਂ ਬਿਮਾਰੀਆਂ ਪੈਦਾ ਕਰਦੇ ਹਨ।
2. ਪ੍ਰਦੂਸ਼ਿਤ ਹਵਾ ਵਿੱਚੋਂ ਸਾਹ ਦੀਆਂ ਬਿਮਾਰੀਆਂ ਕਾਰਨ ਹੀ ਗਰਭਪਾਤ ਵਧ ਰਹੇ ਹਨ।

a) ਸਿਰਫ਼ 1　　c) ਦੋਨੋਂ

b) ਸਿਰਫ਼ 2　　d) ਕੋਈ ਨਹੀਂ

ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਨੇ ਸੂਬੇ ਦੀ ਖੇਤੀਬਾੜੀ ਨੀਤੀ ਦਾ ਖਰੜਾ ਲੋਕਾਂ ਦੇ ਵਿਚਾਰ-ਵਟਾਂਦਰੇ ਲਈ ਪੇਸ਼ ਕੀਤਾ ਹੈ। ਪੰਜ ਸਾਲ ਪਹਿਲਾਂ ਵੀ ਅਜਿਹਾ ਖਰੜਾ ਬਣਿਆ ਸੀ ਪਰ ਉਸ ਨੂੰ ਮੰਤਰੀ ਮੰਡਲ ਵਿੱਚ ਵਿਚਾਰਿਆ ਵੀ ਨਹੀਂ ਗਿਆ ਸੀ। ਜੇ ਹੁਣ ਕਮਿਸ਼ਨ ਵਾਲੀਆਂ ਤਜਵੀਜ਼ਾਂ ਮੰਨ ਲਈਆਂ ਜਾਂਦੀਆਂ ਹਨ ਤਾਂ ਮੁਲਕ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪੰਜਾਬ ਦੀ ਕੋਈ ਖੇਤੀਬਾੜੀ ਨੀਤੀ ਹੋਵੇਗੀ। ਖਰੜੇ ਦੀਆਂ ਮੁੱਖ ਤਜਵੀਜ਼ਾਂ ਅਨੁਸਾਰ, ਆਮਦਨ ਕਰ ਭਰਨ ਵਾਲੇ ਕਿਸਾਨਾਂ ਤੋਂ ਸਿੰਜਾਈ ਲਈ ਦਿੱਤੀ ਜਾਂਦੀ ਸਬਸਿਡੀ ਵਾਪਸ ਲੈ ਲਈ ਜਾਵੇਗੀ, 10 ਏਕੜ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਤੋਂ 100 ਰੁਪਏ ਫ਼ੀ ਹਾਰਸ ਪਾਵਰ ਫ਼ੀ ਮਹੀਨਾ ਦੇ ਹਿਸਾਬ ਨਾਲ ਬਿੱਲ ਵਸੂਲ ਕੇ ਇਸ ਦਾ ਲਾਭ ਸੀਮਾਂਤ ਤੇ ਛੋਟੇ ਕਿਸਾਨਾਂ ਨੂੰ ਦਿੱਤਾ ਜਵੇਗਾ। ਇਸ ਤਰ੍ਹਾਂ ਦੇ ਸੁਝਾਅ ਪਹਿਲਾਂ ਹੀ ਸਰਕਾਰੀ ਅਰਥ ਵਿਗਿਆਨੀਆਂ ਵੱਲੋਂ ਦਿੱਤੇ ਅਤੇ ਪ੍ਰਚਾਰੇ ਜਾ ਰਹੇ ਹਨ।

ਇਸ ਦੇ ਨਾਲ-ਨਾਲ ਦੋ ਮੁੱਖ ਜਿਣਸਾਂ- ਕਣਕ ਤੇ ਚੌਲਾਂ ਦੀ ਖ਼ਰੀਦ ਸਮੇਂ ਆੜ੍ਹਤੀਆਂ ਨੂੰ ਮਿਲਦੇ ਕਮਿਸ਼ਨ ਉੱਤੇ 20 ਫ਼ੀਸਦ ਸੈੱਸ ਲਗਾਉਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਦੁੱਧ ਅਤੇ ਘੱਟੋ-ਘੱਟ ਸਮਰਥਨ ਕੀਮਤਾਂ ਤੋਂ ਬਿਨਾਂ ਵਿਕ ਰਹੀਆਂ ਜਿਣਸਾਂ ਦੀ ਮੰਡੀ ਕੀਮਤ ਵਿੱਚੋਂ ਪੈਂਦੇ ਘਾਟੇ ਦੀ ਭਰਪਾਈ ਸੂਬਾ ਸਰਕਾਰ ਵੱਲੋਂ ਕਰਨ ਬਾਰੇ ਤਜਵੀਜ਼ ਹੈ। ਕਮਿਸ਼ਨ ਦੀਆਂ ਇਨ੍ਹਾਂ ਮੁੱਖ ਅਤੇ ਹੋਰ ਤਜਵੀਜ਼ਾਂ ਵਿੱਚ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਦਾ ਆਮਦਨ ਪੱਧਰ ਘੱਟੋ-ਘੱਟ ਇੰਨਾ ਵੀ ਵਧਾਉਣ ਬਾਰੇ ਕੁਝ ਨਹੀਂ ਕਿਹਾ ਗਿਆ ਹੈ ਜਿਸ ਨਾਲ ਉਹ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਤੇ ਸਮਾਜਿਕ ਸੁਰੱਖਿਆ ਸਬੰਧੀ ਬੇਫ਼ਿਕਰ ਹੋ ਸਕਣ।

**ਪ੍ਰਸ਼ਨ 21- ਜੋ ਸਹੀ ਨਹੀਂ ਹੈ ਉਸਦੀ ਚੋਣ ਕਰੋ-**

1. ਕਮਿਸ਼ਨ ਦੀਆਂ ਤਜਵੀਜ਼ਾਂ ਮੰਨੀਆਂ ਗਈਆਂ ਤਾਂ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਦੇਸ਼ ਨੂੰ ਖੇਤੀਬਾੜੀ ਨੀਤੀ ਮਿਲੇਗੀ।
2. ਹਰ ਫ਼ਸਲ ਦੀ ਖ਼ਰੀਦ ਸਮੇਂ ਆੜ੍ਹਤੀਆਂ ’ਤੇ ਵੀ ਸੈੱਸ ਲੱਗੇਗਾ।

a) ਸਿਰਫ਼ 1 c) ਦੋਨੋਂ

b) ਸਿਰਫ਼ 2 d) ਕੋਈ ਨਹੀਂ

**ਪ੍ਰਸ਼ਨ 22- ਖਰੜੇ ’ਚ ਕੀ ਕਮੀਆਂ ਹਨ?**

a) ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਆਮਦਨ ਵਧਾਉਣ ਲਈ ਤਜਵੀਜ਼ ਨਹੀਂ।

b) ਫ਼ਸਲਾਂ ਦੀ ਕਾਸ਼ਤ ਨੂੰ ਹਾੜ੍ਹੀ ਸਾਉਣੀ ਤੱਕ ਸੀਮਿਤ ਰੱਖਿਆ ਗਿਆ।

c) ਵੱਡੇ ਕਿਸਾਨਾਂ ’ਤੇ ਸਬਸਿਡੀ ਖ਼ਤਮ ਕਰਨ ਦੀ ਤਜਵੀਜ਼ ਨਹੀਂ।

d) ਕੋਈ ਕਮੀ ਨਹੀਂ।

ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ ਤਕਰੀਬਨ ਦੋ ਦਹਾਕਿਆਂ ਤੱਕ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਮੰਡੀ ਦੁਆਰਾ ਤੈਅ ਕੀਤੀਆਂ ਜਾਂਦੀਆਂ ਰਹੀਆਂ । ਇਸ ਲਈ ਜਿਸ ਸਮੇਂ ਖੇਤੀਬਾੜੀ ਜਿਣਸਾਂ ਦਾ ਭਰਪੂਰ ਉਤਪਾਦਨ ਹੁੰਦਾ ਤਾਂ ਮੰਡੀ ਦੁਆਰਾ ਉਨ੍ਹਾਂ ਦੀਆਂ ਕੀਮਤਾਂ ਇੰਨੀਆਂ ਡੇਗ ਦਿੱਤੀਆਂ ਜਾਂਦੀਆਂ ਕਿ ਕਿਸਾਨ ਦੀ ਆਮਦਨ ਪਹਿਲਾਂ ਤੋਂ ਘਟਣ ਨਾਲ ਉਹ ਹੋਰ ਗ਼ਰੀਬ ਹੋ ਜਾਂਦਾ। ਫਿਰ 1965 ਵਿੱਚ ‘ਖੇਤੀਬਾੜੀ ਕਮਿਸ਼ਨ’ ਬਣਾਇਆ ਗਿਆ। ਇਹ ਕਮਿਸ਼ਨ ਆਪਣੀ ਕਾਇਮੀ ਤੋਂ ਲੈ ਕੇ ਹੁਣ ਤੱਕ ਖੇਤੀਬਾੜੀ ਖੇਤਰ ਦੀਆਂ ਕੁਝ ਮੁੱਖ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਹੈ ਅਤੇ ਕੇਂਦਰ ਸਰਕਾਰ ਆਮ ਤੌਰ ’ਤੇ ਇਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਕੀਮਤਾਂ ਤੈਅ ਕਰਦੀ ਆਈ ਹੈ। ਇਨ੍ਹਾਂ ਕੀਮਤਾਂ ਦੀਆਂ ਸ਼ਿਫ਼ਾਰਸ਼ਾਂ ਤੈਅ ਕਰਨ ਵਿੱਚ ਸੂਬਾ ਸਰਕਾਰਾਂ ਦੀ ਸਿਰਫ਼ ਰਾਇ ਹੀ ਮੰਗੀ ਜਾਂਦੀ ਹੈ। ਸ਼ੁਰੂ ਦੇ ਕੁਝ ਸਾਲਾਂ ਦੌਰਾਨ ਮੁਲਕ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਕਿਸਾਨਾਂ ਲਈ ਲਾਹੇਵੰਦ ਰੱਖਿਆ ਪਰ ਪਿਛਲੇ ਕਾਫ਼ੀ ਸਮੇਂ ਤੋਂ ਕਿਸਾਨਾਂ ਲਈ ਇਹ ਕੀਮਤਾਂ ਘਾਟੇ ਵਾਲੀਆਂ ਹਨ। ਉਂਝ, ਇਹ ਕੀਮਤਾਂ

ਭਾਵੇਂ ਕਿਸਾਨ ਪੱਖੀ ਨਹੀਂ ਹਨ, ਫਿਰ ਵੀ ਕੀਮਤਾਂ ਤੈਅ ਕਰਨ ਦਾ ਅਮਲ, ਮੰਡੀ ਦੁਆਰਾ ਕਿਸਾਨਾਂ ਦੀ ਕੀਤੀ ਜਾਂਦੀ ਸ਼ਰੇਆਮ ਲੁੱਟ ਨੂੰ ਕੁਝ ਘੱਟ ਕਰਨ ਵਿੱਚ ਸਹਾਈ ਹੁੰਦਾ ਆਇਆ ਹੈ। ਇਸ ਸਿਲਸਿਲੇ ਵਿੱਚ ਧਿਆਨ ਮੰਗਦਾ ਮਹੱਤਵਪੂਰਨ ਪੱਖ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਤੈ ਕੀਤੀਆਂ ਕੀਮਤਾਂ ਉੱਪਰ ਵੀ ਗਿਣਤੀ ਦੇ ਕੁਝ ਸੂਬਿਆਂ ਵਿੱਚ ਕੁਝ ਜਿਣਸਾਂ ਆਮ ਕਰ ਕੇ, ਕਣਕ ਅਤੇ ਚੌਲ ਦੀ ਖ਼ਰੀਦ ਕੀਤੀ ਜਾਂਦੀ ਰਹੀ ਹੈ। ਕਿਸਾਨਾਂ ਦੀ ਆਮਦਨ, ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਉੱਪਰ ਖ਼ਰੀਦ ਅਤੇ ਖੇਤੀ ਉਤਪਾਦਨ ਲਈ ਵਰਤੀਆਂ ਜਾਣ ਵਾਲੀਆਂ ਮੁੱਖ ਵਸਤਾਂ ਜਿਵੇਂ ਰਸਾਇਣ ਖਾਦਾਂ, ਡੀਜ਼ਲ, ਬੀਜਾਂ ਆਦਿ ਦੀ ਕੀਮਤ ਦੇ ਤੈ ਕੀਤੇ ਜਾਣ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਦਾ ਕਿਸਾਨਾਂ ਉੱਤੇ ਮਾਰੂ ਅਸਰ ਪੈ ਰਿਹਾ ਹੈ। ਇਸ ਬਾਰੇ ਸੂਬਾ ਸਰਕਾਰਾਂ ਦੀ ਕੋਈ ਵੀ ਭੂਮਿਕਾ ਨਹੀਂ ਰੱਖੀ ਗਈ ਹੈ।

### ਪ੍ਰਸ਼ਨ 23- ਖੇਤੀਬਾੜੀ ਕੀਮਤਾਂ ਕਮਿਸ਼ਨ ਕਿਉਂ ਬਣਾਇਆ ਗਿਆ?

a) ਕਿਸਾਨਾਂ ਦੀ ਲੁੱਟ ਨੂੰ ਰੋਕਣ ਲਈ।
b) ਖੇਤੀ ਕੀਮਤਾਂ ਨੂੰ ਸਥਿਰ ਕਰਨ ਲਈ।
c) ਕੀਮਤਾਂ ਸਬੰਧੀ ਸਿਫ਼ਾਰਸ਼ਾਂ ਕਰਨ ਲਈ।
d) ਖੇਤੀ ਦੇ ਵਿਕਾਸ ਲਈ।

### ਪ੍ਰਸ਼ਨ 24- ਕੇਂਦਰ ਸਰਕਾਰ ਅਤੇ ਕਮਿਸ਼ਨ ਮਿਲਕੇ ਕਿਵੇਂ ਕੰਮ ਕਰਦੇ ਹਨ?

a) ਕਮਿਸ਼ਨ ਦੀਆਂ ਸਿਫ਼ਾਰਸ਼ਾਂ ’ਤੇ ਹੀ ਹਮੇਸ਼ਾ ਕੇਂਦਰ ਸਰਕਾਰ ਅਮਲ ਕਰਦੀ ਹੈ।
b) ਕਮਿਸ਼ਨ ਦੀਆਂ ਸਿਫ਼ਾਰਸ਼ਾਂ ’ਤੇ ਕੀਮਤਾਂ ਨਿਰਧਾਰਿਤ ਕਰਨਾ ਸਰਕਾਰ ਲਈ ਜ਼ਰੂਰੀ ਹੈ।
c) ਕੇਂਦਰ ਸਰਕਾਰ ਕਮਿਸ਼ਨ ਨੂੰ ਜਵਾਬਦੇਹ ਹੈ।
d) ਕੇਂਦਰ ਸਰਕਾਰ ਆਮ ਤੌਰ ’ਤੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ’ਤੇ ਕੀਮਤਾਂ ਤੈ ਕਰਦੀ ਹੈ।

ਇਸ ਪਿੰਡ ਤੋਂ ਕੋਈ ਪੰਜ ਕੁ ਕਿਲੋਮੀਟਰ ਵਸੰਧਰਾ ਝਰਨਾ (ਵਸੂਧਾਰਾ) ਵਗਦਾ ਹੈ। ਇੱਥੋਂ ਦੇ ਲੋਕਾਂ ਦੀ ਮਾਨਤਾ ਹੈ ਕਿ ਇਹ ਧਾਰਾ ਜਿਸ ਇਨਸਾਨ ਉੱਪਰ ਪੈ ਜਾਂਦੀ ਹੈ, ਉਹ ਕਿਸਮਤ ਵਾਲਾ ਹੁੰਦਾ ਹੈ ਤੇ ਜੋ ਇਸ ਧਾਰਾ ਤੋਂ ਵਾਂਝਾ ਰਹਿ ਜਾਂਦਾ ਹੈ ਉਹ ਬਦਕਿਸਮਤ, ਪਾਪੀ ਮੰਨਿਆ ਜਾਂਦਾ ਹੈ। ਇਸ ਕਾਰਨ ਹਰ ਸੈਲਾਨੀ ਇਸ ਜਗ੍ਹਾ ਜ਼ਰੂਰ ਹਾਜ਼ਰੀ ਭਰਦਾ ਹੈ। ਇਸ ਪਿੰਡ ਤੋਂ ਚੀਨ ਦੀ ਸੀਮਾ 65-70 ਕਿਲੋਮੀਟਰ ਦੂਰੀ ’ਤੇ ਹੈ। ਪਿੰਡ ਤੋਂ ਅੱਗੇ ਚੀਨ ਸੀਮਾ ਤੱਕ ਸਾਰੇ ਇਲਾਕੇ ’ਤੇ ਫ਼ੌਜ ਤਾਇਨਾਤ ਹੈ। ਮਾਨਾ ਪਾਸ ਤਕ ਜਾਣ ਲਈ ਵੀ ਇੱਥੇ ਜ਼ਿਲ੍ਹਾ ਦਫ਼ਤਰ, ਫੌਜ ਦੀ ਇਜਾਜ਼ਤ ਲੈਣੀ ਪੈਂਦੀ ਹੈ। ਪਦ ਯਾਤਰਾ ਦੇ ਸ਼ੌਕੀਨ ਇੱਥੇ ਆਲੇ-ਦੁਆਲੇ ਕੁਦਰਤੀ ਸੁੰਦਰਤਾ ਮਾਣਨ ਜ਼ਰੂਰ ਆਉਂਦੇ ਹਨ। ਇਸ ਪਿੰਡ ਵਿੱਚ ਕੋਈ ਦਵਾਈ ਦੀ ਦੁਕਾਨ ਅਤੇ ਹਸਪਤਾਲ ਨਹੀਂ ਹੈ। ਜਦੋਂ ਵੀ ਕਿਸੇ ਨੂੰ ਬਿਮਾਰੀ ਵੇਲੇ ਲੋੜ ਪਵੇ ਤਾਂ ਫ਼ੌਜੀ ਹਸਪਤਾਲ ਹੀ ਲਿਜਾਇਆ ਜਾਂਦਾ ਹੈ। ਇਸ ਪਿੰਡ ਦੇ ਲੋਕ ਕੁਦਰਤ ਦੇ ਬਹੁਤ ਨਜ਼ਦੀਕ ਵਿਚਰਦੇ ਹਨ। ਪਰਮਾਤਮਾ ’ਤੇ ਅਥਾਹ ਆਸਥਾ ਰੱਖਦੇ ਹਨ। ਇਸੇ ਕਾਰਨ ਥੋੜ੍ਹੇ ਵਿੱਚ ਹੀ ਸੰਤੁਸ਼ਟੀ ਨਾਲ ਜੀਵਨ ਜੀਅ ਰਹੇ ਹਨ।

ਪਿੰਡ ਦੇ ਹਰ ਘਰ ਦੇ ਅੱਗੇ ਕੰਡਿਆਲੀ ਡੰਡੀ ਟੰਗੀ ਹੋਈ ਦਿਖੀ। ਦਰਅਸਲ ਇਹ ‘ਤੇਜ਼ ਬਲ’ ਲੱਕੜ ਸੀ ਜਿਸ ਨੂੰ ਘਰ ਦੀ ਦਹਿਲੀਜ਼ ’ਤੇ ਟੰਗਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਸ ਨਾਲ ਘਰ ਅੰਦਰ ਖ਼ੁਸ਼ਹਾਲੀ ਰਹਿੰਦੀ ਹੈ , ਤੇਜ ਵਧਦਾ ਹੈ ਤੇ ਬੁਰੀ ਨਜ਼ਰ, ਬੁਰੀ ਬਲਾ ਤੋਂ ਛੁਟਕਾਰਾ ਮਿਲਦਾ ਹੈ। ਪਹਾੜੀ ਲੋਕ ਛੋਟੀਆਂ-ਛੋਟੀਆਂ ਆਸਥਾਵਾਂ ਸਹਾਰੇ ਆਪਣਾ ਸਾਰਾ ਜੀਵਨ ਖ਼ੁਸ਼ੀ ਨਾਲ ਬਿਤਾ ਦਿੰਦੇ ਹਨ। ਉੱਥੋਂ ਦੀਆਂ ਹਸੀਨ ਵਾਦੀਆਂ ਨੂੰ ਅਲਵਿਦਾ ਕਹਿ ਕੇ ਅਸੀਂ ਆਪਣਾ ਅਗਲਾ ਸਫ਼ਰ ਸ਼ੁਰੂ ਕਰ ਦਿੱਤਾ, ਪਰ ਉਸ ਪਿੰਡ ਦੀ ਹਰ ਮਿੱਠੀ ਯਾਦ ਨੂੰ ਦਿਲ ਅੰਦਰ ਹਮੇਸ਼ਾ ਲਈ ਸਾਂਭ ਲਿਆ।

### ਪ੍ਰਸ਼ਨ 25- ਲੋਕ ਸੰਤੁਸ਼ਟੀ ਨਾਲ ਜੀਵਨ ਜੀਅ ਰਹੇ ਹਨ ਕਿਉਂਕਿ-

a) ਇਹ ਲੋਕ ਕੁਦਰਤ ਦੀ ਗੋਦ ’ਚ ਰਹਿੰਦੇ ਹਨ।

b) ਇਹ ਲੋਕ ਛੋਟੀਆਂ-ਛੋਟੀਆਂ ਆਸਥਾਵਾਂ ਬਣਾ ਕੇ ਰੱਖਦੇ ਹਨ।
c) ਇਹ ਲੋਕ ਬਿਮਾਰ ਹੀ ਨਹੀਂ ਹੁੰਦੇ।
d) ਇਹ ਲੋਕ ਪਰਮਾਤਮਾ 'ਤੇ ਆਸਥਾ ਰੱਖਦੇ ਹਨ।

ਮਨੁੱਖ ਕੁਦਰਤੀ ਸ਼ਕਤੀਆਂ ਨੂੰ ਬਹੁਤ ਸ਼ਕਤੀਸ਼ਾਲੀ ਅਨੁਭਵ ਕਰਦਾ ਸੀ। ਅੱਗ, ਹਵਾ, ਦਰਿਆ(ਵਰੁਣ), ਮੀਂਹ(ਇੰਦਰ) ਆਦਿ ਨੂੰ ਦੇਵਤੇ ਸਮਝ ਕੇ ਪੂਜਾ ਹੋਣ ਲੱਗੀ। ਪ੍ਰਕਿਰਤੀ ਦੀਆਂ ਇਹਨਾਂ ਸ਼ਕਤੀਆਂ ਨੇ ਪੁਰਾਣ ਕਥਾਵਾਂ ਦੀ ਸਿਰਜਨਾ ਵਿੱਚ ਕਾਫ਼ੀ ਹਿੱਸਾ ਪਾਇਆ ਹੈ। ਦਿਨ, ਰਾਤ, ਸਵੇਰ, ਸੰਧਿਆ, ਸੂਰਜ, ਚੰਨ, ਤਾਰੇ ਗ੍ਰਹਿ, ਬੱਦਲ, ਬਿਜਲੀ, ਪਰਬਤ, ਸਮੁੰਦਰ, ਪਸ਼ੂ, ਪੰਛੀ ਆਦਿ ਵੱਖ-ਵੱਖ ਪ੍ਰਤੀਕਾਂ ਦਾ ਰੂਪ ਧਾਰਨ ਕਰਨ ਲੱਗੇ। ਇਹਨਾਂ ਸੰਬੰਧੀ ਕਈ ਕਹਾਣੀਆਂ ਘੜੀਆਂ ਗਈਆ। ਇਹਨਾਂ ਕਥਾਵਾਂ ਨੂੰ ਸੂਰਜਯਾਨ, ਚੰਦਰਯਾਨ ਅਤੇ ਤਾਰਾਯਾਨ ਆਦਿ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਨਖੱਤਰ ਕਥਾਵਾਂ ਵੀ ਇਹਨਾਂ ਦਾ ਅੰਗ ਹਨ। ਪ੍ਰਾਚੀਨ ਪੁਰਾਣ ਕਥਾ ਵਿੱਚ ਧਰਤੀ ਨੂੰ ਆਕਾਸ਼ ਦੀ ਪਤਨੀ ਮੰਨਿਆ ਜਾਂਦਾ ਸੀ ਪ੍ਰੰਤੂ ਪਿਛਲੇਰੀ ਭਾਰਤੀ ਪਰੰਪਰਾ ਵਿੱਚ ਸੂਰਜ ਨੂੰ ਪ੍ਰਿਥਵੀ ਦਾ ਪਤੀ ਦੱਸਿਆ ਗਿਆ ਹੈ।

ਪੁਰਾਣ ਕਥਾਵਾਂ ਦੀ ਧਾਰਮਿਕ ਮਹੱਤਤਾ ਹੋਣੀ ਸੁਭਾਵਿਕ ਹੈ। ਇਕ ਵਿਦਵਾਨ ਨੇ ਕਿਹਾ ਹੈ ਕਿ "ਧਰਮ ਨੂੰ ਲਪੇਟ ਵਿੱਚ ਲਏ ਬਿਨਾਂ ਪੁਰਾਣ-ਸ਼ਾਸਤਰ ਦੀ ਕੋਈ ਮਹੱਤਤਾ ਨਹੀਂ।" ਸ਼ਿਪਲੇ ਦੇ ਸ਼ਬਦਾਂ ਵਿੱਚ "ਪੁਰਾਣ ਕਥਾ ਧਰਮ ਜਿੰਨੀ ਹੀ ਪ੍ਰਾਚੀਨ ਹੁੰਦੀ ਹੈ। ਇਹ ਦੋਵੇਂ ਇੱਕ ਦੂਜੇ ਦੇ ਇੰਨੇ ਨੇੜੇ ਹਨ ਕਿ ਮੇਰੇ ਲਈ 'ਪੁਰਾਣ ਕਥਾ' ਇੱਕ ਧਾਰਮਿਕ ਪਦ ਹੈ।" ਧਰਮ ਨਾਲ ਜੁੜੀਆਂ ਹੋਣ ਕਰਕੇ ਇਹ ਕਹਾਣੀਆਂ ਪਵਿੱਤਰ ਸਮਝੀਆਂ ਜਾਂਦੀਆਂ ਹਨ ਅਤੇ ਇਹਨਾਂ ਦੇ ਸੁਣਨ ਨਾਲ ਮੋਕਸ਼ ਦੀ ਅਭਿਲਾਸ਼ਾ ਕੀਤੀ ਜਾਂਦੀ ਹੈ। ਅਜਿਹੀਆਂ ਕਥਾਵਾਂ ਦੀ ਕਾਫ਼ੀ ਵੱਡੀ ਸੰਖਿਆ ਧਾਰਮਿਕ ਰਹੁ-ਰੀਤਾਂ ਨਾਲ ਸਬੰਧਿਤ ਹੈ ਅਤੇ ਹਰ ਅਨੁਸ਼ਠਾਨ ਸਮੇਂ ਕਿਸੇ ਪੁਰਾਣ ਕਥਾ ਦਾ ਉਚਾਰਿਆ ਜਾਣਾ ਜ਼ਰੂਰੀ ਕਿਰਿਆ ਮੰਨੀ ਜਾਂਦੀ ਹੈ। ਅਨੁਸ਼ਠਾਨ ਦੇ ਨਾਲ ਪੁਰਾਣ ਕਥਾ ਕਿਸੇ ਦੇਵਤੇ ਦੀ ਵੀ ਵਿਆਖਿਆ ਕਰਦੀ ਹੈ। ਇਸ ਤਰ੍ਹਾਂ ਪ੍ਰਾਚੀਨ ਮਨੁੱਖ ਵਿੱਚ ਉਪਲੱਬਧ ਧਾਰਮਿਕ ਵਿਸ਼ਵਾਸ ਦੇਵਤਿਆਂ ਅਤੇ ਅਨੁਸ਼ਠਾਨਾਂ ਨਾਲ ਸੰਬੰਧਿਤ ਕਥਾਵਾਂ ਵਿੱਚ ਰੂਪਮਾਨ ਹੋ ਜਾਂਦੇ ਹਨ।

**ਪ੍ਰਸ਼ਨ 26- ਪੁਰਾਣ ਕਥਾਵਾਂ ਨੂੰ ਪਵਿੱਤਰ ਕਿਉਂ ਸਮਝਿਆ ਜਾਂਦਾ ਹੈ? ਕਿਉਂਕਿ-**

a) ਇਨ੍ਹਾਂ ਦਾ ਜਨਮ ਪ੍ਰਕਿਰਤਿਕ ਸ਼ਕਤੀਆਂ 'ਚੋਂ ਹੋਇਆ ਹੈ।
b) ਇਹ ਧਰਮ ਨਾਲ ਗੂੜ੍ਹੀ ਤਰ੍ਹਾਂ ਸੰਬੰਧਿਤ ਹਨ।
c) ਇਹ ਧਾਰਮਿਕ ਰਹੁ-ਰੀਤਾਂ ਬਾਰੇ ਗੱਲ ਕਰਦੀਆਂ ਹਨ।
d) ਦੇਵਤਿਆਂ ਦੇ ਜੀਵਨ ਬਾਰੇ ਹਨ।

**ਪ੍ਰਸ਼ਨ 27- ਕੁਦਰਤੀ ਸ੍ਰੋਤਾਂ ਨੂੰ ਦੇਵਤੇ ਦੀ ਤਰ੍ਹਾਂ ਕਿਉਂ ਪੂਜਿਆ ਜਾਣ ਲੱਗਾ? ਕਿਉਂਕਿ-**

a) ਇਹ ਬਹੁਤ ਸ਼ਕਤੀਸ਼ਾਲੀ ਹਨ।
b) ਇਹਨਾਂ ਤੋਂ ਹੀ ਪੁਰਾਣ ਕਥਾਵਾਂ ਦੀ ਸਿਰਜਨਾ ਹੋਈ ਹੈ।
c) ਪੁਰਾਣ ਕਥਾਵਾਂ 'ਚ ਇਹਨਾਂ ਦਾ ਜ਼ਿਕਰ ਹੈ।
d) ਉਪਰੋਕਤ 'ਚੋਂ ਕੋਈ ਨਹੀਂ।

ਇਹ ਗੱਲ ਸਭ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਵਿਗਿਆਨ ਨੇ ਜੋ ਕੁਝ ਵੀ ਕੀਤਾ ਹੈ ਉਸ ਨੇ ਧਰਤੀ ਦੇ ਜੀਵਨ ਵਿੱਚ ਇੱਕ ਸੰਕਟਮਈ ਪਲ ਲੈ ਆਂਦਾ ਹੈ ਜਿਸ ਦਾ ਹੱਲ ਵੀ ਵਿਗਿਆਨ ਆਪ ਹੀ ਹੈ। ਮਿਸਾਲ ਦੇ ਤੌਰ 'ਤੇ ਪ੍ਰਦੂਸ਼ਣ, ਓਜ਼ੋਨ ਦੀ ਤਹਿ ਦੇ ਨਸ਼ਟ ਹੋਣ ਦੀ ਸਮੱਸਿਆ-ਇਹ ਸਭ ਵਿਗਿਆਨ ਦੀ ਹੀ ਦੇਣ ਹਨ ਅਤੇ ਵਿਗਿਆਨ ਕੋਲ ਹੀ ਇਹਨਾਂ ਦਾ ਹੱਲ ਹੈ। ਜੇ ਇਸ ਤਰ੍ਹਾਂ ਨਾ ਹੋ ਸਕੇ ਤਾਂ ਹਾਨੀਕਾਰਕ ਕਾਰਖਾਨੇ ਬੰਦ ਕਰ ਦੇਣੇ ਚਾਹੀਦੇ ਹਨ ਅਤੇ ਉਹਨਾਂ ਦੇ ਉਤਪਾਦਾਂ ਦੀ ਥਾਂ ਹੋਰ ਕੁਝ ਪੈਦਾ ਕਰਨਾ ਚਾਹੀਦਾ ਹੈ। ਲੇਕਿਨ ਅਜਿਹਾ ਕਰੇਗਾ ਵਿਗਿਆਨ ਹੀ। ਵਿਗਿਆਨ ਦੀ ਨਿੰਦਾ ਕਰਨ ਦੀ ਕੋਈ ਤੁਕ ਨਹੀਂ ਕਿਉਂਕਿ ਉਸ ਨੇ ਬੇਹਤਰ ਸਿਹਤ ਅਤੇ ਦਵਾਈਆਂ ਦਿੱਤੀਆਂ ਹਨ ਜਿਨ੍ਹਾਂ ਨੇ ਲੱਖਾਂ ਬੱਚਿਆਂ ਨੂੰ ਮਰਨ ਤੋਂ ਬਚਾਇਆ ਹੈ। ਅਤੇ ਸੈਂਕੜੇ ਖੋਜਾਂ ਹਨ ਜੋ ਖ਼ਰੀਦ ਲਈਆਂ ਗਈਆਂ ਹਨ ਤਾਂ ਕਿ ਬਾਜਾਰ ਵਿੱਚ ਨਾ ਮਿਲਣ। ਉਹ ਇਸ ਕਰਕੇ ਕਿ ਇਹ ਕੁਝ ਕੁ ਲੋਕਾਂ ਦੇ ਸੌੜੇ ਹਿੱਤਾਂ ਦੇ ਖਿਲਾਫ਼ ਸਨ। ਇੱਕ ਵਾਰ ਪੂਰੇ ਸੰਸਾਰ ਦਾ ਇੱਕ ਰਾਜ ਪ੍ਰਬੰਧ ਹੋ ਜਾਵੇ ਤਾਂ ਹਾਲਾਤ ਬਿਲਕੁਲ ਹੀ ਬਦਲ ਸਕਦੇ ਹਨ।

ਇੱਕ ਮਹਾਨ ਇਨਕਲਾਬ ਦੀ ਲੋੜ ਹੈ। ਸਿੱਟਾ ਇਹੋ ਨਿੱਕਲਦਾ ਹੈ ਕਿ ਜਿਵੇਂ ਕਦੇ ਵਿਗਿਆਨੀਆਂ ਨੇ ਧਰਮ ਦੇ ਖਿਲਾਫ਼ ਝੰਡਾ ਚੁੱਕਿਆ ਸੀ ਉਸੇ ਤਰ੍ਹਾਂ ਉਹਨਾਂ ਨੂੰ ਹੁਣ ਸਿਆਸਤ ਅਤੇ ਰਾਸ਼ਟਰਵਾਦ ਨੂੰ ਭਾਂਜ ਦੇਣੀ ਹੈ। ਉਹਨਾਂ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ।

**ਪ੍ਰਸ਼ਨ 28- ਲੇਖਕ ਅਨੁਸਾਰ-**

a) ਵਿਗਿਆਨ ਨੇ ਸੰਕਟ ਹੀ ਪੈਦਾ ਕੀਤੇ ਹਨ।
b) ਵਿਗਿਆਨ ਹੀ ਸਮੱਸਿਆ ਅਤੇ ਵਿਗਿਆਨ ਹੀ ਹੱਲ ਹੈ।
c) ਵਿਗਿਆਨ ਇੱਕੋ ਸੰਸਾਰ ਪ੍ਰਬੰਧ ਹੇਠ ਹੋਣਾ ਚਾਹੀਦਾ ਹੈ।
d) ਵਿਗਿਆਨ ਨੂੰ ਨਿਜ਼ਾਮ ਖ਼ਿਲਾਫ਼ ਬਗ਼ਾਵਤ ਕਰਨੀ ਪਏਗੀ।

**ਪ੍ਰਸ਼ਨ 29- ਗ਼ਲਤ ਕਥਨ ਦੀ ਚੋਣ ਕਰੋ-**

1. ਕੁਝ ਲੋਕਾਂ ਦੇ ਸੌੜੇ ਹਿੱਤਾਂ ਲਈ ਕਈ ਖੋਜਾਂ ਖਰੀਦ ਲਈਆਂ ਗਈਆਂ।
2. ਕਿਉਂਕਿ ਵਿਗਿਆਨੀਆਂ ਦੀ ਜ਼ਿਮੇਵਾਰੀ ਵੱਡੀ ਹੈ ਇਸ ਲਈ ਉਹਨਾਂ ਨੂੰ ਹੱਦਬੰਦੀਆਂ ਤੋਂ ਉੱਪਰ ਉੱਠਣਾ ਚਾਹੀਦਾ ਹੈ।

a) ਸਿਰਫ਼ 1 c) ਦੋਨੋਂ
b) ਸਿਰਫ਼ 2 d) ਕੋਈ ਨਹੀਂ

ਪਰ ਸਮੱਸਿਆ ਗੁੰਝਲਦਾਰ ਹੋ ਜਾਂਦੀ ਹੈ ਕਿਉਂਕਿ ਜੇ ਤਿੰਨ ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਦਿੱਤਾ ਗਿਆ ਤਾਂ ਬਾਕੀ ਲੋਕ ਵੀ ਮੰਗਣਗੇ। ਚੀਜ਼ਾਂ ਦੇ ਭਾਅ ਡਿੱਗਣਗੇ। ਕਿਸਾਨ ਨੂੰ ਵੱਧ ਪੈਦਾਵਾਰ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਰਹਿ ਜਾਵੇਗੀ। ਮੁੱਕਦੀ ਗੱਲ ਇਹ ਕਿ ਅਰਥਚਾਰੇ ਨੂੰ ਡਾਵਾਂਡੋਲ ਹੋਣ ਤੋਂ ਬਚਾਉਣ ਲਈ ਅਮਰੀਕੀਆਂ ਨੇ ਤਿੰਨ ਕਰੋੜ ਲੋਕਾਂ ਨੂੰ ਸੜਕਾਂ ’ਤੇ ਭੁੱਖੇ ਮਰਨ ਲਈ ਛੱਡ ਦਿੱਤਾ। ਵਾਧੂ ਉਪਜ ਸਮੁੰਦਰ ’ਚ ਡੁਬੋਦੇ ਰਹੇ। ਐਨਾ ਹੀ ਨਹੀਂ ਅਮਰੀਕਾ ਵਿੱਚ ਤਿੰਨ ਕਰੋੜ ਲੋਕ ਜ਼ਿਆਦਾ ਖਾਣ ਨਾਲ ਮਰ ਰਹੇ ਹਨ। ਥੋੜ੍ਹੀ ਜਿਹੀ ਸਮਝ ਵਰਤਣ ਨਾਲ ਛੇ ਕਰੋੜ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ। ਪ੍ਰੰਤੂ ਇਹਦੇ ਲਈ ਸਮੁੱਚੇ ਸੰਸਾਰ ਨੂੰ ਇੱਕ ਇਕਾਈ ਸਮਝਣਾ ਪਵੇਗਾ। ਜਿਸ ਵਾਸਤੇ ਡੂੰਘੀ ਨੀਤ ਦੀ ਲੋੜ ਹੈ।

ਸਾਡੀਆਂ ਸਮੱਸਿਆਵਾਂ ਨੇ ਸਾਨੂੰ ਅਜਿਹੇ ਮੋੜ ’ਤੇ ਲੈ ਆਂਦਾ ਹੈ ਕਿ ਮਨੁੱਖ ਨੂੰ ਬਦਲਣਾ ਹੀ ਪਵੇਗਾ। ਕਿਉਂਕਿ ਉਹ ਪ੍ਰਚੀਨ ਪਰੰਪਰਾਵਾਂ, ਉਹ ਸੰਸਕਾਰ, ਉਹ ਸਿੱਖਿਆ ਪ੍ਰਣਾਲੀਆਂ ਅਤੇ ਉਹ ਧਰਮ ਜਿਨ੍ਹਾਂ ਦਾ ਮਨੁੱਖ ਧਾਰਨੀ ਰਿਹਾ ਹੈ, ਉਹੋ ਇਸ ਸੰਕਟ ਦੀ ਜੜ੍ਹ ਹਨ। ਸਮੂਹਿਕ ਆਤਮਘਾਤ ਦੀ ਇਹ ਸਥਿਤੀ ਸਾਡੀਆਂ ਸਾਰੀਆਂ ਸੰਸਕ੍ਰਿਤੀਆਂ, ਫ਼ਲਸਫ਼ਿਆਂ ਅਤੇ ਸਾਰੇ ਧਰਮਾਂ ਦੀ ਚਰਮ ਸੀਮਾ ਹੈ। ਇਹਨਾਂ ਸਾਰਿਆਂ ਨੇ ਰਲ ਕੇ ਅਜੀਬ-ਅਜੀਬ ਢੰਗਾਂ ਨਾਲ ਇਸ ਵਿੱਚ ਯੋਗਦਾਨ ਪਾਇਆ ਹੈ ਕਿਉਂਕਿ ਕਿਸੇ ਨੇ ਕਦੇ ਸਮੂਹ ਦੀ ਚਿੰਤਾ ਨਹੀਂ ਕੀਤੀ।

**ਪ੍ਰਸ਼ਨ 30- ਵਾਧੂ ਉਪਜ ਸਮੁੰਦਰ ਵਿੱਚ ਕਿਉਂ ਸੁੱਟੀ ਗਈ?**

a) ਅਰਥਚਾਰਾ ਸਥਿਰ ਰੱਖਣ ਲਈ।
b) ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ।
c) ਵਸਤਾਂ ਦਾ ਭਾਅ ਬਣਾਈ ਰੱਖਣ ਲਈ।
d) ਲੋਕਾਂ ਨੂੰ ਮੁਫ਼ਤ ਭੋਜਨ ਦੀ ਮੰਗ ਤੋਂ ਦੂਰ ਰੱਖਣ ਲਈ।

**ਪ੍ਰਸ਼ਨ 31- ਇਨ੍ਹਾਂ ਸਮੱਸਿਆਵਾਂ ’ਚੋਂ ਨਿੱਕਲਣ ਲਈ ਮਨੁੱਖ ਨੂੰ ਬਦਲਣ ਲਈ ਕੀ ਕਰਨਾ ਪਵੇਗਾ।**

a) ਮਨੁੱਖ ਨੂੰ ਸਮੂਹ ਬਾਰੇ ਸੋਚਣਾ ਪਵੇਗਾ।
b) ਆਰਥਿਕਤਾ ਨੂੰ ਮਜ਼ਬੂਤ ਰੱਖਣਾ ਪਵੇਗਾ।
c) ਡੂੰਘੀ ਨੀਯਤ ਦੀ ਜ਼ਰੂਰਤ ਹੈ।
d) ਪ੍ਰਾਚੀਨ ਪਰੰਪਰਾਵਾਂ ’ਚੋਂ ਸਿੱਖਿਆ ਲੈਣੀ ਪਵੇਗੀ।

ਅਮਰੀਕੀ ਮਨੋਵਿਗਿਆਨ ਦੇ ਮੋਢੀ ਵਿਲੀਅਮ ਜੇਮਸ ਨੇ ਕਿਹਾ ਸੀ ਕਿ ਤੁਹਾਡੇ ਅਵਚੇਤਨ ਮਨ ਵਿੱਚ ਦੁਨੀਆਂ ਨੂੰ ਹਿਲਾਉਣ ਦੀ ਸ਼ਕਤੀ ਹੈ। ਇਸ ਵਿੱਚ ਅਸੀਮ ਗਿਆਨ ਅਤੇ ਬੁੱਧੀਮਤਾ ਹੈ। ਇਸ ਨੂੰ ਛੁਪੇ ਹੋਏ ਸਰੋਤਾਂ ਤੋਂ ਖ਼ੁਰਾਕ ਮਿਲਦੀ ਹੈ ਅਤੇ ਇਸ ਨੂੰ ਜੀਵਨ ਦਾ ਨਿਯਮ ਕਿਹਾ ਜਾਂਦਾ ਹੈ। ਤੁਸੀਂ ਆਪਣੇ ਅਵਚੇਤਨ ਮਨ ਉੱਤੇ ਜੋ ਵੀ ਛਾਪ ਛੱਡਦੇ ਹੋ, ਇਹ ਉਸਨੂੰ ਸਾਕਾਰ ਕਰਨ ਲਈ ਜ਼ਮੀਂ-ਆਸਮਾਨ ਇਕ ਕਰ ਦੇਵੇਗਾ। ਇਸ ਲਈ ਤੁਹਾਨੂੰ ਇਸ ਉੱਤੇ ਸਿਰਫ਼ ਸਹੀ ਅਤੇ ਸਿਰਜਨਾਤਮਕ ਵਿਚਾਰਾਂ ਦੀ ਹੀ ਛਾਪ ਛੱਡਣੀ ਚਾਹੀਦੀ ਹੈ।

ਦੁਨੀਆਂ ਵਿੱਚ ਇੰਨੀ ਅਵਿਵਸਥਾ ਅਤੇ ਦੁੱਖ ਇਸ ਲਈ ਹਨ, ਕਿਉਂਕਿ ਜ਼ਿਆਦਾਤਰ ਲੋਕ ਆਪਣੇ ਚੇਤਨ ਅਤੇ ਅਵਚੇਤਨ ਮਨ ਦੇ ਆਪਸੀ ਸੰਬੰਧਾਂ ਨੂੰ ਨਹੀਂ ਸਮਝਦੇ। ਜਦੋਂ ਇਹ ਦੋਵੇਂ ਅਨੁਰੂਪ ਅਤੇ ਸੁੱਖ-ਮਈ ਤਾਲਮੇਲ ਵਿੱਚ ਹੁੰਦੇ ਹਨ, ਤਾਂ ਤੁਹਾਨੂੰ ਸਿਹਤ, ਖ਼ੁਸ਼ੀ, ਸ਼ਾਂਤੀ ਤੇ ਸੁੱਖ ਮਿਲਦਾ ਹੈ। ਜਦੋਂ ਚੇਤਨ ਅਤੇ ਅਵਚੇਤਨ ਮਨ ਇਕਸੁਰਤਾ ਅਤੇ ਸ਼ਾਂਤੀ ਨਾਲ ਮਿਲ ਕੇ ਕੰਮ ਕਰਦੇ ਹਨ, ਤਾਂ ਕੋਈ ਬਿਮਾਰੀ ਜਾਂ ਮੱਤਭੇਦ ਨਹੀਂ ਹੁੰਦਾ।

**ਪ੍ਰਸ਼ਨ 32- ਮਨੁੱਖ ਨੂੰ ਅਵਚੇਤਨ ਮਨ 'ਤੇ ਉਸਾਰੂ ਵਿਚਾਰ ਹੀ ਕਿਉਂ ਅੰਕਿਤ ਕਰਨੇ ਚਾਹੀਦੇ ਹਨ?**

a) ਅਵਚੇਤਨ ਮਨ ਆਪਣੇ ਉੱਪਰ ਛੱਡੀ ਛਾਪ ਨੂੰ ਹੀ ਅਸਲੀਅਤ ਬਣਾਉਂਦਾ ਹੈ।

b) ਇਸ ਕੋਲ਼ ਬਹੁਤ ਗਿਆਨ ਹੈ।

c) ਇਹ ਦੁਨੀਆਂ ਹਿਲਾ ਸਕਦਾ ਹੈ।

d) ਇਹੋ ਜੀਵਨ ਦਾ ਨਿਯਮ ਹੈ।

**ਪ੍ਰਸ਼ਨ 33- ਦੁਨੀਆਂ ਵਿੱਚ ਸੁੱਖ ਕਿਵੇਂ ਪੈਦਾ ਹੋ ਸਕਦਾ ਹੈ?**

a) ਚੇਤਨ ਅਤੇ ਅਵਚੇਤਨ ਮਨ ਦੇ ਤਾਲਮੇਲ ਵਾਲੇ ਸਬੰਧਾਂ ਨੂੰ ਸਮਝ ਕੇ

b) ਚੇਤਨ ਮਨ ਦੀ ਇਕਸੁਰਤਾ ਰਾਹੀਂ।

c) ਜੀਵਨ ਦੇ ਨਿਯਮ ਰਾਹੀਂ।

d) ਸਿਹਤ ਤੇ ਖ਼ੁਸ਼ੀ ਰਾਹੀਂ।

**Passages Set No. 4- Answer Key**

| Question No. | Answer | Question No. | Answer |
|---|---|---|---|
| 1. | c | 2. | a |
| 3. | c | 4. | a |
| 5. | b | 6. | b |
| 7. | b | 8. | d |
| 9. | c | 10. | c |
| 11. | a | 12. | b |
| 13. | d | 14. | a |
| 15. | d | 16. | a |
| 17. | d | 18. | c |
| 19. | c | 20. | d |
| 21. | c | 22. | a |
| 23. | c | 24. | d |
| 25. | d | 26. | b |
| 27. | d | 28. | b |
| 29. | d | 30. | c |
| 31. | a | 32. | a |
| 33. | a | | |

# ਸਹੀ ਸ਼ਬਦ ਜੋੜ ਚੁਣੋ

ਸ਼ਬਦ ਜੋੜਾਂ ਦੀ ਪ੍ਰਮਾਣਿਕਤਾ ਲਈ
ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ
ਅਤੇ
ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਨੂੰ ਆਧਾਰ ਬਣਾਇਆ ਗਿਆ ਹੈ।

**1.**

a) ਸੇਹਤ c) ਸਿਹਤ
b) ਸੇਤ੍ਹ d) ਸਿਹੇਤ

**2.**

a) ਉਧਾਰਨ c) ਉਦਾਰਨ
b) ਉਦਹਾਰਨ d) ਉਦਾਹਰਣ

**3.**

a) ਆਸਮਾਨ c) ਆਸਮਾਣ
b) ਅਸਮਾਣ d) ਅਸਮਾਂਨ

**4.**

a) ਇੰਞ c) ਇੰਝ
b) ਇੰਜ d) ਇਞ

**5.**

a) ਜਿੰਨ੍ਹਾ c) ਜਿਨ੍ਹਾ
b) ਜਿੰਣਾ d) ਜਿਨਾ

**6.**

a) ਮੇਜ਼-ਬਾਨ c) ਮੇਜਬਾਨ
b) ਮੇਜ-ਬਾਨ d) ਮੇਜ਼ਬਾਨ

**7.**

a) ਇੰਨ੍ਹਾ c) ਇੰਨਾਂ
b) ਇੰਨਾ d) ਇੰਨ੍ਹਾਂ

**8.**

a) ਉਲ਼ੰਘਣਾ c) ਉਲੰਘਣਾ
b) ਉਲੰਘਨਾ d) ਉਲੰਗਣਾ

**9.**

a) ਇਨ੍ਹਾ c) ਇੰਨ੍ਹਾਂ
b) ਇੰਨ੍ਹਾ d) ਇਨਾ

**10.**

a) ਵਿਦੇਸ਼ c) ਵਿਦੇਸ
b) ਵਦੇਸ਼ d) ਬਦੇਸ਼

**11.**
a) ਪਾਉੜੀ c) ਪਉੜੀ
b) ਪੌੜੀ d) ਪੌੜ੍ਹੀ

**12.**
a) ਗੱਲਾ c) ਗੱਲ਼ਾ
b) ਗਲਾਂ d) ਗੱਲ੍ਹਾ

**13.**
a) ਸ਼ੁਦੈਣ c) ਸ਼ੁਦਾਇਣ
b) ਸ਼ੁਦਾਇਨ d) ਸ਼ੂਦਾਇਣ

**14.**
a) ਜਵਾਣ c) ਜਵਾਨ
b) ਜੁਆਨ d) ਜੁਵਾਨ

**15.**
a) ਆਉਖੀ c) ਅਓਖੀ
b) ਔਖੀ d) ਔਖ਼ੀ

**16.**
a) ਨੂੰਹ c) ਨੁੰਹ
b) ਨਹੂੰ d) ਨੌਂ

**17.**
a) ਨੈਅਰ c) ਨੈਰ
b) ਨੈਹਰ d) ਨਹਿਰ

**18.**
a) ਕਹਿਰ c) ਕੈਹਰ
b) ਕਹੈਰ d) ਕੈਅਰ

**19.**
a) ਸੌਹਰਾ c) ਸਹੁਰਾ
b) ਸੋਹਰਾ d) ਸਔਰਾ

**20.**
a) ਚਹੁੰਦਾ c) ਚਾਹੁੰਦਾ
b) ਚਉਂਦਾ d) ਚੌਂਦਾ

**21.**
a) ਨਹੁੰ c) ਨੈਂਹ
b) ਨੈਂਅ d) ਨਹੋਂ

**22.**
a) ਅਹੁਦਾ c) ਆਹੁਦਾ
b) ਅਉਦਾ d) ਔਹਦਾ

**23.**
a) ਸਨਮਾਨ c) ਸੰਮਾਨ
b) ਸਨਮਾਣ d) ਸਮਾਂਨ

**24.**
a) ਅਤੁੱਟ c) ਅਟੁੱਟ
b) ਅਤੁਟ d) ਅਟੁਟ

**25.**
a) ਮੁਸ਼ਕਿਲ c) ਮੁਸਕਿਲ
b) ਮੁਸ਼ਕਿਲ਼ d) ਮੁਸ਼ਕਲ

**26.**
a) ਜਜ਼ਬਾਤ c) ਜਜਬਾਤ
b) ਜ਼ਜਬਾਤ d) ਜ਼ਜ਼ਬਾਤ

**27.**
a) ਪਰਧਾਨ c) ਪ੍ਰਧਾਨ
b) ਪ੍ਰਧਾਣ d) ਪਰਧਾਣ

**28.**
a) ਫਸਲ c) ਫ਼ਸਲ
b) ਫਸਲ਼ d) ਫ਼ਸਲ਼

**29.**
a) ਦਵਾਈ c) ਦੁਆਈ
b) ਦੋਆਈ d) ਦੁਵਾਈ

**30.**
a) ਪ੍ਰੰਪਰਾ c) ਪਰਮਪਰਾ
b) ਪਰੰਪ੍ਰਾ d) ਪਰੰਪਰਾ

**31.**
a) ਸੁਣਨਾ c) ਸੁਨਣਾ
b) ਸੁਨਨਾ d) ਸੁਣਣਾ

**32.**

a) ਜਨਣ c) ਜਣਨ

b) ਜਨਨ d) ਜਣਣ

**33.**

a) ਪਰਸਤਾਵਨਾ c) ਪ੍ਰਸਤਾਵਨਾ

b) ਪ੍ਰਸਤਵਣਾ d) ਪਰਸਤਾਵਣਾ

**34.**

a) ਚਾਹ-ਪੁਣਨੀ c)ਚਾਹ-ਪੁਣਣੀ

b) ਚਾਹ-ਪੁਨਣੀ d) ਚਾਹ-ਪੋਨੀ

**35.**

a) ਸ਼ਸ਼ਤਰ c) ਸ਼ਸਤਰ

b) ਸਸਤਰ d) ਸਸ਼ਤਰ

**36.**

a) ਰੋਅਬ c) ਰੋਹਬ

b) ਰੁਅਬ d) ਰੋਬ

**37.**

a) ਸੁਹਣੀ c) ਸੋਹਣੀ

b) ਸੁਹਨੀ d) ਸੋਹਨੀ

**38.**

a) ਆਧੁਨਿਕ c) ਅਧੁਨਿਕ

b) ਅਧੁਨਕ d) ਆਧੁਨਕ

**39.**

a) ਵਿਅਕਤਿਤਵ c) ਵਿਆਕਤਿਤਵ

b) ਵਿਆਕਤੀਤਵ d) ਵਿਅਕਤੀਤਵ

**40.**

a) ਯਤਨ c) ਜਤਣ

b) ਯਤਣ d) ਜਤਨ

**41.**

a) ਆਰਆ c) ਆਰੀਯ

b) ਆਰਿਆ d) ਆਰਿਯ

**42.**

a) ਪੁਰਾਤਨ c) ਪੁਰਾਤਣ

b) ਪਰਾਤਣ d) ਪਰਾਤਨ

**43.**

a) ਦੁਪਹਿਰ c) ਦੁਪੈਹਰ

b) ਦੁਪਿਹਰ d) ਦੁਪੇਹਰ

**44.**

a) ਜਨਤਾ c) ਜੰਤਾ

b) ਜਾਂਤਾ d) ਜਣਤਾ

**45.**

a) ਮਿਠਾਈ c) ਮਿਠਿਆਈ

b) ਮਠਿਆਈ d) ਮਠਾਈ

**46.**

a) ਫਿਜ਼ੂਲ c) ਫਜ਼ੂਲ

b) ਫ਼ਜ਼ੂਲ d) ਫ਼ਜ਼ੂਲ

**47.**

a) ਖੰਭ c) ਖੰਬ

b) ਖੰਭ d) ਖੰਬ

**48.**

a) ਕਮੀਜ c) ਕਮੀਜ਼

b) ਕਮੀਚ d) ਕੰਮੀਜ਼

**49.**

a) ਖਾਇਸ਼ c) ਖਾਅਸ਼

b) ਖ਼ਾਹਸ਼ d) ਖਾਹਸ਼

**50.**

a) ਗ੍ਰਹਿਸਤ c) ਗ੍ਰਹਸਤ

b) ਗ੍ਰੈਸਤ d) ਗ੍ਰਹੈਸਤ

**51.**

a) ਨਰੀਖਨ c) ਨੀਰਿਖਣ

b) ਨੀਰੀਖਣ d) ਨਿਰੀਖਣ

**52.**

a) ਚੁਨਨਾ c) ਚੁਣਨਾ

b) ਚੁਨਣਾ d) ਚੁਣਣਾ

**53.**
a) ਪੰਜਾਬਣ c) ਪੰਜਾਬਨ
b) ਪੰਜਾਂਬਣ d) ਪੰਜ਼ਾਬਣ

**54.**
a) ਫੈਸਲਾ c) ਫ਼ੈਸਲ਼ਾ
b) ਫ਼ੈਸਲਾ d) ਫੈਸਲ਼ਾ

**55.**
a) ਫ਼ੁਫੜ c) ਫ਼ੁੱਫ਼ੜ
b) ਫੁਫੜ d) ਫ਼ੁੱਫੜ

**56.**
a) ਬਖਸ਼ੀਸ c) ਬਖਸ਼ੀਸ਼
b) ਬਖ਼ਸੀਸ਼ d) ਬਖ਼ਸ਼ੀਸ਼

**57.**
a) ਬਨਿਆਨੀ c) ਬਨਿਆਣੀ
b) ਬਇਆਨੀ d) ਬਇਆਣੀ

**58.**
a) ਬੰਧਿਸ਼ c) ਬੰਧਸ਼
b) ਬੰਦਸ਼ d) ਬੰਦਿਸ਼

**59.**
a) ਢਾਉਣਾ c) ਢੌਣਾ
b) ਢਹੁਣਾ d) ਢਾਹੁਣਾ

**60.**
a) ਧਨੀਆ c) ਧਣੀਆ
b) ਧਨੀਆਂ d) ਧਣੀਆਂ

**61.**
a) ਨੇਰੀ c) ਨੇਰ੍ਹੀ
b) ਨਏਰੀ d) ਨ੍ਹੇਰੀ

**62.**
a) ਨਾਲੈਕ c) ਨਲੈਕ
b) ਨਲਾਇਕ d) ਨਾਲਾਇਕ

**63.**
a) ਪੌਂਚ c) ਪ੍ਹੌਂਚ
b) ਪਉਂਚ d) ਪਹੁੰਚ

**64.**
a) ਭੋਂਭਾਲ c) ਭੋਂਪਾਲ
b) ਪੋਂਭਾਲ d) ਭਪਾਲ

**65.**
a) ਮੁਹਤਬਰ c) ਮੋਹਤਬਰ
b) ਮੋਅਤਬਰ d) ਮੁਅਤਬਰ

**66.**
a) ਮੋਹਤਾਜ c) ਮੁਹਤਾਜ
b) ਮੁਤਾਜ d) ਮੋਤਾਜ

**67.**
a) ਮੁਲੈਮ c) ਮਲਾਇਮ
b) ਮੁਲਾਇਮ d) ਮੁਲਾਇਮ

**68.**
a) ਰੈਹਮ c) ਰਹਿਮ
b) ਰਹੇਮ d) ਰਿਹਮ

**69.**
a) ਵਿਅੜਾ c) ਵਿੜ੍ਹਾ
b) ਵੇਹੜਾ d) ਵਿਹੜਾ

**70.**
a) ਗਵਾਚ c) ਗੁਵਾਚ
b) ਗੁਆਚ d) ਗੋਆਚ

**71.**
a) ਢੂੰਦਾ c) ਢੂੰਹਦਾ
b) ਢੁੰਦਾ d) ਢੂੰਅਦਾ

**72.**
a) ਸ਼ੌਹਰਤ c) ਸ਼ੁਹਰਤ
b) ਸ਼ੋਹਰਤ d) ਸ਼ੋਰਤ

**73.**
a) ਪੜਾ c) ਪਅੜਾ
b) ਪੜਾਅ d) ਪ੍ਰੜਾ

**74.**

a) ਉਤਰਾ-ਚੜਾਅ    c) ਉਤਰਾਅ-ਚੜਾਅ

b) ਉਤਰਾਅ-ਚੜ੍ਹਾਅ    d) ਉਤਰਾ-ਚੜ੍ਹਾਅ

**75.**

a) ਸਮੰਤਰ    c) ਸਮਾਨਤਰ

b) ਸਮਾਨਾਂਤਰ    d) ਸਮਾਨਆਂਤਰ

**76.**

a) ਮੁਗਲ    c) ਮੁਗਲ਼

b) ਮੁਗ਼ਲ਼    d) ਮੁਗ਼ਲ

**77.**

a) ਗ਼ਜ਼ਲ    c) ਗ਼ਜਲ

b) ਗਜ਼ਲ    d) ਗ਼ਜਲ਼

**78.**

a) ਸ੍ਰਿਸਟੀ    c) ਸ੍ਰਿਸ਼ਟੀ

b) ਸ਼੍ਰਿਸ਼ਟੀ    d) ਸ਼੍ਰਿਸਟੀ

**79.**

a) ਖ਼ਰਬੂਜਾ    c) ਖ਼ਰਬੂਜਾ

b) ਖ਼ਰਬੂਜ਼ਾ    d) ਖਰਬੂਜਾ

**78.**

a) ਪ੍ਰਸਾਸ਼ਨ    c) ਪ੍ਰਸ਼ਾਸਨ

b) ਪ੍ਰਸਾਸਨ    d) ਪ੍ਰਸ਼ਾਸ਼ਨ

**79.**

a) ਸਖ਼ਸ਼ੀਅਤ    c) ਸ਼ਖ਼ਸੀਅਤ

b) ਸ਼ਖਸੀਅਤ    d) ਸ਼ਖ਼ਸ਼ੀਅਤ

**80.**

a) ਓਹਲ਼ਾ    c) ਓਅਲ੍ਹਾ

b) ਉਹਲਾ    d) ਓਲਾ

**81.**

a) ਗੁਜ਼ਾਰਨਾ    c) ਗੁਜਾਰਨਾ

b) ਗ਼ੁਜਾਰਨਾ    d) ਗ਼ੁਜ਼ਾਰਨਾ

**82.**

a) ਅਸੈਹ    c) ਅਸਿਹ

b) ਅਸਹਿ    d) ਅਸਹੈ

**83.**

a) ਸਫ਼ਲ    c) ਸਫਲ

b) ਸਫ਼ਲ਼    d) ਸਫਲ਼

**84.**

a) ਅਹਮੀਅਤ    c) ਐਹਮੀਅਤ

b) ਅਹੈਮੀਅਤ    d) ਅਹਿਮੀਅਤ

**85.**

a) ਉਤਸ਼ਾਹੀਣ    c) ਉਤਸ਼ਾਹੀਨ

b) ਉਤਸ਼ਾਹਹੀਣ    d) ਉਤਸ਼ਾਹਹੀਨ

**86.**

a) ਆਕਾਲੀ    c) ਅਕਾਲੀ

b) ਅਕਾਲ਼ੀ    d) ਆਕਾਲ਼ੀ

**87.**

a) ਅਜਮੈਸ਼    c) ਅਜ਼ਮੈਸ਼

b) ਅਜਮਾਇਸ਼    d) ਅਜ਼ਮਾਇਸ਼

**88.**

a) ਸਲਾਨਾ    c) ਸਲ਼ਾਨਾ

b) ਸਾਲਾਨਾ    d) ਸਾਲ਼ਾਨਾ

**89.**

a) ਛਬੀਲ    c) ਸ਼ਬੀਲ

b) ਸ਼ਬੀਲ਼    d) ਛਬੀਲ਼

**90.**

a) ਅਨਾਜ    c) ਅਨਾਜ਼

b) ਆਨਾਜ    d) ਆਨਾਜ਼

**91.**

a) ਕੁੱਝ    c) ਕੁਝ

b) ਕੁਜ    d) ਕੁੱਜ

**92.**

a) ਜ਼ਿਲਾ c) ਜ਼ਿਲ੍ਹਾ

b) ਜਿਲਾ d) ਜਿਲ੍ਹਾ

**93.**

a) ਆਜਾਦ c) ਅਜ਼ਾਦ

b) ਆਜ਼ਾਦ d) ਅਜਾਦ

**94.**

a) ਇੰਜਨੀਅਰ c) ਇੰਜੀਨੀਅਰ

b) ਇੰਜਿਨੀਅਰ d) ਈਂਜੀਨੀਅਰ

**95.**

a) ਸੋਹਜ c) ਸੁਹਜ

b) ਸਹੁਜ d) ਸੋਜੁ

**Answer Key**

| Question No. | Answer | Question No. | Answer |
|---|---|---|---|
| 1. | c | 2. | d |
| 3. | a | 4. | a |
| 5. | c | 6. | d |
| 7. | b | 8. | c |
| 9. | a | 10. | a |
| 11. | b | 12. | a |
| 13. | a | 14. | c |
| 15. | b | 16. | a |
| 17. | d | 18. | a |
| 19. | c | 20. | c |
| 21. | a | 22. | a |
| 23. | a | 24. | c |
| 25. | a | 26. | a |
| 27. | c | 28. | c |
| 29. | a | 30. | a |
| 31. | d | 32. | a |
| 33. | c | 34. | c |
| 35. | a | 36. | c |
| 37. | c | 38. | a |
| 39. | a | 40. | a |
| 41. | b | 42. | a |
| 43. | a | 44. | a |
| 45. | b | 46. | d |
| 47. | a | 48. | c |
| 49. | d | 50. | a |
| 51. | d | 52. | c |
| 53. | a | 54. | b |
| 55. | d | 56. | d |
| 57. | d | 58. | b |
| 59. | d | 60. | c |
| 61. | d | 62. | d |
| 63. | d | 64. | c |
| 65. | a | 66. | c |
| 67. | b | 68. | c |
| 69. | d | 70. | a |
| 71. | c | 72. | c |
| 73. | b | 74. | b |
| 75. | b | 76. | d |
| 77. | a | 78. | c |
| 79. | c | 80. | b |
| 81. | a | 82. | b |
| 83. | c | 84. | d |
| 85. | b | 86. | c |
| 87. | d | 88. | b |
| 89. | a | 90. | a |
| 91. | c | 92. | c |
| 93. | b, c | 94. | c |
| 95. | c | | |

# ਦਫ਼ਤਰੀ ਸ਼ਬਦਾਵਲੀ

ਦਫ਼ਤਰੀ ਸ਼ਬਦਾਵਲੀ ਦੀ ਪ੍ਰਮਾਣਿਕਤਾ ਲਈ ਭਾਸ਼ਾ ਵਿਭਾਗ, ਪਟਿਆਲਾ ਦੇ ਪ੍ਰਕਾਸ਼ਨ ਨੂੰ ਆਧਾਰ ਬਣਾਇਆ ਗਿਆ ਹੈ।

| Sr. No. | English | Punjabi |
|---|---|---|
| 1. | A brief note is placed below | ਸੰਖੇਪ ਨੋਟ ਹੇਠਾਂ ਰੱਖਿਆ ਗਿਆ ਹੈ |
| 2. | Abandonment of domicile | ਅਧਿਵਾਸ-ਤਿਆਗ |
| 3. | Abeyance | ਆਰਜ਼ੀ ਰੋਕ |
| 4. | Abridge | ਸੰਖੇਪ ਕਰਨਾ |
| 5. | Abridged edition | ਸੰਖਿਪਤ ਐਡੀਸ਼ਨ |
| 6. | Absentee statement | ਗ਼ੈਰਹਾਜ਼ਰੀ ਵੇਰਵਾ |
| 7. | Absolute conveyance | ਪੂਰਨ ਇੰਤਕਾਰਲ |
| 8. | Absolute degree | ਪੂਰਨ ਡਿਗਰੀ |
| 9. | Absolute monopoly | ਪੂਰਨ ਇਜਾਰੇਦਾਰੀ |
| 10. | Abstain | ਪਰਹੇਜ਼ ਕਰਨਾ |
| 11. | Abstract book | ਸਾਰ-ਪੁਸਤਕ |
| 12. | Abstract budget | ਸੰਖਿਪਤ ਬਜਟ |
| 13. | Abstract register | ਸਾਰ ਰਜਿਸਟਰ |
| 14. | Absurdity | ਅਰਥਹੀਣਤਾ, ਬੇਤੁਕਾਪਨ |
| 15. | Academy of Fine Arts | ਲਲਿਤ ਕਲਾ ਅਕਾਦਮੀ |
| 16. | Accession number | (ਲਾਇਬ੍ਰੇਰੀ) ਪ੍ਰਾਪਤੀ ਕ੍ਰਮ ਅੰਕ |
| 17. | According to | -ਦੇ ਅਨੁਸਾਰ |
| 18. | Accordingly | ਇਸ ਅਨੁਸਾਰ |
| 19. | Account | ਲੇਖਾ, ਖਾਤਾ |
| 20. | Accountability | ਜਵਾਬਦੇਹੀ |
| 21. | Accountancy | ਲੇਖਾ ਵਿਧੀ |
| 22. | Accountant | ਲੇਖਾਕਾਰ |
| 23. | Accountant-General | ਮਹਾਂ ਲੇਖਾਕਾਰ |
| 24. | Acknowledge | ਪਹੁੰਚ-ਰਸੀਦ ਦੇਣੀ |
| 25. | Acknowledgement | ਪਹੁੰਚ-ਰਸੀਦ |
| 26. | Act of God | ਹੋਣੀ, ਭਾਣਾ |

| | | |
|---|---|---|
| 27. | Act of misconduct | ਦੁਰਾਚਾਰ |
| 28. | Actuals | ਅਸਲ ਅੰਕੜੇ |
| 29. | Addendum and Corrigendum | ਜ਼ਮੀਮਾ ਤੇ ਸ਼ੁੱਧੀ-ਪੱਤਰ |
| 30. | Additional charges | ਅਤਿਰਿਕਤ ਖ਼ਰਚੇ |
| 31. | Addressee | ਪ੍ਰਾਪਤਕਾਰ |
| 32. | Adhoc | ਤਦ-ਅਰਥ |
| 33. | Adjournment | ਸਥੱਗਨ |
| 34. | Administration | ਪ੍ਰਸ਼ਾਸਨ |
| 35. | Administrative instructions | ਪ੍ਰਸ਼ਾਸਨੀ ਹਦਾਇਤਾਂ |
| 36. | Administrative staff | ਪ੍ਰਸ਼ਾਸਨੀ ਅਮਲਾ |
| 37. | Administrator General | ਮਹਾਂ ਪ੍ਰਸ਼ਾਸਕ |
| 38. | Advertise | ਵਿਗਿਆਪਨ ਦੇਣਾ |
| 39. | Advertisement | ਵਿਗਿਆਪਨ |
| 40. | Afforest | ਵਣ-ਰੋਪਿਤ ਕਰਨਾ, ਜੰਗਲ ਲਾਉਣਾ, ਵਣ ਲਾਉਣਾ |
| 41. | Agreement | ਸਹਿਮਤੀ, ਇਕਰਾਰ, ਇਕਰਾਰਨਾਮਾ |
| 42. | Agricultural credit | ਖੇਤੀਬਾੜੀ ਕਰਜ਼ਾ |
| 43. | Agronomist | ਫ਼ਸਲ ਵਿਗਿਆਨੀ |
| 44. | Aims and objects | ਉਦੇਸ਼ ਤੇ ਮਨੋਰਥ |
| 45. | All India Radio | ਆਕਾਸ਼ਵਾਣੀ |
| 46. | Annexe | ਨੱਥੀ ਕਰਨਾ, ਜੋੜਨਾ |
| 47. | Annexure | ਅਨੁਲਾਗ |
| 48. | Annual confidential report | ਸਾਲਾਨਾ ਗੁਪਤ ਰਿਪੋਰਟ |
| 49. | Annual increment | ਸਾਲਾਨਾ ਤਨਖ਼ਾਹ-ਤਰੱਕੀ |
| 50. | Appellant | ਅਪੀਲਕਾਰ |
| 51. | Append | ਨੱਥੀ ਕਰਨਾ |

| | | |
|---|---|---|
| 52. | Appendage | ਅੰਤਿਕਾ |
| 53. | Appended | ਨੱਥੀ |
| 54. | Appendix | ਅੰਤਿਕਾ |
| 55. | Applicant | ਬਿਨੈਕਾਰ |
| 56. | Application | ਬਿਨੈ-ਪੱਤਰ |
| 57. | Appointed | ਨਿਯੁਕਤ, ਨਿਯਤ |
| 58. | Appointee | ਨਿਯੁਕਤ ਵਿਅਕਤੀ |
| 59. | Appointment | ਨਿਯੁਕਤੀ |
| 60. | Apprentice | ਸਿਖਿਆਰਥੀ |
| 61. | Apprenticeship | ਸਿਖਿਆਰਥੀਪਨ |
| 62. | Arbitration | ਸਾਲਸੀ |
| 63. | Arrears | ਬਕਾਇਆ |
| 64. | As appended | ਨੱਥੀ ਅਨੁਸਾਰ |
| 65. | As directed by | ਦੀ ਹਦਾਇਤ ਅਨੁਸਾਰ |
| 66. | As soon as practicable | ਜਿੰਨੀ ਛੇਤੀ ਅਮਲਯੋਗ ਹੋ ਸਕੇ |
| 67. | Assessed area | ਲਗਾਨ-ਨਿਰਧਾਰਿਤ ਰਕਬਾ |
| 68. | Assessment | ਨਿਰਧਾਰਣ, ਕਰ-ਨਿਰਧਾਰਣ |
| 69. | Assessment of revenue | ਮਾਲੀਆ ਨਿਰਧਾਰਣ |
| 70. | Assets | ਲੈਣਦਾਰੀਆਂ, ਸੰਪੱਤੀ |
| 71. | Assets and liabilities | ਲੈਣਦਾਰੀਆਂ ਅਤੇ ਦੇਣਦਾਰੀਆਂ |
| 72. | Assignee | ਸਪੁਰਦਦਾਰ |
| 73. | Assigner | ਸਪੁਰਦਕਾਰ |
| 74. | Assignment | ਸਪੁਰਦਗੀ |
| 75. | Associate | ਸਹਿਯੁਕਤ |
| 76. | Associate Justice | ਸਹਿਯੁਕਤ ਜੱਜ |
| 77. | Associate Member | ਸਹਿਯੁਕਤ ਮੈਂਬਰ |

| | | |
|---|---|---|
| 78. | Assumption of charge | ਚਾਰਜ-ਸੰਭਾਲਣਾ |
| 79. | At a last resort | ਆਖ਼ਰੀ ਹੀਲੇ ਵਜੋਂ |
| 80. | At flag 'A' | ਝੰਡੀ 'ੳ' 'ਤੇ |
| 81. | At the instance of | ਦੇ ਕਹਿਣ 'ਤੇ |
| 82. | At will | ਇੱਛਾ ਅਨੁਸਾਰ |
| 83. | Attach | ਕੁਰਕ ਕਰਨਾ, ਨੱਥੀ ਕਰਨਾ |
| 84. | Attached herewith | ਇਸ ਨਾਲ ਨੱਥੀ ਹੈ |
| 85. | Attachment | ਕੁਰਕੀ |
| 86. | Attendant | ਸੇਵਕ |
| 87. | Attest | ਤਸਦੀਕ ਕਰਨਾ |
| 88. | Attestation | ਤਸਦੀਕ |
| 89. | Attestor | ਤਸਦੀਕ ਕਰਤਾ |
| 90. | Audit | ਲੇਖਾ-ਪੜਤਾਲ |
| 91. | Authorised | ਅਧਿਕਾਰਿਤ |
| 92. | Autonomous | ਸਵਾਧੀਨ, ਖ਼ੁਦਮੁਖ਼ਤਿਆਰ |
| 93. | Auxiliary | ਸਹਾਇਕ, ਗੌਣ |
| 94. | Bank Draft | ਬੈਂਕ ਡਰਾਫਟ |
| 95. | Capitation | ਜੀਅ-ਪ੍ਰਤਿ ਕਰ |
| 96. | Care of | ਮਾਰਫ਼ਤ |
| 97. | Caustic remark | ਟਕੋਰ |
| 98. | Caution money | ਜ਼ਮਾਨਤੀ ਰਕਮ |
| 99. | Cess | ਉਪ-ਕਰ |
| 100. | Citation | ਹਵਾਲਾ, ਮਾਣ-ਪੱਤਰ |
| 101. | Civic election | ਨਗਰ ਪਾਲਿਕਾ ਚੋਣ |
| 102. | Civil case | ਦੀਵਾਨੀ ਕੇਸ |
| 103. | Close serutiny | ਗਹੁਪੂਰਬਕ ਛਾਣਬੀਣ |
| 104. | Code of Conduct | ਆਚਰਣ ਸੰਘਤਾ |
| 105. | Compensatory allowance | ਮੁਆਵਜ਼ਾ-ਭੱਤਾ |

| | | |
|---|---|---|
| 106. | Compensatory leave | ਇਵਜ਼ੀ ਛੁੱਟੀ |
| 107. | Compilation | ਸੰਕਲਨ |
| 108. | Compulsory Deposit | ਲਾਜ਼ਮੀ ਜਮ੍ਹਾਂ ਰਕਮ |
| 109. | Confession | ਇਕਬਾਲ |
| 110. | Confidential letter | ਗੁਪਤ ਪੱਤਰ |
| 111. | Confidential report | ਗੁਪਤ ਰਿਪੋਟ |
| 112. | Confiscate | ਜ਼ਬਤ ਕਰਨਾ |
| 113. | Conform | ਅਨੁਰੂਪ ਹੋਣਾ |
| 114. | Congenial | ਸੁਖਾਵਾਂ |
| 115. | Conjectural | ਕਿਆਸ-ਆਧਾਰਿਤ |
| 116. | Consolidation | ਚੱਕਬੰਦੀ |
| 117. | Construe | ਅਰਥ-ਕੱਢਣਾ |
| 118. | Contingency | ਅਚੇਤਤਾ, ਅਚੇਤ ਖਰਚ |
| 119. | Contingency Fund (Contingent Fund) | ਖ਼ਰਚ ਫੰਡ |
| 120. | Contingent bill | ਅਚੇਤ ਖ਼ਰਚ ਬਿਲ |
| 121. | Council | ਪਰਿਸ਼ਦ |
| 122. | Council board | ਪਰਿਸ਼ਦ ਮੰਡਲ |
| 123. | Counterfeit | ਜਾਅਲੀ |
| 124. | Countersign | ਪ੍ਰਤਿ-ਹਸਤਾਖ਼ਰ ਕਰਨਾ |
| 125. | Countersignature | ਪ੍ਰਤਿ-ਹਸਤਾਖ਼ਰ |
| 126. | Counter-signed | ਪ੍ਰਤਿ-ਹਸਤਾਖ਼ਰਿਤ |
| 127. | Courier | ਹਰਕਾਰਾ |
| 128. | Covering letter | ਆਮੁੱਖ-ਪੱਤਰ |
| 129. | Covering note | ਸਹਿ ਟਿੱਪਣੀ |
| 130. | Craft | ਦਸਤਕਾਰੀ |
| 131. | Craftsman | ਦਸਤਕਾਰ |
| 132. | Credit | ਜਮ੍ਹਾਂ |
| 133. | Credit account | ਜਮ੍ਹਾਂ ਖਾਤਾ |
| 134. | Credit balance | ਜਮ੍ਹਾਂ ਬਾਕੀ |

| | | |
|---|---|---|
| 135. | Credit facilities | ਕਰਜ਼ਾ ਸਹੂਲਤਾਂ |
| 136. | Credit note | ਜਮ੍ਹਾਂ ਪੱਤਰ |
| 137. | Creditable | ਸ਼ਲਾਘਾਯੋਗ |
| 138. | Creditor | ਲੈਣਦਾਰ, ਸ਼ਾਹੂਕਾਰ |
| 139. | Criminal case | ਫ਼ੌਜਦਾਰੀ ਕੇਸ |
| 140. | Crisis | ਸੰਕਟ |
| 141. | Criterion | ਕਸੌਟੀ |
| 142. | Critical | ਨਾਜ਼ੁਕ |
| 143. | Cross breeding | ਦੋਗ਼ਲਾਕਰਨ |
| 144. | Cross checking | ਪ੍ਰਤਿ-ਪਰੀਖਣ |
| 145. | Cross refernce | ਪ੍ਰਤਿ-ਹਵਾਲਾ |
| 146. | Crossed cheque | ਕ੍ਰਾਸ ਕੀਤਾ ਚੈੱਕ |
| 147. | Crucial | ਨਿਰਣਾਇਕ |
| 148. | Cue | ਸੰਕੇਤ |
| 149. | Currency note | ਕਰੰਸੀ ਨੋਟ |
| 150. | Current | ਚਲੰਤ, ਚਾਲੂ |
| 151. | Current affairs | ਚਲੰਤ ਮਾਮਲੇ |
| 152. | Current expenses | ਚਾਲੂ ਖਰਚੇ |
| 153. | Current financial year | ਚਾਲੂ ਵਿੱਤੀ ਸਾਲ |
| 154. | Current loan | ਚਾਲੂ ਕਰਜ਼ਾ |
| 155. | Cursory glance | ਸਰਸਰੀ ਨਜ਼ਰ |
| 156. | Custody | ਸੰਭਾਲ |
| 157. | Customs duty | ਸੀਮਾ-ਕਰ |
| 158. | Cut throat competition | ਸਿਰਤੋੜ ਮੁਕਾਬਲਾ |
| 159. | Daily diary | ਰੋਜ਼ਨਾਮਚਾ, ਰੋਜ਼ਾਨਾ ਡਾਇਰੀ |
| 160. | Daily routine | ਨਿਤ-ਨੇਮ, ਦਿਨ ਚਰਿਆ |
| 161. | Day, Pay | ਤਨਖ਼ਾਹ ਵਾਲਾ ਦਿਨ |
| 162. | Dead lock | ਅੜਿੱਕਾ, ਡੈੱਡ ਲਾਕ |
| 163. | Dead stock | ਬੇਕਾਰ ਸਟਾਕ |
| 164. | Dearness | ਮਹਿੰਗਾਈ |
| 165. | Debar | ਰੋਕ ਲਾਉਣਾ, ਵਰਜਣਾ |
| 166. | Debit | ਨਾਂ ਪਾਉਣਾ, ਨਾਂ ਪਾਉਣ, ਨਾਵੇਂ |
| 167. | Debit account | ਨਾਵੇਂ ਖਾਤਾ, ਨਾਂ-ਖਾਤਾ |
| 168. | Debit balance | ਨਾਵੇਂ ਬਾਕੀ |
| 169. | Debit entry | ਨਾਵੇਂ ਖਾਤਾ ਇੰਦਰਾਜ |
| 170. | Debit side | ਨਾਵੇਂ ਖਾਤਾ |
| 171. | Debit time | ਨਾਵੇਂ ਸਮਾਂ |
| 172. | Debt | ਰਿਣ, ਕਰਜ਼ਾ |
| 173. | Debt, Outstanding | ਅਣਮੋੜਿਆ ਕਰਜ਼ਾ |
| 174. | Debt, Ancestral | ਜੱਦੀ ਕਰਜ਼ਾ |
| 175. | Debt, Bad | ਡੁੱਬੀ ਰਕਮ, ਡੁੱਬਿਆ ਕਰਜ਼ਾ |
| 176. | Debt, Doubtful | ਮਸ਼ਕੂਕ ਕਰਜ਼ਾ |
| 177. | Debt, Sunk | ਡੁੱਬਿਆ ਕਰਜ਼ਾ |
| 178. | Debtor | ਕਰਜ਼ਦਾਰ |
| 179. | Debtor Country | ਕਰਜ਼ਾਈ ਦੇਸ਼ |
| 180. | Debtor State | ਕਰਜ਼ਾਈ ਰਾਜ |
| 181. | Debts and liabilities | ਕਰਜ਼ੇ ਅਤੇ ਦੇਣਦਾਰੀਆਂ |
| 182. | Deed | ਲਿਖਤ |
| 183. | Deed of mortage | ਰਹਿਣਨਾਮਾ |
| 184. | Defacto | ਵਾਸਤਵਿਕ, ਅਸਲੀ |
| 185. | Defer | ਮੁਲਤਵੀ ਕਰਨਾ |
| 186. | Dejure | ਕਾਨੂੰਨ ਅਨੁਸਾਰ |
| 187. | Delegate | ਸੌਂਪਣਾ, ਦੇ ਦੇਣਾ |
| 188. | Delinquency | ਅਪਰਾਧ, ਅਪਚਾਰ |
| 189. | Demand price | ਮੰਗ ਕੀਮਤ |

| | | |
|---|---|---|
| 190. | Demarcate | ਨਿਸ਼ਾਨਦੇਹੀ ਕਰਨੀ, |
| 191. | Demarcation | ਨਿਸ਼ਾਨਦੇਹੀ, ਹੱਦਬੰਦੀ |
| 192. | Demerit | ਔਗੁਣ, ਦੋਸ਼ |
| 193. | Demise | ਵਸੀਅਤ ਕਰਨਾ, ਪਟਾ ਕਰਨਾ |
| 194. | Demobilisation | ਲਾਮਬੰਦੀ ਤੋੜਨਾ |
| 195. | Demote | ਅਹੁਦਾ ਘਟਾਉਣਾ |
| 196. | Denaturalization | ਅਰਾਸ਼ਟਰੀਕਰਨ |
| 197. | Denial of justice | ਨਿਆਂ ਵੰਚਨ |
| 198. | Denial of rights | ਅਧਿਕਾਰ ਵੰਚਿਨ |
| 199. | Denotified | ਅਧਿਸੂਚੀ ਵਿੱਚੋਂ ਕੱਢੇ ਹੋਏ |
| 200. | Density of population | ਵਸੋਂ ਦੀ ਘਣਤਾ |
| 201. | Depart | ਰਵਾਨਾ ਹੋਣਾ |
| 202. | Deplorable | ਅਫ਼ਸੋਸਨਾਕ |
| 203. | Deploy | ਤਾਇਨਾਤ ਕਰਨਾ |
| 204. | Deponent | ਹਲਫ਼ੀ ਬਿਆਨਕਾਰ |
| 205. | Deport | ਦੇਸ਼ ਨਿਕਾਲਾ ਦੇਣਾ |
| 206. | Depose | ਗਵਾਹੀ ਦੇਣਾ |
| 207. | Depositor | ਜਮ੍ਹਾਂ ਕਰਤਾ |
| 208. | Depreciation fund | ਮੁੱਲ-ਘਾਟਾ ਫ਼ੰਡ |
| 209. | Descendant | ਔਲਾਦ, ਸੰਤਾਨ |
| 210. | Despot | ਖੁਦਮੁਖ਼ਤਿਆਰ |
| 211. | Detailed account | ਵਿਸਤ੍ਰਿਤ ਲੇਖਾ |
| 212. | Detailed inspection | ਵਿਸਤ੍ਰਿਤ ਨਿਰੀਖਣ |
| 213. | Detain | ਨਜ਼ਰਬੰਦ ਕਰਨਾ, ਰੋਕਣਾ |
| 214. | Detenue | ਨਜ਼ਰਬੰਦ |
| 215. | Deter | ਵਰਜਣਾ |
| 216. | Device | ਯੁਕਤ, ਤਰਕੀਬ |
| 217. | Devise | ਯੁਕਤ ਬਣਾਉਣਾ |
| 218. | Devisee | ਵਸੀਅਤਦਾਰ, ਵਸੀਅਤ ਪਾਤਰ |
| 219. | Devisor | ਵਸੀਅਤਕਾਰ |
| 220. | Dialect | ਉਪਭਾਸ਼ਾ |
| 221. | Diction | ਸ਼ਬਦ-ਚੋਣ |
| 222. | Die-hard | ਸਿਰੜੀ, ਰਠੀ |
| 223. | Directive | ਨਿਰਦੇਸ਼ |
| 224. | Directive principles | ਨਿਰਦੇਸ਼ਕ ਸਿਧਾਂਤ |
| 225. | Director of Public Instructions | ਡਾਇਰੈਕਟਰ, ਸਿੱਖਿਆ ਵਿਭਾਗ |
| 226. | Disarmament | ਨਿਸ਼ਸਤਰੀਕਰਨ |
| 227. | Disbursement | ਵੰਡ, ਖ਼ਰਚ |
| 228. | Disbursement of funds | ਫੰਡਾਂ ਦੀ ਵੰਡ |
| 229. | Discharge on bail | ਜ਼ਮਾਨਤ ’ਤੇ ਰਿਹਾਅ ਕਰਨਾ |
| 230. | Discharged Debt | ਚੁਕਾਇਆ ਕਰਜ਼ਾ |
| 231. | Disciplinarian | ਅਨੁਸ਼ਾਸਕ, ਅਨੁਸ਼ਾਸਨ-ਪੱਖੀ |
| 232. | Disciplinary action | ਅਨੁਸ਼ਾਸਨੀ ਕਾਰਵਾਈ |
| 233. | Disciplinary jurisdiction | ਅਨੁਸ਼ਾਸਨੀ ਅਧਿਕਾਰ-ਖੇਤਰ |
| 234. | Disciplinary Punishment | ਅਨੁਸ਼ਾਸਨੀ ਸਜ਼ਾ, ਅਨੁਸ਼ਾਸਨੀ ਦੰਡ |
| 235. | Discretionary | ਵਿਵੇਕੀ |
| 236. | Discretionary fund | ਵਿਵੇਕੀ ਫੰਡ |
| 237. | Dismiss | ਬਰਖ਼ਾਸਤ ਕਰਨਾ, ਹਟਾਉਣਾ, ਖਾਰਜ ਕਰਨਾ, ਕੱਢ ਦੇਣਾ |

| | | |
|---|---|---|
| 238. | Dispense with | ਤੋਂ ਬਿਨਾਂ ਕੰਮ ਤੋਰ ਲੈਣਾ, (ਨੌਕਰੀ ਤੋਂ) ਛੁੱਟੀ ਦੇ ਦੇਣੀ |
| 239. | Distilled water | ਕਸ਼ੀਦਿਆ ਪਾਣੀ |
| 240. | Distillery | ਸ਼ਰਾਬ-ਭੱਠੀ, ਸ਼ਰਾਬ ਕਾਰਖ਼ਾਨਾ, ਡਿਸਟਿਲਰੀ |
| 241. | Dividend | ਲਾਭ-ਅੰਸ਼ |
| 242. | Divulge | ਭੇਦ ਖੋਲ੍ਹਣਾ |
| 243. | Dock | ਗੋਦੀ, ਡਾਕ, ਘਾਟ |
| 244. | Doctrine | ਸਿਧਾਂਤ |
| 245. | Documentary | ਦਸਤਾਵੇਜ਼ੀ |
| 246. | Dollar exchange | ਡਾਲਰ ਵਟਾਂਦਰਾ |
| 247. | Domain | ਇਲਾਕਾ, ਖੇਤਰ, ਰਾਜ |
| 248. | Domestic affair | ਘਰੇਲੂ ਮਾਮਲਾ |
| 249. | Domicile | ਅਧਿਵਾਸ |
| 250. | Double taxation | ਦੂਹਰੀ ਕਰਬੰਦੀ |
| 251. | Down trodden | ਦਲਿਤ, ਲਤਾੜਿਆ ਹੋਇਆ |
| 252. | Draft | ਖਰੜਾ, ਮਸੌਦਾ |
| 253. | Drafting | ਮਸੌਦਾ ਤਿਆਰ ਕਰਨਾ, ਡਰਾਫਟ ਤਿਆਰ ਕਰਨਾ |
| 254. | Draftsman | ਨਕਸ਼ਾਨਵੀਸ, ਖਰੜਾਕਾਰ, ਡਰਾਫ਼ਟਸਮੈਨ |
| 255. | Drainage | ਜਲ-ਨਿਕਾਸ |
| 256. | Draw (a cheque) | ਚੈੱਕ ਕੱਟਣਾ |
| 257. | Drought | ਔੜ, ਸੋਕਾ, ਖੁਸ਼ਕਸਾਲੀ |
| 258. | Due | ਬਾਕੀ, ਬਕਾਇਆ |
| 259. | Due care | ਉਚਿਤ ਸਾਵਧਾਨੀ, ਵਾਜਬ ਸੰਭਾਲ |
| 260. | Due date | ਨਿਯਤ ਮਿਤੀ |
| 261. | Due notice | ਉਚਿਤ ਨੋਟਿਸ |
| 262. | Due process of law | ਕਾਨੂੰਨ ਦੀ ਉਚਿਤ ਪ੍ਰਕਿਰਿਆ |
| 263. | Due regard | ਉਚਿਤ ਧਿਆਨ |
| 264. | Due signature | ਵਾਜਬ ਹਸਤਾਖ਼ਰ |
| 265. | Dues | ਬਣਦੀ ਰਕਮ |
| 266. | Duration | ਮਿਆਦ |
| 267. | Duty free | ਕਰ-ਮੁਕਤ |
| 268. | E.g. | ਉਦਾਹਰਣ ਵਜੋਂ, ਮਿਸਾਲ ਦੇ ਤੌਰ ’ਤੇ |
| 269. | Earned leave | ਕਮਾਈ ਛੁੱਟੀ |
| 270. | Economic situation | ਆਰਥਿਕ ਸਥਿਤੀ |
| 271. | Economic slump | ਆਰਥਿਕ ਮੰਦਵਾੜਾ |
| 272. | Economic structure | ਆਰਥਿਕ ਢਾਂਚਾ |
| 273. | Economic uplift | ਆਰਥਿਕ ਸੁਧਾਰ |
| 274. | Economic Welfare | ਆਰਥਿਕ ਭਲਾਈ |
| 275. | Economical | ਸੰਜਮੀ, ਕਿਰਸੀ, ਕਫ਼ਾਇਤੀ |
| 276. | Economically sound | ਆਰਥਿਕ ਪੱਖੋਂ ਮਜ਼ਬੂਤ |
| 277. | Economics | ਅਰਥ-ਵਿਵਸਥਾ, ਅਰਥ ਵਿਗਿਆਨ |
| 278. | Economics, External | ਬਾਹਰੀ ਕਫ਼ਾਇਤਾਂ |
| 279. | Economics, Internal | ਅੰਦਰੂਨੀ ਕਫ਼ਾਇਤਾਂ |
| 280. | Economy Mixed | ਮਿਸ਼ਰਤ ਅਰਥ-ਵਿਵਸਥਾ |
| 281. | Economy planned | ਯੋਜਨਾਬੱਧ ਅਰਥ-ਵਿਵਸਥਾ |

| | | |
|---|---|---|
| 282. | Economy Unplanned | ਯੋਜਨਾ ਰਹਿਤ ਅਰਥ-ਵਿਵਸਥਾ |
| 283. | Education, Mass | ਸਮੂਹਿਕ ਸਿੱਖਿਆ |
| 284. | Education, Vocational | ਕਿੱਤੇ ਸਬੰਧੀ ਸਿੱਖਿਆ, ਵਿਵਸਾਇਕ ਸਿੱਖਿਆ |
| 285. | Effigy | ਪੁਤਲਾ |
| 286. | Electoral right | ਚੋਣ ਅਧਿਕਾਰ |
| 287. | Electoral roll | ਚੋਣਕਾਰ ਸੂਚੀ |
| 288. | Electorate | ਚੋਣ ਖੇਤਰ, ਚੋਣਕਾਰ ਸਮੂਹ |
| 289. | Embezzle | ਗ਼ਬਨ ਕਰਨਾ |
| 290. | Embezzlement | ਗ਼ਬਨ |
| 291. | Emblem | ਪ੍ਰਤੀਕ, ਚਿੰਨ੍ਹ |
| 292. | Emeritus | ਸਨਮਾਨ ਸਹਿਤ, ਸੇਵਾ ਮੁਕਤ, ਅਮੈਰੀਟਸ |
| 293. | Empower | ਇਖ਼ਤਿਆਰ ਦੇਣਾ |
| 294. | En masse | ਸਮੂਹਿਕ ਰੂਪ ’ਚ |
| 295. | Encyclopaedia | ਵਿਸ਼ਵਕੋਸ਼, |
| 296. | Endorse | ਪਿੱਠ-ਅੰਕਣ ਕਰਨਾ, ਸਮਰਥਨ ਕਰਨਾ, ਪੁਸ਼ਟੀ ਕਰਨਾ |
| 297. | Endorsed | ਪਿੱਠ ਅੰਕਿਤ |
| 298. | Endorsement | ਪਿੱਠ-ਅੰਕਣ, ਸਮਰਥਨ |
| 299. | Endowment | ਧਰਮਾਰਥ, ਵਕਫ਼ |
| 300. | Endurance | ਜੇਰਾ, ਸਹਿਣ-ਸ਼ਕਤੀ |
| 301. | Enfranchise | ਵੋਟ-ਅਧਿਕਾਰ ਦੇਣਾ |
| 302. | Enfranchisement | ਵੋਟ-ਅਧਿਕਾਰ |
| 303. | Enjoin | ਆਦੇਸ਼ ਦੇਣਾ |

| | | |
|---|---|---|
| 304. | Enjoy | ਉਪਯੋਗ ਕਰਨਾ, ਮਾਣਨਾ |
| 305. | Enlist | ਦਰਜ ਕਰਨਾ |
| 306. | Enquiry, Department | ਵਿਭਾਗੀ ਪੁੱਛ-ਪੜਤਾਲ |
| 307. | Enroll | ਨਾਂ ਦਰਜ ਕਰਨਾ, ਨਾਂ ਚੜ੍ਹਾਉਣਾ, ਇੰਦਰਾਜ ਕਰਨਾ |
| 308. | Enrolment | ਦਾਖ਼ਲਾ, ਭਰਤੀ, ਇੰਦਰਾਜ |
| 309. | Entitle | ਹੱਕਦਾਰ ਬਣਾਉਣਾ, ਖ਼ਿਤਾਬ ਦੇਣਾ, ਸਿਰਲੇਖ ਦੇਣਾ |
| 310. | Entitled | ਹੱਕਦਾਰ, ਸਿਰਲੇਖ ਵਾਲਾ |
| 311. | Entitlement | ਪਾਤਰਤਾ |
| 312. | Enumeration | ਗਿਣਤੀ, ਗਣਨਾ |
| 313. | Epithet | ਵਿਸ਼ੇਸ਼ ਨਾਮ |
| 314. | Error and Omissions | ਭੁੱਲ-ਚੁੱਕ |
| 315. | Error, Clerical | ਲਿਖਤ ਦੀ ਤਰੁਟੀ |
| 316. | Error, Material | ਅਹਿਮ ਗ਼ਲਤੀ, ਵੱਡੀ ਭੁੱਲ |
| 317. | Errors and Omissions excepted (E.& O.E.) | ਭੁੱਲ-ਚੁੱਕ ਲੈਣੀ ਦੇਣੀ |
| 318. | Erstwhile | ਸਾਬਕਾ |
| 319. | Espionage | ਜਾਸੂਸੀ |
| 320. | Establishment branch | ਅਮਲਾ ਬ੍ਰਾਂਚ |
| 321. | Establishment, Ministerial | ਦਫਤਰੀ ਅਮਲਾ |
| 322. | Estate | ਸੰਪੱਤੀ, ਮਿਲਖ |
| 323. | Estate duty | ਸੰਪੱਤੀ ਕਰ |
| 324. | Estate duty | ਸੰਪੱਤੀ ਕਰ |

| | | |
|---|---|---|
| 325. | Estate in possession | ਕਬਜ਼ੇ ਅਧੀਨ ਸੰਪੱਤੀ |
| 326. | Estimate, Revised | ਸੋਧਿਆ ਅਨੁਮਾਨ |
| 327. | Ethology | ਆਚਾਰ ਵਿਗਿਆਨ |
| 328. | Etiquette | ਸ਼ਿਸ਼ਟਾਚਾਰ |
| 329. | Evaluation | ਮੁੱਲ-ਅੰਕਣ |
| 330. | Evict | ਬੇਦਖ਼ਲ ਕਰਨਾ, ਕੱਢ ਦੇਣਾ |
| 331. | Eviction | ਬੇਦਖ਼ਲੀ |
| 332. | Excise duty | ਉਤਪਾਦਨ-ਕਰ |
| 333. | Execute | ਪੂਰਾ ਕਰਨਾ, ਅਮਲ ਵਿੱਚ ਲਿਆਉਣਾ, ਫਾਂਸੀ ਦੇਣਾ |
| 334. | Executive | ਕਾਰਜ ਪਾਲਿਕਾ, ਕਾਰਜਕਾਰੀ, ਕਾਰਜਸਾਧਕ, ਐਗਜ਼ੈਕਟਿਵ |
| 335. | Executive Engineer | ਕਾਰਜਕਾਰੀ ਇੰਜੀਨੀਅਰ |
| 336. | Executive Officer | ਕਾਰਜਕਾਰੀ ਅਫ਼ਸਰ |
| 337. | Executive power | ਕਾਰਜਕਾਰੀ ਇਖ਼ਤਿਆਰ |
| 338. | Executive staff | ਕਾਰਜਕਾਰੀ ਅਮਲਾ |
| 339. | Exhibition | ਪ੍ਰਦਰਸ਼ਨੀ, ਨੁਮਾਇਸ਼ |
| 340. | Exigency | ਅਤਿ ਅਵੱਸ਼ਕਤਾ, ਸਖ਼ਤ ਲੋੜ |
| 341. | Ex-officio | ਪਦਵੀ ਕਾਰਨ, ਅਹੁਦੇ ਕਾਰਨ |
| 342. | Ex-onerate | ਦੋਸ਼-ਮੁਕਤ ਕਰਨਾ |
| 343. | Ex-parte | ਇਕ ਤਰਫ਼ਾ, ਇਕ ਪੱਖੀ |
| 344. | Expediency | ਕਾਲ ਉਚਿਤਤਾ, ਮੌਕੇ ਅਨੁਸਾਰਤਾ |
| 345. | Explanatory note | ਵਿਆਖਿਆਤਮਕ ਨੋਟ |
| 346. | Export | ਨਿਰਯਾਤ |
| 347. | Export duty | ਨਿਰਯਾਤ ਕਰ |
| 348. | Ex-post facto | ਕਾਰਜ ਉਪਰੰਤ |
| 349. | Extempore | ਬਿਨਾਂ ਤਿਆਰੀ ਤੋਂ |
| 350. | External affairs | ਵਿਦੇਸ਼ੀ ਮਾਮਲੇ |
| 351. | Extract | ਨਿਚੋੜ, ਸਾਰ |
| 352. | Eye-witness | ਮੌਕੇ ਦਾ ਗਵਾਹ, ਚਸ਼ਮਦੀਦ ਗਵਾਹ |
| 353. | Fabulous | ਮਨ-ਘੜਤ |
| 354. | Face value | ਅੰਕਿਤ-ਮੁੱਲ |
| 355. | Fair Sex | ਇਸਤਰੀ-ਵਰਗ |
| 356. | Family tree | ਬੰਸਾਵਲੀ, ਕੁਰਸੀਨਾਮਾ |
| 357. | Fare-well address | ਵਿਦਾਇਗੀ ਮਾਣ ਪੱਤਰ, ਵਿਦਾਇਗੀ ਭਾਸ਼ਣ |
| 358. | Ferry boat | ਪੱਤਣ ਦੀ ਬੇੜੀ |
| 359. | Filing system | ਮਿਸਲਬੰਦੀ ਪ੍ਰਣਾਲੀ |
| 360. | Finance bill | ਵਿੱਤ ਬਿੱਲ |
| 361. | Finance corporation | ਵਿੱਤ ਕਾਰਪੋਰੇਸ਼ਨ |
| 362. | Financial crisis | ਵਿੱਤੀ ਸੰਕਟ |
| 363. | Financial relief | ਵਿੱਤੀ ਰਾਹਤ |
| 364. | First quarter | ਪਹਿਲੀ ਤਿਮਾਹੀ |
| 365. | First reading | ਪਹਿਲੀ ਪੜ੍ਹਤ |
| 366. | Fiscal | ਮਾਲੀ, ਖ਼ਜ਼ਾਨੇ ਸਬੰਧੀ |
| 367. | Fiscal policy | ਮਾਲੀ ਨੀਤੀ |
| 368. | Fish culture | ਮੱਛੀ-ਪਾਲਣ |

| | | |
|---|---|---|
| 369. | Fisheries | ਮੱਛੀ-ਪਾਲਣ, ਮੱਛੀ ਉਦਯੋਗ |
| 370. | Fitness | ਯੋਗਤਾ |
| 371. | Fixed allowance | ਨਿਯਤ ਭੱਤਾ |
| 372. | Fixed Capital | ਸਥਿਰ ਪੂੰਜੀ |
| 373. | Fixed charges | ਨਿਯਤ ਖਰਚੇ |
| 374. | Fixed cost | ਨਿਸ਼ਚਿਤ ਲਾਗਤ |
| 375. | Fixed Deposit | ਮਿਆਦੀ ਜਮ੍ਹਾਂ ਰਕਮ |
| 376. | Fixed deposit | ਮਿਆਦੀ ਜਮ੍ਹਾਂ |
| 377. | Fixed grant | ਨਿਸ਼ਚਿਤ ਗ੍ਰਾਂਟ |
| 378. | Floating Capital | ਚੱਲ ਪੂੰਜੀ |
| 379. | Floating | ਅਸਥਾਈ |
| 380. | Floating debt | ਅਸਥਾਈ ਕਰਜ਼ਾ |
| 381. | Flood-Stricken | ਹੜ੍ਹ-ਪੀੜਿਤ |
| 382. | Floor price | ਘੱਟੋ ਘੱਟ ਕੀਮਤ |
| 383. | Floriculture | ਫੁੱਲ-ਉਤਪਾਦਨ, ਫੁੱਲਾਂ ਦੀ ਖੇਤੀ |
| 384. | Fluctuation | ਉਤਰਾਅ-ਚੜ੍ਹਾਅ |
| 385. | Folio, ledger | ਖਾਤਾ ਪੰਨਾ |
| 386. | Follow | ਪੈਰਵੀ ਕਰਨਾ |
| 387. | Food and Civil Supplies Department | ਖੁਰਾਕ ਤੇ ਸਿਵਲ ਸਪਲਾਈ ਵਿਭਾਗ |
| 388. | Foot-note | ਫੁਟ ਨੋਟ |
| 389. | For gross negligence on your part | ਤੁਹਾਡੀ ਭਾਰੀ ਅਣਗਹਿਲੀ ਲਈ |
| 390. | For public purpose | ਲੋਕ ਮੰਤਵ ਲਈ |
| 391. | For recovery | ਵਸੂਲੀ ਲਈ |
| 392. | For sympathetic consideration | ਹਮਦਰਦੀ ਨਾਲ ਵਿਚਾਰਨ ਲਈ |
| 393. | For the time being | ਫ਼ਿਲਹਾਲ, ਅਜੇ, ਹਾਲ ਦੀ ਘੜੀ |

| | | |
|---|---|---|
| 394. | Forbidden | ਵਰਜਿਤ |
| 395. | Forecast | ਪੂਰਵ ਅਨੁਮਾਨ |
| 396. | Foreign observer | ਵਿਦੇਸ਼ੀ ਪ੍ਰੇਖਕ |
| 397. | Foreign policy | ਵਿਦੇਸ਼ ਨੀਤੀ |
| 398. | Foreign secretary | ਵਿਦੇਸ਼ ਸਕੱਤਰ |
| 399. | Foreign tourist | ਵਿਦੇਸ਼ੀ ਸੈਲਾਨੀ |
| 400. | Foreign trade | ਵਿਦੇਸ਼ੀ ਵਪਾਰ |
| 401. | Foremost | ਸਭ ਤੋਂ ਅਗਲਾ |
| 402. | Forenoon | ਪੂਰਵ ਦੁਪਹਿਰ |
| 403. | Foreword | ਮੁੱਖ ਬੰਦ/ਮੁਖਬੰਧ |
| 404. | Forge | ਜਾਅਲਸਾਜ਼ੀ |
| 405. | Form, Declaration | ਐਲਾਨਨਾਮਾ |
| 406. | Formal | ਰਸਮੀ |
| 407. | Formal document | ਰਸਮੀ ਦਸਤਾਵੇਜ਼ |
| 408. | Formal proof | ਰਸਮੀ ਸਬੂਤ |
| 409. | Formal sanction | ਰਸਮੀ ਮਨਜ਼ੂਰੀ |
| 410. | Formality | ਰਸਮੀ ਕਾਰਵਾਈ, ਰਸਮ |
| 411. | Forthcoming | ਆਗਾਮੀ, ਆਉਣ ਵਾਲਾ |
| 412. | Fortnight | ਪੰਦਰਵਾੜਾ |
| 413. | Forum | ਗੋਸ਼ਟੀ, ਫੋਰਮ |
| 414. | Foul means | ਅਨੁਚਿਤ ਸਾਧਨ |
| 415. | Fraternity | ਭਾਈਬੰਦੀ, ਭਰਾਤਰੀਭਾਵ |
| 416. | Free of cost | ਮੁਫ਼ਤ |
| 417. | Freedom of press | ਪ੍ਰੈੱਸ ਦੀ ਆਜ਼ਾਦੀ |
| 418. | Freedom of speech | ਬੋਲਣ ਦੀ ਆਜ਼ਾਦੀ |
| 419. | Freight | ਭਾੜਾ |
| 420. | Frequency | ਬਾਰੰਬਾਰਤਾ |

| | | |
|---|---|---|
| 421. | Fruitful | ਸਕਾਰਥ, ਲਾਭਦਾਇਕ, ਫ਼ਾਇਦੇਮੰਦ |
| 422. | Fundamental | ਮੂਲ, ਮੁੱਢਲਾ, ਮੌਲਿਕ |
| 423. | Fundamental duties | ਮੂਲ ਕਰਤੱਵ |
| 424. | Fundamental human rights | ਮੂਲ ਮਨੁੱਖੀ ਅਧਿਕਾਰ |
| 425. | Furlough | ਫ਼ਰਲੋ, ਛੁੱਟੀ, ਆਰਜ਼ੀ ਬੇਰੁਜ਼ਗਾਰੀ |
| 426. | Gainful employment | ਲਾਹੇਵੰਦ ਰੋਜ਼ਗਾਰ |
| 427. | Gainful occupation | ਲਾਹੇਵੰਦ ਧੰਦਾ |
| 428. | Gallantry | ਬਹਾਦਰੀ |
| 429. | Gambling den | ਜੂਏ ਦਾ ਅੱਡਾ |
| 430. | Game boy | ਖੇਡ ਸੇਵਕ |
| 431. | Genealogy | ਬੰਸਾਵਲੀ |
| 432. | Generalize | ਵਿਆਪੀਕਰਣ ਕਰਨਾ, ਸਾਧਾਰਣ ਰੂਪ ਵਿੱਚ ਪ੍ਰਗਟ ਕਰਨਾ |
| 433. | Gist | ਨਿਚੋੜ, ਸਾਰ |
| 434. | Glaring | ਸਪੱਸ਼ਟ, ਪ੍ਰਤੱਖ |
| 435. | Goods with care | ਸੰਭਾਲ ਕੇ |
| 436. | Grand gross total | ਕੁੱਲ ਸਮੁੱਚਾ ਜੋੜ |
| 437. | Grand total | ਕੁੱਲ ਜੋੜ |
| 438. | Green hand | ਅਨਾੜੀ |
| 439. | Gross error | ਭਾਰੀ ਗ਼ਲਤੀ |
| 440. | Gross fixed revenue | ਸਮੁੱਚੀ ਨਿਸ਼ਚਿਤ ਆਮਦਨ |
| 441. | Gross income | ਸਮੁੱਚੀ ਆਮਦਨ |
| 442. | Gross loss | ਸਮੁੱਚੀ ਹਾਨੀ |
| 443. | Gross misconduct | ਘੋਰ ਦੁਰਾਚਾਰ |
| 444. | Gross national debt | ਸਮੁੱਚਾ ਰਾਸ਼ਟਰੀ ਕਰਜ਼ਾ |
| 445. | Gross negligence | ਭਾਰੀ ਅਣਗਹਿਲੀ |
| 446. | Gross ordinary revenue | ਸਮੁੱਚੀ ਸਧਾਰਨ ਆਮਦਨ |
| 447. | Gross profit | ਸਮੁੱਚਾ ਲਾਭ |
| 448. | Gross revenue | ਸਮੁੱਚੀ ਆਮਦਨ, |
| 449. | Gross total | ਸਮੁੱਚਾ ਜੋੜ |
| 450. | Gross value | ਸਮੁੱਚਾ ਮੁੱਲ |
| 451. | Gross yield | ਸਮੁੱਚੀ ਉਪਜ |
| 452. | Ground of appeal | ਅਪੀਲ ਦਾ ਆਧਾਰ |
| 453. | Ground of claim | ਦਾਅਵੇ ਦਾ ਆਧਾਰ |
| 454. | Group behavior | ਸਮੂਹਿਕ ਵਤੀਰਾ |
| 455. | Group factors | ਸਮੂਹਿਕ ਕਾਰਨ |
| 456. | Group, Pressure | ਵਿਸ਼ੇਸ਼ ਹਿੱਤ ਮੰਡਲੀ |
| 457. | Growth rate | ਵਾਧਾ ਦਰ |
| 458. | Guarantee, Constitutional | ਸੰਵਿਧਾਨਿਕ ਗਰੰਟੀ |
| 459. | Guaranteed dividend | ਗਰੰਟੀ-ਸ਼ੁਦਾ ਲਾਭਾਂਸ਼ |
| 460. | Guard of honour | ਸਲਾਮੀ ਗਾਰਦ, ਸਲਾਮੀ |
| 461. | Guardian | ਸਰਪ੍ਰਸਤ, ਗਾਰਡੀਅਨ |
| 462. | Guardian, Defacto | ਵਾਸਤਵਿਕ ਸਰਪ੍ਰਸਤ |
| 463. | Guardian, Defuse | ਕਾਨੂੰਨੀ ਸਰਪ੍ਰਸਤ |
| 464. | Guardian, Legal | ਕਾਨੂੰਨੀ ਸਰਪ੍ਰਸਤ |
| 465. | Guardianship | ਸਰਪ੍ਰਸਤੀ |
| 466. | Guerilla | ਛਾਪਾਮਾਰ, ਗੁਰੀਲਾ |
| 467. | Guerilla war | ਛਾਪਾਮਾਰ ਲੜਾਈ, ਗੁਰੀਲਾ ਯੁੱਧ |
| 468. | Guest, State | ਸਰਕਾਰੀ ਮਹਿਮਾਨ |

| | | |
|---|---|---|
| 469. | Habeas corpus | ਬੰਦੀ ਪ੍ਰਤੱਖਕਰਣ |
| 470. | Habit | ਆਦਤ |
| 471. | Habitable | ਰਿਹਾਇਸ਼ਯੋਗ, ਰਹਿਣਯੋਗ |
| 472. | Habitation | ਰਿਹਾਇਸ਼, ਨਿਵਾਸ |
| 473. | Habitual criminal | ਆਦੀ ਮੁਜ਼ਰਮ, ਆਦੀ ਅਪਰਾਧੀ |
| 474. | Habitual defaulter | ਆਦੀ ਬਾਕੀਦਾਰ, ਆਦੀ ਕਸੂਰਵਾਰ |
| 475. | Habitual neglect of duty | ਫਰਜ਼ਦੀ ਆਦਤਨ ਕੋਤਾਹੀ |
| 476. | Habitual offender | ਆਦੀ ਮੁਜ਼ਰਮ |
| 477. | Habitually | ਆਦਤਨ, ਆਦਤ ਵਜੋਂ |
| 478. | Hail-storm | ਗੜੇ ਮਾਰ |
| 479. | Half average pay leave | ਅੱਧੀ-ਔਸਤ ਤਨਖ਼ਾਹ ਛੁੱਟੀ |
| 480. | Half pay leave | ਅੱਧੀ ਤਨਖਾਹ ਛੁੱਟੀ |
| 481. | Half timer | ਅਰਧਕਾਲੀ |
| 482. | Half yearly | ਛਿਮਾਹੀ, ਅੱਧ-ਸਾਲਾ |
| 483. | Half-blood | ਮਤਰੇਆ |
| 484. | Hall-mark | ਪ੍ਰਮਾਣਿਕਤਾ ਚਿੰਨ੍ਹ |
| 485. | Halt | ਪੜਾਅ, ਕਿਆਮ, ਹਾਲਟ |
| 486. | Hammer, At the fall of | ਬੋਲੀ ਟੁੱਟਣ ’ਤੇ |
| 487. | Hammer, To knock the | ਬੋਲੀ ਖ਼ਤਮ ਕਰਨਾ |
| 488. | Hand bill | ਪਰਚਾ, ਦਸਤੀ ਇਸ਼ਤਿਹਾਰ |
| 489. | Hand book | ਪੁਸਤਿਕਾ, ਕਿਤਾਬਚਾ |

| | | |
|---|---|---|
| 490. | Handful | ਮੁੱਠੀ ਭਰ, ਮੁੱਠ ਕੁ |
| 491. | Handing over charge | ਕਾਰਜਭਾਰ ਸੌਂਪਣਾ |
| 492. | Handling | ਡਾਕ ’ਤੇ ਕਾਰਵਾਈ ਕਰਨਾ |
| 493. | Handling charges | ਚੁੱਕਣ-ਰੱਖਣ ਖਰਚ, ਚੜ੍ਹਾਈ ਉਤਰਾਈ ਖਰਚ |
| 494. | Handloom | ਹੱਥ-ਖੱਡੀ |
| 495. | Handy | ਛੋਹਾ ਜਿਹਾ, ਸੁਵਿਧਾਜਨਕ |
| 496. | Haphazard | ਬੇਤਰਤੀਬਾ, ਉਘੜ ਦੁਘੜਾ |
| 497. | Hard and fast rules | ਪੱਕੇ ਨਿਯਮ |
| 498. | Hard cash | ਨਕਦ ਰੁਪਇਆ |
| 499. | Hard currency | ਦੁਰਲੱਭ ਮੁਦਰਾ |
| 500. | Hard facts | ਠੋਸ ਤੱਥ |
| 501. | Harijan uplift | ਹਰੀਜਨ ਉੱਧਾਰ |
| 502. | Harmonious | ਇਕਸੁਰ, ਸੁਰਮੇਲ ਵਾਲਾ |
| 503. | Harmony | ਇਕਸੁਰਤਾ, ਸੁਰਮੇਲ |
| 504. | Harted | ਘ੍ਰਿਣਾ, ਨਫ਼ਰਤ |
| 505. | Harvest | ਫ਼ਸਲ, ਪੈਦਾਵਾਰ, ਉਪਜ |
| 506. | Haughty | ਘੁਮੰਡੀ, ਅਭਿਮਾਨੀ |
| 507. | Head note | ਸਿਰਲੇਖ, ਟਿੱਪਣੀ |
| 508. | Head of account | ਲੇਖਾ-ਮੱਦ |
| 509. | Head of income | ਆਮਦਨ-ਮੱਦ |
| 510. | Head office | ਮੁੱਖ ਦਫ਼ਤਰ |
| 511. | Health regulations | ਸਿਹਤ ਵਿਨਿਯਮ |
| 512. | Heart-Felt | ਦਿਲੋਂ , ਦਿਲੀ ਹਾਰਦਿਕ |
| 513. | Heavy equipment | ਭਾਰੀ ਸਾਜ ਸਮਾਨ |

| | | |
|---|---|---|
| 514. | Heavy industry | ਭਾਰੀ ਉਦਯੋਗ |
| 515. | Heir and legal | ਵਾਰਸ ਅਤੇ ਕਾਨੂੰਨੀ |
| 516. | Heir, Lawful | ਕਾਨੂੰਨ ਅਨੁਸਾਰ ਵਾਰਸ |
| 517. | Heir, Legal | ਕਾਨੂੰਨੀ ਵਾਰਸ |
| 518. | Henceforth | ਹੁਣ ਤੋਂ |
| 519. | Herald | ਹਰਕਾਰਾ |
| 520. | Hereafter | ਇਸ ਤੋਂ ਬਾਅਦ |
| 521. | Hereby | ਇਸ ਦੁਆਰਾ |
| 522. | Hereditary | ਜੱਦੀ |
| 523. | High seas | ਖੁੱਲ੍ਹਾ ਸਮੁੰਦਰ |
| 524. | High yielding variety | ਵਧੀਕ ਝਾੜ ਵਾਲੀ ਕਿਸਮ |
| 525. | Highest bidder | ਸਭ ਤੋਂ ਵੱਧ ਬੋਲੀ ਦੇਣ ਵਾਲਾ |
| 526. | High-headedness | ਧੱਕੇਸ਼ਾਹੀ |
| 527. | Historical monument | ਇਤਿਹਾਸਕ ਯਾਦਗਾਰਾਂ |
| 528. | Historical museum | ਇਤਿਹਾਸਕ ਅਜਾਇਬ ਘਰ |
| 529. | Historical sites | ਇਤਿਹਾਸਕ ਥਾਂਵਾਂ |
| 530. | History of service | ਸੇਵਾ ਦਾ ਵੇਰਵਾ |
| 531. | History-sheet | ਬਿਰਤਾਂਤ-ਪੱਤਰ |
| 532. | Hoard | ਗੁਪਤ |
| 533. | Hold good, To | ਕਾਇਮ ਰਹਿਣਾ |
| 534. | Hold-back pay | ਰੋਕਿਆ ਹੋਇਆ ਵੇਤਨ |
| 535. | Holdings, Consolidation of | ਚੱਕਬੰਦੀ, ਮੁਰੱਬਾਬੰਦੀ |
| 536. | Holdings, Fragmentation of | ਜੋਤਾਂ ਦੇ ਟੁਕੜੇ ਕਰਨਾ |
| 537. | Holiday Half | ਅੱਧੀ ਛੁੱਟੀ |
| 538. | Holiday, Public | ਆਮ ਛੁੱਟੀ |
| 539. | Homage | ਸ਼ਰਧਾਂਜਲੀ |
| 540. | Home delivery | ਘਰੋ-ਘਰ ਸਪੁਰਦਗੀ |
| 541. | Home Department | ਗ੍ਰਹਿ ਵਿਭਾਗ |
| 542. | Home Industry | ਗ੍ਰਹਿ ਉਦਯੋਗ |
| 543. | Home land | ਸਵੈਦੇਸ਼, ਆਪਣਾ ਦੇਸ਼ |
| 544. | Home rule | ਸਵਰਾਜ |
| 545. | Home science | ਗ੍ਰਹਿ ਵਿਗਿਆਨ |
| 546. | Home secretary | ਗ੍ਰਹਿ ਸਕੱਤਰ |
| 547. | Honorarium | ਮਾਣ-ਭੇਟਾ |
| 548. | Honorary | ਮਾਣ-ਅਰਥ |
| 549. | Honorary member | ਮਾਣ-ਅਰਥ ਮੈਂਬਰ |
| 550. | Honorary post | ਅਵੇਤਨੀ ਅਸਾਮੀ |
| 551. | Honorary work | ਅਵੇਤਨੀ ਕੰਮ |
| 552. | Honourable | ਮਾਣਯੋਗ |
| 553. | Honoured | ਸਨਮਾਨਿਤ |
| 554. | Hording | ਜ਼ਖ਼ੀਰਾਬਾਜ਼ੀ |
| 555. | Hospital, Veterinary | ਪਸ਼ੂ-ਚਿਕਿਤਸਾ ਹਸਪਤਾਲ |
| 556. | House of people | ਲੋਕ ਸਭਾ |
| 557. | Housing | ਮਕਾਨ-ਉਸਾਰੀ |
| 558. | Humanitarian | ਮਾਨਵਤਾਵਾਦੀ |
| 559. | I soplicit your orders pleased to | ਮੈਂ ਆਪ ਦੇ ਹੁਕਮਾਂ ਲਈ ਬੇਨਤੀ ਕਰਦਾਂ ਹਾਂ |
| 560. | Ibid (ibidem) | ਉਸੇ ਥਾਂ ਤੋਂ |
| 561. | Id est (i.e.) | ਅਰਥਾਤ |
| 562. | Ideal | ਆਦਰਸ਼ |
| 563. | Identical | ਸਮਰੂਪ |

| | | |
|---|---|---|
| 564. | Identification | ਪਛਾਣ |
| 565. | Identification mark | ਪਛਾਣ-ਚਿੰਨ੍ਹ |
| 566. | Identification parade | ਸ਼ਨਾਖ਼ਤ ਪਰੇਡ |
| 567. | Idiom | ਮੁਹਾਵਰਾ |
| 568. | Illegibility | ਨਾ-ਪੜ੍ਹਨਯੋਗਤਾ |
| 569. | Illegible | ਨਾ-ਪੜ੍ਹਨਯੋਗ |
| 570. | Illegitimate | ਨਾਜਾਇਜ਼ |
| 571. | Illicit | ਨਾਜਾਇਜ਼ |
| 572. | Illicit trade | ਨਾਜਾਇਜ਼ ਵਪਾਰ |
| 573. | Ill-mannered | ਬੇ-ਅਦਬ |
| 574. | Ill-will | ਮੰਦ-ਭਾਵਨਾ, ਬੁਰੀ ਨੀਅਤ |
| 575. | Immediate action | ਫ਼ੌਰੀ ਕਾਰਵਾਈ |
| 576. | Immediate cause | ਫ਼ੌਰੀ ਕਾਰਨ |
| 577. | Immediate relief | ਫ਼ੌਰੀ ਸਹਾਇਤਾ |
| 578. | Immigrant | ਆਵਾਸੀ |
| 579. | Immigrate | ਆਵਾਸ ਕਰਨਾ |
| 580. | Immigration | ਆਵਾਸ |
| 581. | Imminent | ਸਿਰ ’ਤੇ, ਅਤਿ ਨੇੜੇ |
| 582. | Immobile | ਸਥਿਰ |
| 583. | Immoral | ਕੁਕਰਮੀ |
| 584. | Impanel | ਸੂਚੀ ਵਿੱਚ ਸ਼ਾਮਿਲ ਕਰਨਾ |
| 585. | Impartial | ਨਿਰਪੱਖ |
| 586. | Impartial judgment | ਨਿਰਪੱਖ ਨਿਰਣਾ |
| 587. | Impartiality | ਨਿਰਪੱਖਤਾ |
| 588. | Impeach | ਮਹਾਂ-ਦੋਸ਼ ਲਾਉਣਾ |
| 589. | Impeachment | ਮਹਾਂ-ਦੋਸ਼ ਆਰੋਪਣ |
| 590. | Imperative | ਜ਼ਰੂਰੀ |
| 591. | Impersonal | ਗੈਰ-ਸ਼ਖ਼ਸੀ |
| 592. | Import | ਆਯਾਤ |

| | | |
|---|---|---|
| 593. | Import duty | ਆਯਾਤ ਕਰ |
| 594. | Impracticable | ਅਸੰਭਵ |
| 595. | Imprest | ਸਰਕਾਰੀ ਪੇਸ਼ਗੀ |
| 596. | Imprest account | ਸਰਕਾਰੀ ਪੇਸ਼ਗੀ ਲੇਖਾ |
| 597. | Imprest amount | ਸਰਕਾਰੀ ਪੇਸ਼ਗੀ ਦੀ ਰਕਮ |
| 598. | Imprest money | ਸਰਕਾਰੀ ਪੇਸ਼ਗੀ ਧਨ |
| 599. | Imprisonment till the rising of the court | ਅਦਾਲਤ ਦੇ ਉੱਠਣ ਤੱਕ ਕੈਦ |
| 600. | Impropriety | ਅਨੁਚਿਤਤਾ |
| 601. | Improvement trust | ਨਗਰ ਸੁਧਾਰ ਟਰੱਸਟ |
| 602. | Improvisation | ਕੰਮ ਚਲਾਉ ਵਿਉਂਤ |
| 603. | In accordance with | ...ਦੇ ਅਨੁਸਾਰ |
| 604. | In addition to | ...ਤੋਂ ਇਲਾਵਾ |
| 605. | In aid of | ਦੀ ਸਹਾਇਤਾ ਲਈ |
| 606. | In as much as | ਜਿਥੋਂ ਤੱਕ ਕਿ |
| 607. | In the case of | ਦੀ ਹਾਲਤ ਵਿਚ, ਦੀ ਸੂਰਤ ਵਿਚ |
| 608. | In the circumstances | ਇਨ੍ਹਾਂ ਹਾਲਾਤਾਂ ਵਿਚ, ਉਨ੍ਹਾਂ ਹਾਲਾਤਾਂ ਵਿਚ |
| 609. | In the first instance | ਪਹਿਲਾਂ ਤਾਂ, ਸਭ ਤੋਂ ਪਹਿਲਾਂ |
| 610. | In the light of facts mentioned above | ਉਕਤ ਤੱਥਾਂ ਦੀ ਰੌਸ਼ਨੀ ਵਿਚ |
| 611. | In this instance | ਇਸ ਮਾਮਲੇ ਵਿਚ |
| 612. | In toto | ਪੂਰਨ ਤੌਰ ’ਤੇ, ਪੂਰੀ ਤਰ੍ਹਾਂ |
| 613. | In transit | ਰਾਹ ਵਿਚ |

| | | |
|---|---|---|
| 614. | In virtue of (by virtue of) | ਦੇ ਨਾਤੇ |
| 615. | Inactive | ਸੁਸਤ |
| 616. | Inadmissible | ਨਾ-ਮਿਲਣਯੋਗ, ਨਾ-ਮੰਨਣਯੋਗ |
| 617. | Inadmissible evidence | ਨਾ-ਮੰਨਣਯੋਗ ਗਵਾਹੀ |
| 618. | Inadvertently | ਅਸਾਵਧਾਨੀ ਨਾਲ |
| 619. | Inaugural | ਉਦਘਾਟਨੀ |
| 620. | Inaugurate | ਉਦਘਾਟਨ ਕਰਨਾ |
| 621. | Intra vires | ਇਖ਼ਤਿਆਰ ਅੰਦਰ |
| 622. | Invogue | ਪ੍ਰਚੱਲਿਤ |
| 623. | Ipso facto | ਇਸੇ ਗੱਲੋਂ; ਇਸੇ ਤੱਥੋਂ, ਤੱਥ ਜਾਂ ਕਾਰਜ ਤੋਂ ਹੀ, ਕੇਵਲ ਕੰਮ ਜਾਂ ਤੱਥ ਦੇ ਸਿੱਟੇ ਵਜੋਂ ਹੀ |
| 624. | Ipso jure | ਕਾਨੂੰਨ ਨਾਲ ਹੀ, ਕਾਨੂੰਨ ਅਨੁਸਾਰ ਹੀ |
| 625. | Irksome | ਦੁੱਖਦਾਈ, ਰੜਕਣ ਵਾਲਾ |
| 626. | Is here by informed | ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ |
| 627. | Issue note | ਇਜਰਾ ਨੋਟ |
| 628. | Issue price | ਇਜਰਾ ਕੀਮਤ |
| 629. | Itinerary | ਸਫ਼ਰੀ, ਸਫ਼ਰ-ਸੰਬੰਧੀ |
| 630. | Jobbery | ਦਫ਼ਤਰੀ ਭ੍ਰਿਸ਼ਟਾਚਾਰ, ਵੱਢੀ ਖੋਰੀ |
| 631. | Joint account | ਸਾਂਝਾ ਖਾਤਾ |
| 632. | Judicial inquiry | ਅਦਾਲਤੀ ਜਾਂਚ, ਨਿਆਂਇਕ ਜਾਂਚ |
| 633. | Judicial lock up | ਅਦਾਲਤੀ ਹਵਾਲਾਤ |
| 634. | Judicial stamp | ਅਦਾਲਤੀ ਅਸ਼ਟਾਮ |
| 635. | Justice is blind | ਨਿਆਂ ਨਿਰਪੱਖ ਹੈ |
| 636. | Juvenile Delinquency | ਕਿਸ਼ੋਰ ਅਪਰਾਧ |
| 637. | Key map | ਸੰਖੇਪ ਨਕਸ਼ਾ |
| 638. | Key word | ਸੰਕੇਤ ਸ਼ਬਦ |
| 639. | Laissez faire | ਚਾਹੋ ਸੋ ਕਰੋ ਨੀਤੀ |
| 640. | Land conservation | ਭੋਂ-ਸੁਰੱਖਿਅਣ |
| 641. | Land mark | ਸੀਮਾ-ਚਿੰਨ੍ਹ; ਥਲ-ਚਿੰਨ੍ਹ; ਮਹੱਤਵਪੂਰਨ ਘਟਨਾ |
| 642. | Last pay certificate (L.P.C.) | ਆਖ਼ਰੀ ਤਨਖਾਹ ਸਰਟੀਫ਼ਿਕੇਟ (ਐਲ.ਪੀ.ਸੀ.) |
| 643. | Lawful act | ਕਾਨੂੰਨ ਅਨੁਸਾਰ ਕੰਮ |
| 644. | Lease | ਪਟੇ 'ਤੇ ਦੇਣਾ; ਪਟਾ |
| 645. | Lease deed | ਪਟੇਨਾਮਾ, ਪਟਾ |
| 646. | Leave Reserve | ਰਾਖਵੀਂ ਛੁੱਟੀ |
| 647. | Leave, Earned | ਕਮਾਈ ਛੁੱਟੀ |
| 648. | Leave, Maternity | ਪ੍ਰਸੂਤ ਛੁੱਟੀ |
| 649. | Leave, Privilege | ਵਿਸ਼ੇਸ਼ ਅਧਿਕਾਰ ਛੁੱਟੀ |
| 650. | Ledger book | ਖਾਤਾ ਵਹੀ |
| 651. | Legal heir | ਕਾਨੂੰਨੀ ਵਾਰਸ |
| 652. | Legal objection | ਕਾਨੂੰਨੀ ਇਤਰਾਜ਼ |
| 653. | Legalise | ਕਾਨੂੰਨੀ ਰੂਪ ਦੇਣਾ |

| | | |
|---|---|---|
| 654. | Legislative | ਕਾਨੂੰਨਸਾਜ਼, ਵਿਧਾਨਿਕ, ਵਿਧਾਨ |
| 655. | Legislative Assembly | ਵਿਧਾਨ ਸਭਾ |
| 656. | Legislative Council | ਵਿਧਾਨ ਪਰਿਸ਼ਦ |
| 657. | Legislator | ਵਿਧਾਇਕ, ਵਿਧਾਨਕਾਰ |
| 658. | Legislature | ਵਿਧਾਨ-ਮੰਡਲ |
| 659. | Lessee | ਪਟੇਦਾਰ |
| 660. | Letter of attorney | ਮੁਖ਼ਤਿਆਰਨਾਮਾ, ਵਕਾਲਤਨਾਮਾ |
| 661. | Letter of authority | ਅਧਿਕਾਰ ਪੱਤਰ |
| 662. | Letter of credence | ਵਿਸ਼ਵਾਸ ਪੱਤਰ |
| 663. | Letter of credit | ਸਾਖ ਪੱਤਰ, ਉਧਾਰ ਪੱਤਰ |
| 664. | Liaison Officer | ਸੰਪਰਕ ਅਫ਼ਸਰ |
| 665. | Lieutenant Governor | ਉਪ ਰਾਜਪਾਲ |
| 666. | Likewise | ਉਸੇ ਤਰ੍ਹਾਂ, ਉਵੇਂ ਹੀ |
| 667. | Lineage | ਵੰਸ਼-ਪਰੰਪਰਾ |
| 668. | List, State | ਰਾਜ ਸੂਚੀ |
| 669. | List, Union | ਸੰਘ ਸੂਚੀ |
| 670. | Literacy | ਸਾਖ਼ਰਤਾ |
| 671. | Litigant | ਮੁਕੱਦਮੇਬਾਜ਼ |
| 672. | Litigation | ਮੁਕੱਦਮੇਬਾਜ਼ੀ |
| 673. | Lock-up | ਹਵਾਲਾਤ |
| 674. | Magisterial powers | ਮੈਜਿਸਟ੍ਰੇਟੀ ਇਖ਼ਤਿਆਰ |
| 675. | Main object | ਮੁੱਖ ਉਦੇਸ਼ |
| 676. | Maintenance allowance | ਨਿਰਬਾਹ ਭੱਤਾ |
| 677. | Maintenance and repair | ਦੇਖ-ਭਾਲ ਤੇ ਮੁਰੰਮਤ |
| 678. | Maintenance cell | ਦੇਖ-ਭਾਲ ਸੈੱਲ |
| 679. | Maintenance, Cost of | ਨਿਰਬਾਹ-ਖ਼ਰਚਾ |
| 680. | Major crisis | ਮੁੱਖ ਸੰਕਟ |
| 681. | Major produce | ਮੁੱਖ ਉਪਜ |
| 682. | Make shift arrangement | ਡੰਗ ਟਪਾਊ ਪ੍ਰਬੰਧ |
| 683. | Make up | ਬਣਾਵਟ |
| 684. | Malafide | ਬਦਨੀਤੀ ਨਾਲ |
| 685. | Malnutrition | ਕੁਪੋਸ਼ਣ, ਪੋਸ਼ਕ-ਆਹਾਰ ਦੀ ਘਾਟ |
| 686. | Malpractice | ਦੁਰਾਚਾਰ ; ਗਫ਼ਲਤ, ਖ਼ਿਆਨਤ |
| 687. | Maltreat | ਬਦਸਲੂਕੀ ਕਰਨਾ, ਬੁਰਾ ਵਰਤਾਉ ਕਰਨਾ |
| 688. | Man of letters | ਵਿਦਵਾਨ; ਸਾਹਿਤਕਾਰ |
| 689. | Manage | ਪ੍ਰਬੰਧ ਕਰਨਾ |
| 690. | Management | ਪ੍ਰਬੰਧ, ਪ੍ਰਬੰਧਕ ਵਰਗ |
| 691. | Manifesto | ਨੀਤੀ ਪੱਤਰ |
| 692. | Market rate | ਬਜ਼ਾਰੀ ਦਰ, ਬਜ਼ਾਰ ਦਾ ਭਾਅ |
| 693. | Market value | ਬਜ਼ਾਰੀ ਮੁੱਲ |
| 694. | Marketing | ਮੰਡੀਕਰਣ |
| 695. | Marks, Reference | ਹਵਾਲਾ ਚਿੰਨ੍ਹ |
| 696. | Material fact | ਠੋਸ ਤੱਥ |
| 697. | Materialise | ਅਮਲੀ ਰੂਪ ਦੇਣਾ; ਸਾਕਾਰ ਹੋਣਾ |
| 698. | Medico-legal | ਡਾਕਟਰੀ-ਕਾਨੂੰਨੀ |
| 699. | Member, ex-officio | ਪਦਵੀ ਕਾਰਨ ਮੈਂਬਰ |

| | | |
|---|---|---|
| 700. | Member, Nominated | ਨਾਮਜ਼ਦ ਮੈਂਬਰ |
| 701. | Member, ordinary | ਸਧਾਰਨ ਮੈਂਬਰ |
| 702. | Member, Private | ਗ਼ੈਰ ਸਰਕਾਰੀ ਮੈਂਬਰ |
| 703. | Memorandum | ਯਾਦ-ਪੱਤਰ |
| 704. | Merit and demerits | ਗੁਣ ਤੇ ਦੋਸ਼ |
| 705. | Metropolis | ਮਹਾਂਨਗਰ |
| 706. | Mineral | ਖਣਿੱਜ |
| 707. | Mining | ਖਾਣ ਖੋਦਣ ਦਾ ਕੰਮ |
| 708. | Minister of state | ਰਾਜ ਮੰਤਰੀ |
| 709. | Ministerial | ਦਫ਼ਤਰੀ; ਵਜ਼ਾਰਤੀ |
| 710. | Ministerial establishment | ਦਫ਼ਤਰੀ ਅਮਲਾ |
| 711. | Ministerial staff | ਦਫ਼ਤਰੀ ਅਮਲਾ |
| 712. | Miscellaneous | ਫੁਟਕਲ |
| 713. | Mobilize | ਲਾਮਬੰਦੀ ਕਰਨਾ; ਇਕੱਤਰ ਕਰਨਾ |
| 714. | Mode of Payment | ਅਦਾਇਗੀ ਦਾ ਤਰੀਕਾ |
| 715. | Monopoly | ਇਜਾਰੇਦਾਰੀ, ਏਕਾਧਿਕਾਰ |
| 716. | Motion | ਪ੍ਰਸਤਾਵ, ਤਹਿਰੀਕ, ਮਤਾ; ਚਾਲ |
| 717. | Motion of confidence | ਪ੍ਰਤੀਤੀ ਦਾ ਮਤਾ, ਵਿਸ਼ਵਾਸ-ਪ੍ਰਸਤਾਵ |
| 718. | Motion of no-confidence | ਬੇਪ੍ਰਤੀਤੀ ਦਾ ਮਤਾ, ਅਵਿਸ਼ਵਾਸ-ਪ੍ਰਸਤਾਵ |
| 719. | Motion of thanks | ਧੰਨਵਾਦ ਦਾ ਮਤਾ |
| 720. | Motion, adjournment | ਕੰਮ ਰੋਕੂ ਮਤਾ,ਸਥੱਗਨ ਪ੍ਰਸਤਾਵ |
| 721. | Motion, Censure | ਨਿਖੇਧੀ ਪ੍ਰਸਤਾਵ |
| 722. | Motion, Privilege | ਵਿਸ਼ੇਸ਼ ਅਧਿਕਾਰ ਪ੍ਰਸਤਾਵ |
| 723. | Mutation fee | ਦਾਖ਼ਲ-ਖ਼ਾਰਜ ਫੀਸ, ਇੰਤਕਾਲ ਫੀਸ |
| 724. | National Debt | ਕੌਮੀ ਕਰਜ਼ਾ |
| 725. | Needful has been done | ਲੋੜੀਂਦੀ ਕਾਰਵਾਈ ਕਰ ਦਿੱਤੀ ਗਈ ਹੈ |
| 726. | Nominee | ਨਾਮਜ਼ਦ; ਨਾਮਿਤ |
| 727. | Non-bailable offence | ਜ਼ਮਾਨਤ-ਅਯੋਗ ਅਪਰਾਧ, ਨਾਕਾਬਲੇ ਜ਼ਮਾਨਤ ਜੁਰਮ |
| 728. | Non-cognizable | ਮਦਾਖ਼ਲਤ ਅਯੋਗ, ਸਮਾਇਤ ਅਯੋਗ |
| 729. | Non-commercial | ਗ਼ੈਰ-ਵਪਾਰਕ, ਅਣਵਪਾਰਕ |
| 730. | Non-earning | ਅਣਕਮਾਊ |
| 731. | Non-judicial | ਗ਼ੈਰ-ਅਦਾਲਤੀ, ਅਣ ਨਿਆਂਇਕ |
| 732. | Non-legal | ਗ਼ੈਰ-ਕਾਨੂੰਨੀ, ਕਾਨੂੰਨੋਂ ਬਾਹਰ |
| 733. | Notified area | ਅਧਿਸੂਚਿਤ ਇਲਾਕਾ |
| 734. | Null and void | ਵਿਅਰਥ ਤੇ ਵਿਫ਼ਲ |
| 735. | Nullify | ਵਿਅਰਥ ਕਰਨਾ, ਮਨਸੂਖ਼ ਕਰਨਾ |
| 736. | Octroi | ਚੁੰਗੀ, ਮਹਿਸੂਲ |
| 737. | Octroi duty | ਮਹਿਸੂਲ ਚੁੰਗੀ |
| 738. | Off-hand | ਬਿਨਾਂ ਤਿਆਰੀ |
| 739. | Office of profit | ਲਾਭ-ਪਦ, ਲਾਹੇਵੰਦਾ ਅਹੁਦਾ |
| 740. | Office procedure | ਦਫ਼ਤਰੀ ਕਾਰਜ-ਵਿਧੀ |
| 741. | Officially | ਸਰਕਾਰੀ ਤੌਰ ’ਤੇ |

| | | |
|---|---|---|
| 742. | On account of | .....ਦੇ ਕਾਰਨ |
| 743. | On behalf of government | ਸਰਕਾਰ ਦੀ ਤਰਫ਼ੋਂ |
| 744. | On Compassionate Grounds | ਤਰਸ ਦੇ ਆਧਾਰ ’ਤੇ |
| 745. | On deputation | ਡੈਪੁਟੇਸ਼ਨ ’ਤੇ, ਪ੍ਰਤਿਨਿਯੁਕਤੀ ’ਤੇ |
| 746. | On his behalf | ਦੇ ਵੱਲੋਂ, ਦੀ ਤਰਫ਼ੋਂ |
| 747. | On his behalf | ਉਸ ਵੱਲੋਂ, ਉਸ ਦੀ ਤਰਫ਼ੋਂ |
| 748. | On India Government Service | ਭਾਰਤ ਸਰਕਾਰ ਸੇਵਾ ਹਿਤ |
| 749. | On medical grounds | ਬਿਮਾਰੀ ਕਾਰਨ |
| 750. | On probation | ਪਰਖ ਅਧੀਨ, ਅਜ਼ਮਾਇਸ਼ ਅਧੀਨ |
| 751. | On the floor of the House | ਸਦਨ ਵਿੱਚ |
| 752. | On the grounds | ਕਾਰਨਾਂ ਕਰਕੇ |
| 753. | On the parity basis | ਸਮਾਨਤਾ ਦੇ ਆਧਾਰ ’ਤੇ |
| 754. | One and all | ਸਾਰੇ ਦੇ ਸਾਰੇ |
| 755. | Onus of proof | ਸਬੂਤ ਦੀ ਜ਼ਿੰਮੇਵਾਰੀ |
| 756. | Orders are solicited | ਕ੍ਰਿਪਾ ਕਰਕੇ ਹੁਕਮ ਦੇਣਾ ਜੀ |
| 757. | Out voted | ਵਧੇਰੇ ਵੋਟਾਂ ਨਾਲ ਹਰਾਇਆ, ਬਹੁਮਤ ਨਾਲ ਹਰਾਇਆ |
| 758. | Outgoing files | ਜਾਣ ਵਾਲੀਆਂ ਫਾਈਲਾਂ, ਜਾਵਕ ਮਿਸਲਾਂ |
| 759. | P.U.C. is self explanatory | ਵਿਚਾਰ ਅਧੀਨ ਪੱਤਰ ਸ੍ਵੈ-ਸਪੱਸ਼ਟ ਹੈ |
| 760. | Parexcellence | ਸ੍ਰੇਸ਼ਟ, ਸਰਬੋਤਮ |
| 761. | Parliamentary privileges | ਸੰਸਦੀ ਵਿਸ਼ੇਸ਼ ਅਧਿਕਾਰ |
| 762. | Parliamentary procedure | ਸੰਸਦੀ ਕਾਰਜ-ਵਿਧੀ |
| 763. | Parliamentary session | ਸੰਸਦੀ ਇਜਲਾਸ |
| 764. | Parole | ਜ਼ੁਬਾਨੀ ਇਕਰਾਰ; ਸ਼ਰਤੀ ਰਿਹਾਈ |
| 765. | Parole arrest | ਜ਼ੁਬਾਨੀ ਗ੍ਰਿਫ਼ਤਾਰੀ |
| 766. | Parole evidence | ਜ਼ੁਬਾਨੀ ਗਵਾਹੀ |
| 767. | Part and parcel | ਜ਼ਰੂਰੀ ਅੰਗ |
| 768. | Partake | ਸ਼ਾਮਿਲ ਹੋਣਾ |
| 769. | Partiality | ਪੱਖਪਾਤ |
| 770. | Particulars | ਵੇਰਵਾ |
| 771. | Payee | ਵਸੂਲਕਰਤਾ, ਰੁਪਇਆ ਲੈਣ ਵਾਲਾ |
| 772. | Paying-in-book | ਜਮ੍ਹਾਂ ਕਾਪੀ |
| 773. | Pay-in-slip | (ਰਕਮ) ਜਮ੍ਹਾਂ-ਪਰਚੀ |
| 774. | Penal code | ਦੰਡ ਸੰਘਤਾ, ਦੰਡਾਵਲੀ, |
| 775. | Per capita | ਪ੍ਰਤਿ ਵਿਅਕਤੀ |
| 776. | Per diem | ਪ੍ਰਤਿ ਦਿਨ, ਦਿਹਾੜੀ |
| 777. | Personal bond | ਮੁਚੱਲਕਾ |
| 778. | Personal capacity | ਜਾਤੀ ਹੈਸੀਅਤ |
| 779. | Petition | ਅਰਜ਼ੀ, ਦਰਖ਼ਾਸਤ, ਪਟੀਸ਼ਨ |
| 780. | Petition, mercy | ਰਹਿਮ ਦੀ ਦਰਖ਼ਾਸਤ |
| 781. | Please look into | ਦੀ ਪੜਤਾਲ ਕਰੋ |
| 782. | Please turn over | ਪੰਨਾ ਪਰਤੋ ਜੀ |

| | | |
|---|---|---|
| 783. | Point at issue | ਝਗੜੇ ਵਾਲੀ ਗੱਲ; ਬਹਿਸ ਦਾ ਵਿਸ਼ਾ, ਪ੍ਰਸ਼ਨ |
| 784. | Point of order | ਉੱਚਿਤਤਾ ਦਾ ਪ੍ਰਸ਼ਨ |
| 785. | Point of view | ਦ੍ਰਿਸ਼ਟੀਕੋਣ, ਨਜ਼ਰੀਆ |
| 786. | Point out | ਸੰਕੇਤ ਕਰਨਾ; ਦੱਸਣਾ |
| 787. | Point Strategic | ਫ਼ੌਜੀ ਮਹੱਤਵ ਦੀ ਥਾਂ |
| 788. | Pointless | ਨਿਰਾਰਥਕ, ਬੇਦਲੀਲ |
| 789. | Post facto | ਕਾਰਜ ਉਪਰੰਤ |
| 790. | Post facto sanction | ਕਾਰਜ ਉਪਰੰਤ ਮਨਜ਼ੂਰੀ |
| 791. | Postal copy | ਡਾਕ-ਕਾਪੀ |
| 792. | Postal receipt | ਡਾਕ ਰਸੀਦ |
| 793. | Power of attorney | ਮੁਖ਼ਤਿਆਰਨਾਮਾ |
| 794. | Power, Abuse of | ਇਖ਼ਤਿਆਰ ਦੀ ਕੁਵਰਤੋਂ |
| 795. | Power, Executive | ਕਾਰਜਸਾਧਕ ਇਖ਼ਤਿਆਰ |
| 796. | Practice, illegal | ਗ਼ੈਰ ਕਾਨੂੰਨੀ ਪ੍ਰਥਾ |
| 797. | Preamble | ਪ੍ਰਸਤਾਵਨਾ |
| 798. | Precaution | ਸਾਵਧਾਨੀ, ਇਹਤਿਹਾਤ |
| 799. | Predecessor | ਪੂਰਵਗਾਮੀ, ਪਿਛਲਾ ਅਹੁਦੇਦਾਰ, ਪੂਰਵਜ, ਬਜ਼ੁਰਗ |
| 800. | Predetermined | ਗਿਣਿਆ ਮਿਥਿਆ, ਪਹਿਲਾਂ ਮਿਥਿਆ, ਪੂਰਵ ਨਿਰਧਾਰਿਤ |
| 801. | Preliminary | ਮੁੱਢਲੀ, ਆਰੰਭਿਕ |
| 802. | Pre-mature | ਅਗੇਤਾ, ਸਮਾਂ-ਪੂਰਵ, ਵਕਤੋਂ ਪਹਿਲਾਂ |
| 803. | Preventive | ਨਿਵਾਰਕ, ਇਹਤਿਹਾਤੀ, ਰੋਕਥਾਮ ਦੇ |
| 804. | Previous consent | ਪੂਰਵ ਰਜ਼ਾਮੰਦੀ |
| 805. | Prima facie | ਪ੍ਰਤੱਖ ਤੌਰ ’ਤੇ ਪਹਿਲੀ ਨਜ਼ਰੇ |
| 806. | Privilege | ਵਿਸ਼ੇਸ਼-ਅਧਿਕਾਰ |
| 807. | Privilege motion | ਵਿਸ਼ੇਸ਼-ਅਧਿਕਾਰ ਪ੍ਰਸਤਾਵ |
| 808. | Probationary period | ਪਰਖ-ਕਾਲ, ਅਜ਼ਮਾਇਸ਼ ਦਾ ਸਮਾਂ |
| 809. | Procedure | ਕਾਰਜ-ਪ੍ਰਣਾਲੀ; ਪ੍ਰਕਿਰਿਆ, ਅਮਲ |
| 810. | Procedure, Established | ਸਥਾਪਿਤ ਕਾਰਜ-ਵਿਧੀ |
| 811. | Proclamation | ਘੋਸ਼ਣਾ, ਐਲਾਨ; ਮੁਨਾਦੀ, ਡੌਂਡੀ |
| 812. | Professional | ਪੇਸ਼ਾਵਰਾਨਾ |
| 813. | Proficiency | ਪ੍ਰਬੀਨਤਾ, ਨਿਪੁੰਨਤਾ |
| 814. | Prohibition drive | ਸ਼ਰਾਬਬੰਦੀ ਅੰਦੋਲਨ |
| 815. | Promulgate | ਜਾਰੀ ਕਰਨਾ, ਘੋਸ਼ਿਤ ਕਰਨਾ |
| 816. | Property, Immovable | ਅਚੱਲ ਸੰਪੱਤੀ, ਅਚੱਲ ਜਾਇਦਾਦ |
| 817. | Propound | ਸੁਝਾਅ ਪੇਸ਼ ਕਰਨਾ |
| 818. | Prorogue | ਇਜਲਾਸ ਉਠਾਉਣਾ |
| 819. | Pros and cons | ਪੱਖ-ਵਿਪੱਖ |
| 820. | Provided | ਪ੍ਰੰਤੂ, ਸ਼ਰਤ ਇਹ ਹੈ.... ਜੇਕਰ |

| | | |
|---|---|---|
| 821. | Provided further that | ਹੋਰ ਸ਼ਰਤ ਇਹ ਹੈ ਕਿ...... |
| 822. | Public Address | ਜਨਤਕ ਭਾਸ਼ਣ |
| 823. | Public documents | ਸਰਕਾਰੀ ਦਸਤਾਵੇਜ਼ |
| 824. | Public exchequer | ਸਰਕਾਰੀ ਖ਼ਜ਼ਾਨਾ |
| 825. | Public finance | ਲੋਕ ਵਿੱਤ |
| 826. | Public good | ਜਨਤਕ ਹਿੱਤ, ਲੋਕ ਕਲਿਆਣ |
| 827. | Public Grievances | ਲੋਕ ਸ਼ਿਕਾਇਤ ਨਿਵਾਰਣ |
| 828. | Public Institution | ਲੋਕ ਸੰਸਥਾ |
| 829. | Public interest | ਲੋਕ ਹਿੱਤ |
| 830. | Punishment, Capital | ਮੌਤ ਦੀ ਸਜ਼ਾ |
| 831. | Punishment, Corporal | ਸਰੀਰਕ ਸਜ਼ਾ, ਜਿਸਮਾਨੀ ਸਜ਼ਾ |
| 832. | Punitive | ਦੰਡਾਤਮਕ |
| 833. | Question hour | ਪ੍ਰਸ਼ਨ ਕਾਲ |
| 834. | Question of fact | ਤੱਥ ਦਾ ਪ੍ਰਸ਼ਨ |
| 835. | Rate of postage | ਡਾਕ-ਦਰ |
| 836. | Reappointment | ਪੁਨਰ-ਨਿਯੁਕਤੀ |
| 837. | Rehabilitation | ਮੁੜ-ਵਸਾਉਣ; ਪੁਨਰ-ਵਾਸ |
| 838. | Reinstate | ਬਹਾਲ ਕਰਨਾ |
| 839. | Rejoinder | ਜਵਾਬ ਦਾਅਵਾ, ਮੋੜਵਾਂ ਉੱਤਰ |
| 840. | Relieved | ਭਾਰ-ਮੁਕਤ, ਫਾਰਗ |
| 841. | Remarks | ਵਿਸ਼ੇਸ਼ ਕਥਨ, ਵਿਸ਼ੇਸ਼ ਰਾਏ, ਟਿੱਪਣੀ, ਕੈਫੀਅਤ |
| 842. | Remedy | ਉਪਾਅ, ਇਲਾਜ, ਚਾਰਾਜੋਈ |
| 843. | Reminder | ਚਿਤਾਵਨੀ-ਪੱਤਰ |

| | | |
|---|---|---|
| 844. | Rent, Ceiling | ਅਧਿਕਤਮ ਕਿਰਾਇਆ |
| 845. | Rent, Standard | ਮਿਆਰੀ ਕਿਰਾਇਆ, ਸਟੈਂਡਰਡ ਕਿਰਾਇਆ |
| 846. | Report, First Information(F.I.R.) | ਪਹਿਲੀ ਸੂਚਨਾ ਰਿਪੋਟ |
| 847. | Representative | ਪ੍ਰਤਿਨਿਧ |
| 848. | Reprimand | ਫਿਟਕਾਰਨਾ; ਡਾਂਟਣਾ; ਫਿਟਕਾਰ |
| 849. | Residuary power | ਬਾਕੀ ਬਚੇ ਇਖ਼ਤਿਆਰ, ਅਵਰਤਿਤ ਇਖ਼ਤਿਆਰ |
| 850. | Revenue stamp | ਰਸੀਦੀ ਟਿਕਟ |
| 851. | Revoke | ਮਨਸੂਖ਼ ਕਰਨਾ; ਵਾਪਸ ਲੈਣਾ; ਰੱਦ ਕਰਨਾ |
| 852. | Roll call | ਹਾਜ਼ਰੀ ਲੈਣ; ਹਾਜ਼ਰੀ; ਰੋਲ ਕਾਲ |
| 853. | Rules of conduct | ਆਚਰਨ ਨਿਯਮ |
| 854. | Rules of procedure | ਕਾਰਜ-ਵਿਧੀ ਨਿਯਮ |
| 855. | S.O.S. (Save Our Souls) | ਸੰਕਟ-ਸੰਦੇਸ਼ |
| 856. | Sanction, Administrative | ਪ੍ਰਬੰਧਕੀ ਪ੍ਰਵਾਨਗੀ |
| 857. | Sanction, Ex-post-facto | ਕਾਰਜ ਉਪਰੰਤ ਪ੍ਰਵਾਨਗੀ |
| 858. | Savings account | ਬੱਚਤ ਖਾਤਾ |
| 859. | Secret ballot | ਗੁਪਤ ਪਰਚੀ, ਗੁਪਤ ਮਤਦਾਨ |
| 860. | Secretary, held not be troubled | ਸਕੱਤਰ ਜੀ ਨੂੰ ਖੇਚਲ ਦੇਣ ਦੀ ਲੋੜ ਨਹੀਂ |
| 861. | Security Bond | ਜ਼ਮਾਨਤਨਾਮਾ |

| | | |
|---|---|---|
| 862. | Security Council | ਸੁਰੱਖਿਆ ਪਰਿਸ਼ਦ |
| 863. | Security deposit | ਜ਼ਮਾਨਤ ਦੀ ਰਕਮ |
| 864. | Sense, Civil | ਨਾਗਰਿਕ ਸੂਝ |
| 865. | Sentence | ਸਜ਼ਾ, ਦੰਡ-ਆਦੇਸ਼, ਸਜ਼ਾ ਦਾ ਹੁਕਮ; ਵਾਕ |
| 866. | Serial number | ਲੜੀ ਨੰਬਰ, ਕ੍ਰਮ ਨੰਬਰ |
| 867. | Serial order | ਕ੍ਰਮਵਾਰ |
| 868. | Service rules | ਸੇਵਾ ਨਿਯਮ, ਸੇਵਾ ਨਿਯਮਾਵਲੀ |
| 869. | Settlement, Amicable | ਸਦਭਾਵਨਾਪੂਰਨ ਨਿਪਟਾਰਾ |
| 870. | Settlement, Permanent | ਪੱਕਾ ਬੰਦੋਬਸਤ |
| 871. | Short term training | ਥੋੜ੍ਹੀ ਮਿਆਦ ਦਾ ਕਰਜ਼ਾ; ਅਲਪਕਾਲੀ ਸਿਖਲਾਈ |
| 872. | Short title | ਸੰਖੇਪ ਨਾਂ |
| 873. | Sine die | ਅਣਮਿਥੇ ਸਮੇਂ ਲਈ |
| 874. | Sine qua non | ਲਾਜ਼ਮੀ ਸ਼ਰਤ |
| 875. | Single bench | ਇੱਕ-ਜੱਜੀ ਬੈਂਚ |
| 876. | Slump | ਮੰਦਵਾੜਾ (ਵਪਾਰਕ) |
| 877. | So far as may be | ਜਿੱਥੋਂ ਤਕ ਹੋ ਸਕੇ |
| 878. | So far as possible | ਜਿੱਥੋਂ ਤਕ ਸੰਭਵ ਹੋਵੇ |
| 879. | So long as | ਜਦ ਤਕ ਕਿ |
| 880. | Soil conservation | ਭੋਂ-ਸੰਭਾਲ |
| 881. | Solemnly | ਸੱਚੇ ਦਿਲੋਂ |
| 882. | Stamp Duty | ਅਸ਼ਟਾਮ ਡਿਊਟੀ |
| 883. | Stamp, Postage | ਡਾਕ ਟਿਕਟ |
| 884. | Stamp, Revenue | ਰਸੀਦੀ ਟਿਕਟ |
| 885. | Standing order | ਸਥਾਈ ਹੁਕਮ |
| 886. | State document | ਸਰਕਾਰੀ ਦਸਤਾਵੇਜ਼ |

| | | |
|---|---|---|
| 887. | State emblem | ਰਾਜ ਚਿੰਨ੍ਹ |
| 888. | State exchequer | ਸਰਕਾਰੀ ਖ਼ਜ਼ਾਨਾ |
| 889. | Status quo | ਯਥਾਪੂਰਵ, ਪਹਿਲਾਂ ਵਾਂਗ |
| 890. | Status quo ante | ਪੂਰਵ ਸਥਿਤੀ |
| 891. | Statute | ਕਾਨੂੰਨ |
| 892. | Strictures | ਕਰੜੀ ਨੁਕਤਾਚੀਨੀ |
| 893. | Subsequent | ਬਾਅਦ ਦਾ, ਉੱਤਰਵਰਤੀ, ਅਨੁਵਰਤੀ |
| 894. | Substantive post | ਮੂਲ ਆਸਾਮੀ |
| 895. | Successor | ਵਾਰਸ, ਉੱਤਰਾਧਿਕਾਰੀ, ਜਾਨਸ਼ੀਨ |
| 896. | Suffrage | ਵੋਟ ਅਧਿਕਾਰ, ਮਤ-ਅਧਿਕਾਰ |
| 897. | Supplementary | ਅਨੁਪੂਰਕ |
| 898. | Surety | ਜ਼ਾਮਨ |
| 899. | Surety bond | ਜ਼ਾਮਨਨਾਮਾ |
| 900. | Surtex | ਅਤਿਰਿਕਤ ਕਰ, ਹੋਰ ਟੈਕਸ |
| 901. | Suspend | ਮੁਅੱਤਲ ਕਰਨਾ; ਰੋਕ ਦੇਣਾ |
| 902. | Tax evasion | ਕਰ ਛੁਪਾਉਣਾ |
| 903. | Tax, Calling | ਰੋਜ਼ਗਾਰ ਕਰ |
| 904. | Tax, Capitation | ਪ੍ਰਤਿ ਵਿਅਕਤੀ ਟੈਕਸ |
| 905. | Tax, Direct | ਪ੍ਰਤੱਖ ਕਰ |
| 906. | Tax, Entertainment | ਮਨੋਰੰਜਨ ਕਰ |
| 907. | Tax, Indirect | ਪਰੋਖ ਕਰ |
| 908. | Terms and conditions | ਸ਼ਰਤਾਂ |

| | | |
|---|---|---|
| 909. | Testament | ਵਸੀਅਤ, ਅੰਤਿਮ-ਇੱਛਾ |
| 910. | Testator | ਵਸੀਅਤਕਾਰ |
| 911. | Testimonial | ਪ੍ਰਸ਼ੰਸਾ ਪੱਤਰ |
| 912. | Testimony | ਜ਼ੁਬਾਨੀ ਗਵਾਹੀ, ਸ਼ਾਹਦੀ |
| 913. | The proposal is quite in order | ਤਜਵੀਜ਼ ਬਿਲਕੁਲ ਠੀਕ ਹੈ |
| 914. | Through service | ਸਿੱਧੀ ਸਰਵਿਸ |
| 915. | Through train | ਸਿੱਧੀ ਗੱਡੀ |
| 916. | Thumping majority | ਭਾਰੀ ਬਹੁਮਤ |
| 917. | Title by descent | ਜੱਦੀ ਹੱਕ |
| 918. | Title of leave | ਛੁੱਟੀ ਦਾ ਹੱਕ |
| 919. | Title, Absolute | ਪੂਰਨ ਮਾਲਕੀ ਹੱਕ |
| 920. | Title-deed | ਹੱਕਨਾਮਾ |
| 921. | To call to account | ਸਫ਼ਾਈ ਮੰਗਣਾ |
| 922. | To draw attention | ਧਿਆਨ ਦਿਵਾਉਣਾ |
| 923. | To render an account | ਲੇਖਾ ਦੇਣਾ |
| 924. | Total, Grand | ਕੁੱਲ ਜੋੜ |
| 925. | Total, Gross | ਸਮੁੱਚਾ ਜੋੜ |
| 926. | Total, Net | ਨਿਰੋਲ ਜੋੜ |
| 927. | Under issue | ਜਾਰੀ ਹੋ ਰਿਹਾ ਹੈ |
| 928. | Under law | ਕਾਨੂੰਨ ਅਧੀਨ |
| 929. | Under my hand and seal | ਮੇਰੇ ਹਸਤਾਖ਼ਰਾਂ ਅਤੇ ਮੋਹਰ ਅਧੀਨ |
| 930. | Under one's hand | ਆਪਣੇ ਹਸਤਾਖ਼ਰ ਅਧੀਨ |
| 931. | Under payment | ਘੱਟ ਭੁਗਤਾਨ, ਘੱਟ ਅਦਾਇਗੀ |
| 932. | Under taking, Business | ਕਾਰੋਬਾਰੀ-ਉਪਕ੍ਰਮ |
| 933. | Under the auspices of | ਦੀ ਛਤਰ ਛਾਇਆ ਹੇਠ;ਦੇ ਪ੍ਰਬੰਧ ਹੇਠ |
| 934. | Undue | ਅਨੁਚਿਤ, ਨਾਜਾਇਜ਼ |
| 935. | Unfunded Debt | ਫੰਡ-ਰਹਿਤ ਕਰਜ਼ਾ |
| 936. | Uniform allowance | ਵਰਦੀ-ਭੱਤਾ |
| 937. | Up lift, village | ਪਿੰਡ ਸੁਧਾਰ |
| 938. | Verbatim report | ਸ਼ਾਬਦਿਕ ਰਿਪੋਟ |
| 939. | Vested interest | ਨਿਹਿਤ ਹਿੱਤ |
| 940. | Veto | ਵੀਟੋ, ਰੱਦਣ-ਅਧਿਕਾਰ |
| 941. | Veto power | ਵੀਟੋ ਇਖ਼ਤਿਆਰ |
| 942. | via | ਬਰਾਸਤਾ |
| 943. | Vide letter no. | ਪੱਤਰ ਨੰ:-ਅਨੁਸਾਰ; ਪੱਤਰ ਨੰ: ਵੇਖੋ |
| 944. | Vis-a-vis | ਆਹਮੋ ਸਾਹਮਣੇ |
| 945. | Want of capacity | ਸਮਰੱਥਾ ਦੀ ਅਣਹੋਂਦ |
| 946. | Want of confidence | ਵਿਸ਼ਵਾਸ ਦੀ ਅਣਹੋਂਦ; ਬੇਪ੍ਰਤੀਤੀ |
| 947. | Want of evidence | ਗਵਾਹੀ ਦੀ ਅਣਹੋਂਦ;ਸਬੂਤ ਦੀ ਅਣਹੋਂਦ |
| 948. | Want of jurisdiction | ਅਧਿਕਾਰ-ਖੇਤਰ ਦੀ ਅਣਹੋਂਦ |
| 949. | Warrant of attachment | ਕੁਰਕੀ ਵਰੰਟ |
| 950. | Warrant of attorney | ਮੁਖ਼ਤਿਆਰਨਾਮਾ, ਵਕਾਲਤਨਾਮਾ |
| 951. | Ways and means | ਉਪਾਅ ਤੇ ਸਾਧਨ |

| | | |
|---|---|---|
| 952. | White paper | ਜਾਣਕਾਰੀ ਲਈ ਛਾਪੀ ਸਰਕਾਰੀ ਰਿਪੋਰਟ |
| 953. | Will | ਇੱਛਾ; ਵਸੀਅਤ |
| 954. | With regard to | ਦੇ ਸਬੰਧ ਵਿਚ |
| 955. | With regards | ਸਤਿਕਾਰ ਸਹਿਤ |
| 956. | Youth welfare | ਯੁਵਕ ਕਲਿਆਣ, ਯੁਵਕ ਭਲਾਈ |

## ਮਿਲਦੇ-ਜੁਲਦੇ ਉਚਾਰਨ ਵਾਲੇ ਪਰ ਵਿਭਿੰਨ ਅਰਥਾਂ ਵਾਲੇ ਸ਼ਬਦ

## Punjabi Homophones

## ਸਹੀ ਮਿਲਾਣ ਕਰੋ

**ਪ੍ਰਸ਼ਨ-1.**

| | |
|---|---|
| 1) ਬੰਨੇ | A) ਸਥਾਨ |
| 2) ਜਗ੍ਹਾ | B) ਨੀਂਦ ਤੋਂ ਜਗਾਉਣਾ |
| 3) ਬੰਨ੍ਹੇ | C) ਕਿਨਾਰੇ |
| 4) ਜਗਾ | D) ਗੰਢ ਮਾਰੇ ਹੋਏ |

a) 1 2 3 4 — C A D B

b) 1 2 3 4 — A B C D

c) 1 2 3 4 — D A B C

d) 1 2 3 4 — C D B A

**ਪ੍ਰਸ਼ਨ-2.**

| | |
|---|---|
| 1) ਖਾਦ | A) ਗਹਿਰਾ |
| 2) ਡੂੰਘਾਣ | B) ਡੂੰਘੀ ਥਾਂ |
| 3) ਖਾਧ | C) ਪੌਦਿਆਂ ਲਈ ਖ਼ੁਰਾਕ |
| 4) ਡੂੰਘਾ | D) ਖਾਣ-ਪੀਣ ਲਈ ਸਾਮਾਨ |

a) 1 2 3 4 — C A D B

b) 1 2 3 4 — A B C D

c) 1 2 3 4 — D A B C

d) 1 2 3 4 — C B D A

**ਪ੍ਰਸ਼ਨ-3.**

| | |
|---|---|
| 1) ਡੋਲ੍ਹਣਾ | A) ਰਹਿਣ ਦੀ ਥਾਂ |
| 2) ਡੋਲਣਾ | B) ਮੌਤ 'ਤੇ ਸੋਗ ਲਈ ਜਾਣ ਦਾ ਭਾਵ |
| 3) ਮਕਾਨ | C) ਰੋੜ੍ਹਨਾ |
| 4) ਮਕਾਣ | D) ਥਿੜਕਣਾ |

a) 1 2 3 4 — C A D B

b) 1 2 3 4 — C D A B

c) 1 2 3 4 — D A B C

d) 1 2 3 4 — C D B A

**ਪ੍ਰਸ਼ਨ-4.**

1) ਰੁਖ਼ A) ਦਰਖ਼ਤ
2) ਰੂੜੀ B) ਕੂੜੇ ਦਾ ਢੇਰ
3) ਰੁੱਖ C) ਦਿਸ਼ਾ
4) ਰੂੜ੍ਹੀ D) ਪਰੰਪਰਾ

a) 1 2 3 4 / A C D B
c) 1 2 3 4 / C D A B
b) 1 2 3 4 / C B A D
d) 1 2 3 4 / B C D A

**ਪ੍ਰਸ਼ਨ-5**

1) ਜਤਾਉਣਾ A) ਪ੍ਰੇਮ
2) ਭਉ B) ਭਾਵ ਪ੍ਰਗਟ-ਕਰਨਾ
3) ਭਾਉ C) ਜਿੱਤ ਕਰਵਾਉਂਣੀ
4) ਜਿਤਾਉਣਾ D) ਡਰ

a) 1 2 3 4 / C A D B
c) 1 2 3 4 / B D A C
b) 1 2 3 4 / A B C D
d) 1 2 3 4 / C D B A

**ਪ੍ਰਸ਼ਨ- 6**

1) ਜੜ A) ਤਰੀਕਾ
2) ਜੜ੍ਹ B) ਮਾਰਨਾ/ਠੋਕਣਾ
3) ਜਾਚ C) ਪੌਦੇ ਦਾ ਹਿੱਸਾ
4) ਜਾਂਚ D) ਪਰਖ

a) 1 2 3 4 / B C A D
c) 1 2 3 4 / D A B C
b) 1 2 3 4 / A B C D
d) 1 2 3 4 / C D B A

**ਪ੍ਰਸ਼ਨ- 7**

1) ਲਾਣਾ A) ਡਿਜ਼ਾਈਨਦਾਰ ਕਿਨਾਰੀ
2) ਲਾਹੁਣਾ B) ਪਰਿਵਾਰ
3) ਲਾਉਣਾ C) ਜੋੜਨਾ
4) ਲੌਣ D) ਉਤਾਰਨਾ

a) 1 2 3 4 / C A D B
c) 1 2 3 4 / B D C A
b) 1 2 3 4 / A B C D
d) 1 2 3 4 / C D B A

**ਪ੍ਰਸ਼ਨ- 8**

1) ਭੇਦ A) ਤਿਆਰ ਕੀਤੀ
2) ਭੇਤ B) ਪੱਖਪਾਤ
3) ਬਣਾਈ C) ਗੁਪਤ
4) ਬੁਣਾਈ D) ਉਣਨ ਦਾ ਕੰਮ

a) 1 2 3 4 / C A D B
c) 1 2 3 4 / D A B C
b) 1 2 3 4 / A B C D
d) 1 2 3 4 / B C A D

**ਪ੍ਰਸ਼ਨ-9**

1) ਪੱਤਾ A) ਪਹੁੰਚ ਸਥਾਨ
2) ਪਤਾ B) ਦਰਖ਼ਤ ਦਾ ਹਿੱਸਾ
3) ਪੱਤਣ C) ਖ਼ਾਤਮਾ
4) ਪਤਨ D) ਕਿਨਾਰਾ

a) 1 2 3 4 / C A D B
c) 1 2 3 4 / B A D C
b) 1 2 3 4 / A B C D
d) 1 2 3 4 / C D B A

**ਪ੍ਰਸ਼ਨ-10**

1) ਜਵਾਕ A) ਗਾਂ ਦੀਆਂ ਲੱਤਾਂ 'ਚ ਰੱਸਾ
2) ਨਿਆਣਾ B) ਬੱਚਾ
3) ਪਲਾਂਘ C) ਮੰਜਾ
4) ਪਲੰਘ D) ਕਦਮ

a) 1 2 3 4 / C A D B
c) 1 2 3 4 / D A B C
b) 1 2 3 4 / B A D C
d) 1 2 3 4 / C D B A

**ਪ੍ਰਸ਼ਨ- 11**

| | | |
|---|---|---|
| 1) | ਬਾਜੀ | A) ਭੈਣ |
| 2) | ਬਾਜ਼ੀ | B) ਭਾਸ਼ਾ/ਗਿੱਧੇ 'ਚ ਗਾਈ ਜਾਣ ਵਾਲੀ |
| 3) | ਬੋਲੀ | C) ਖੇਡ |
| 4) | ਬੋਲ਼ੀ | D) ਜਿਸਨੂੰ ਸੁਣਦਾ ਨਹੀਂ |

| | 1 | 2 | 3 | 4 |
|---|---|---|---|---|
| a) | C | A | D | B |
| b) | A | B | C | D |
| c) | A | C | B | D |
| d) | C | D | B | A |

**ਪ੍ਰਸ਼ਨ-12**

| | | |
|---|---|---|
| 1) | ਪੀੜ੍ਹੀ | A) ਵੰਸ਼ਾਵਲੀ |
| 2) | ਜਗ | B) ਦੁਨੀਆਂ |
| 3) | ਜੱਗ | C) ਤੰਗ |
| 4) | ਭੀੜੀ | D) ਬਰਤਨ |

| | 1 | 2 | 3 | 4 |
|---|---|---|---|---|
| a) | C | A | D | B |
| b) | A | B | C | D |
| c) | A | B | D | C |
| d) | C | D | B | A |

**ਪ੍ਰਸ਼ਨ- 13**

| | | |
|---|---|---|
| 1) | ਉਡਣਾ | A) ਤੇਜ਼ ਦੌੜਨ ਵਾਲਾ |
| 2) | ਉੱਡਣਾ | B) ਖੁੱਲ੍ਹ-ਦਿਲਾ |
| 3) | ਉਦਾਰ | C) ਉਡਾਰੀ ਲਾਉਣਾ |
| 4) | ਉੱਧਾਰ | D) ਕਲਿਆਣ, ਮੁਕਤੀ |
| | | E) ਕਰਜ਼ਾ |

| | 1 | 2 | 3 | 4 |
|---|---|---|---|---|
| a) | A | C | B | D |
| b) | A | C | B | E |
| c) | D | E | B | C |
| d) | C | A | B | E |

**ਪ੍ਰਸ਼ਨ-14**

| | | |
|---|---|---|
| 1) | ਸ਼ਸਤਰ | A) ਵੇਦ |
| 2) | ਕੜੀ | B) ਹਥਿਆਰ |
| 3) | ਕੜ੍ਹੀ | C) ਸੰਗਲੀ ਦਾ ਹਿੱਸਾ |
| 4) | ਸ਼ਾਸਤਰ | D) ਖਾਧ ਪਦਾਰਥ |

| | 1 | 2 | 3 | 4 |
|---|---|---|---|---|
| a) | C | A | D | B |
| b) | A | D | C | B |
| c) | B | C | D | A |
| d) | C | D | B | A |

**ਪ੍ਰਸ਼ਨ- 15**

| | | |
|---|---|---|
| 1) | ਤੇਹ | A) ਹੇਠਲਾ ਹਿੱਸਾ |
| 2) | ਤਹਿ | B) ਪਿਆਸ |
| 3) | ਤੈ | C) ਫ਼ੈਸਲਾ ਕਰਨਾ |
| 4) | ਤਹਿ ਕਰਨਾ | D) ਪੰਧ ਮੁਕਾ ਲੈਣਾ |

| | 1 | 2 | 3 | 4 |
|---|---|---|---|---|
| a) | B | A | C | D |
| b) | B | A | D | C |
| c) | D | A | B | C |
| d) | C | D | B | A |

**ਪ੍ਰਸ਼ਨ-16**

| | | |
|---|---|---|
| 1) | ਸਸਕਾਰ | A) ਕਰਜ਼ਾ |
| 2) | ਸੰਸਕਾਰ | B) ਰਸਮ |
| 3) | ਉਧਾਰ | C) ਮੁਕਤੀ |
| 4) | ਉੱਧਾਰ | D) ਮਿਰਤਕ ਦੇਹ ਨੂੰ ਅਗਨ ਭੇਟ ਕਰਨਾ |

| | 1 | 2 | 3 | 4 |
|---|---|---|---|---|
| a) | D | B | C | A |
| b) | A | B | C | D |
| c) | D | B | A | C |
| d) | A | C | B | D |

**ਪ੍ਰਸ਼ਨ-17**

| | | |
|---|---|---|
| 1) | ਦੇ | A) ਦੇਣਾ |
| 2) | ਦੇਹ | B) ਸਰੀਰ |
| 3) | ਲੈ | C) ਲੈਣਾ |
| 4) | ਲੈਅ | D) ਨਿਰੰਤਰਤਾ |

a) 1 2 3 4
D B C A

c) 1 2 3 4
D B A C

b) 1 2 3 4
A B C D

d) 1 2 3 4
A C B D

**ਪ੍ਰਸ਼ਨ-18**

1) ਗਲਾ — A) ਚਿਹਰੇ ਦਾ ਹਿੱਸਾ

2) ਗੱਲਾ — B) ਗਰਦਨ

3) ਗੱਲ੍ਹਾਂ — C) ਰੁਪਏ ਰੱਖਣ ਲਈ

4) ਗੱਲਾਂ — D) ਵਾਰਤਾਲਾਪ

a) 1 2 3 4
D B C A

c) 1 2 3 4
D B A C

b) 1 2 3 4
A B C D

d) 1 2 3 4
B C A D

**ਪ੍ਰਸ਼ਨ-19**

1) ਮਾਨ — A) ਪ੍ਰਸ਼ੰਸਾ

2) ਮਾਣ — B) ਇੱਕ ਗੋਤ

3) ਹਾਨ — C) ਬਰਾਬਰ ਦਾ

4) ਹਾਣ — D) ਨੁਕਸਾਨ

a) 1 2 3 4
D B C A

c) 1 2 3 4
B A D C

b) 1 2 3 4
A B C D

d) 1 2 3 4
A C B D

**ਪ੍ਰਸ਼ਨ-20**

1) ਪੂਰਬ — A) ਦਿਸ਼ਾ

2) ਪੂਰਵ — B) ਪਹਿਲਾਂ

3) ਫੜਾ — C) ਸੌਂਪ

4) ਫੜ੍ਹਾਂ — D) ਸ਼ੇਖੀਆਂ

a) 1 2 3 4
D B C A

c) 1 2 3 4
D B A C

b) 1 2 3 4
A B C D

d) 1 2 3 4
A C B D

**Punjabi Homophones - Answer Key**

| Question No. | Answer | Question No. | Answer |
|---|---|---|---|
| 1. | a | 2. | d |
| 3. | b | 4. | b |
| 5. | c | 6. | a |
| 7. | c | 8. | d |
| 9. | c | 10. | b |
| 11. | c | 12. | c |
| 13. | a | 14. | c |
| 15. | a | 16. | c |
| 17. | b | 18. | d |
| 19. | c | 20. | b |

## English Homophones & Meanings

| Homophones | Meaning |
|---|---|
| Accessary | Someone who helps in crime |
| Accessory | Something added to a machine |
| | |
| Adds | Join to something else |
| Ads | Advertisements |
| | |
| Advice | An opinion |
| Advise | Offer an opinion |
| | |
| Altar | Elevated place for religious rites |
| Alter | Change in composition |
| | |
| Angel | Spiritual creature |
| Angle | Relation between two intersecting lines |
| | |
| Axel | A jump in skating |
| Axle | Shaft |

English Homophones & Meanings

| | |
|---|---|
| Bail | Temporary release from jail |
| Bale | Large bundle of cotton etc. |
| | |
| Beach | A sand shore of sea |
| Beech | A large tree |
| | |
| Beat | Strike a person repeatedly |
| Beet | A plant |
| | |
| Berth | Allotted place in train |
| Birth | Delivery of a baby from mother's womb |
| | |
| Boarder | A student staying in school hostel |
| Border | Line separating two areas |
| | |
| Boar | Uncastrated domestic male |

| | |
|---|---|
| Bore | Punch, Drill |
| Born | Existing as a result of birth |
| Borne | Moved by a particular thing |
| | |
| Brake<br>Break | Stopping a vehicle<br>Separate into pieces |
| | |
| Bred | Past Participle of breed |
| Bread | Food |
| | |
| Bridal | Of a woman about to be married |
| Bridle | The headgear used to control a horse |
| | |
| Broach | To begin a discussion of something difficult |
| Brooch | An ornament fastened with a pin |

| | |
|---|---|
| Calendar | Table of Months |
| Calender | A machine to press the paper |
| | |
| Cast | Launch |
| Caste | Division of Society in India |
| | |
| Censer | A container in which incense is burnt during religious ceremony |
| Censor | An official who examines films |
| | |
| Cheap | Economically less price |
| Cheep | A Sound of a bird |
| | |
| Complementary | Completes something |
| Complimentary | Free |
| | |
| Council | Group of people to advise |
| Counsel | Advice |
| | |
| Crises | Plural of crisis |
| Crisis | Difficult situation (Singular) |

| | |
|---|---|
| Criteria (Plural) | Standards |
| Criterion (Singular) | Standard/ Benchmark |

| | |
|---|---|
| Dear | Loved by someone |
| Deer | An animal |
| | |
| Decent | Socially acceptable |
| Descent | Family tree |
| Dissent | Disagreement |
| | |
| Device | Gadget for special purpose |
| Devise | To plan |
| | |
| Deviser | Plan by careful thought |
| Divisor | A number by which another number is to be divided |
| | |
| Discreet | Careful |
| Discrete | Separate |
| | |
| Desert | Large sandy area |
| Dessert | A sweet course after a meal |
| | |
| Draught | Unpleasantly cold air |
| Drought | Long period without rain |
| | |
| Dual | Consisting of two parts |
| Duel | Fight |

| | |
|---|---|
| Faint | Brief loss of consciousness |
| Feint | Distracting movement especially during fight |
| | |
| Fair | Equitable, Complexion, Festival |
| Fare | Tariff |

| | |
|---|---|
| Floor | Ground |
| Flour | Powder made for grain |
| | |
| Forth | Moving forward |
| Fourth | After the third position |
| | |
| Franc | Monetary unit of France |
| Frank | Undisguised |
| | |
| Freeze | Down temperature, Fixed in place |
| Frieze | A wide band of decoration |

| | |
|---|---|
| Gallop | The fastest pace |
| Galop | A dance |
| | |
| Gauge | Thickness unit |
| Gays | Homosexual |
| Gaze | Look steadily and intently |
| | |
| Gild, | Cover thinly with gold |
| Guild | An association of merchants |
| | |
| Gorilla | An Animal |
| Guerilla | A fighting force |
| | |
| Grate | Mash |
| Great | Extraordinary |
| | |
| Greave | A piece of armour |
| Grieve | Feel intense sorrow |

| | |
|---|---|
| Hail | Pellets of frozen rain |
| Hale | Strong and healthy |

| | |
|---|---|
| Lean | Bend |
| Lien | Possessing of borrower's property |
| | |
| Lessen | To reduce |
| Lesson | A unit of instructions |
| | |
| Loan | Lending |
| Lone | Solitary |

| | |
|---|---|
| Metal | A class of mineral substances |
| Mettle | Quantity of endurance |

| | |
|---|---|
| Pail | A Container |
| Pale | Light in colour |
| | |
| Pain | Suffering |
| Pane | Glass of window |
| | |
| Pair | Two things of kind |
| Pare | Trim something or cut away the outer |
| | |
| Pea | A green seed |
| Pee | To pass urine |
| | |
| Pedal | A foot operated component |
| Peddle | To travel about selling goods |
| | |
| Peer | Friend, a person of same age |
| Pier | A structure extending out over water |
| | |
| Place | An area |
| Plaice | An edible flatfish |
| | |
| Plane | Airplane |
| Plain | Flat, Simple |

| | |
|---|---|
| Pleas | Plural of plea, requests made in emotional |
| Please | manner Pleasurable |
| | |
| Practice | Noun, an act |
| Practise | Verb, doing something repeatedly |
| | |
| Pray | Worship |
| Prey | To kill something and eat |
| | |
| Pride | Feeling of satisfaction |
| Pried | To be too much interested in others' affairs |
| | |
| Principal<br>Principle | Head<br>Rule |

| | |
|---|---|
| Quiet | silent |
| Quite | Enough |

| | |
|---|---|
| Real | Original |
| Reel | A cylinder on which a film can he wound |
| | |
| Role | A part in a movie |
| Roll | List of group members a food item |
| | |
| Root | Part of tree |
| Route | Way of travel |

| | |
|---|---|
| Stationary | Still |
| Stationery | Writing material |

| | |
|---|---|
| Tail | Animal's body part |
| Tale | Story |
| | |
| Team | A co-operating group |
| Teem | Have something in great numbers, Abundant |
| | |
| Tear | Pull apart |
| Tier | Levels of structure |
| | |
| Teas | Drinks |
| Tease | Make jokes about someone, to annoy |
| | |
| Tide | Rise and fall of the sea |
| Tied | Fastened |
| | |
| Tole | A decorative painting |
| Toll | Fee to use road |
| | |
| Troop | Group of soldiers |
| Troupe | Group of actors |

| | |
|---|---|
| Vain | Useless, self-obsessed |
| Vein | Blood carrying tube in the body |
| Vane | A part of fan or a machine |
| Vale | Valley |
| Veil | Covering face |

| | |
|---|---|
| Waist | Part of body |
| Waste | Useless things |
| | |
| Waive | Decline to exercise a rule |
| Wave | Hand signal |

| | |
|---|---|
| Warn | Advise in advance of impending danger |
| Worn | To put on one's body |

| | |
|---|---|
| Weak | Lacking the power |
| Week | Seven days |
| | |
| Wean | Influenced from early age |
| Ween | To think, Hope |

## ਅਖਾਣ / ਮੁਹਾਵਰੇ

| | |
|---|---|
| **ਉਸਤਰਿਆਂ ਦੀ ਮਾਲਾ**-ਦੁੱਖਾਂ ਦੀ ਖਾਣ। | **ਉੱਸਰ-ਉੱਸਰ ਕੇ ਬਹਿਣਾ-** ਆਪਣੇ ਆਪ ਨੂੰ ਵੱਡਾ ਦੱਸਣਾ। |
| **ਉਂਗਲ ਧਰਨੀ-** ਦੋਸ਼ ਮੱਥੇ ਮੜ੍ਹਨਾ, ਊਜ ਲਾਉਣੀ; ਪਸੰਦ ਕਰਨਾ। | **ਉਂਗਲ ਮੂੰਹ ਪਾਉਣੀ-** ਅਫ਼ਸੋਸ ਕਰਨਾ, ਕੋਈ ਮਾੜੀ ਗੱਲ ਸੁਣ ਕੇ ਹੈਰਾਨ ਹੋ ਜਾਣਾ। |
| **ਉੱਚੜ ਪੈੜੇ ਲੱਗਣੇ-** ਟਿਕ ਕੇ ਨਾ ਬਹਿਣਾ। | **ਉਚਾਂਵਾ ਚੁੱਲ੍ਹਾ ਹੋਣਾ-** ਇੱਕ ਥਾਂ ਟਿਕ ਕੇ ਨਾ ਰਹਿਣ ਵਾਲਾ ਆਦਮੀ। |
| **ਉੱਡ ਉੱਡ ਪੈਣਾ-** ਅਗਾਂਹ ਵਧ ਕੇ ਲੜਾਈ ਕਰਨੀ। | **ਉੱਡਦਾ ਛਾਪਾ ਚੰਬੜਨਾ-** ਰਾਹ ਜਾਂਦੀ ਬਦਨਾਮੀ ਆਉਣੀ। |
| **ਉਫ਼ ਨਾ ਕਰਨੀ-** ਮੂੰਹੋਂ ਰਤਾ ਭਰ ਨਾ ਉਭਾਸਰਨਾ। | **ਉੱਭਰੇ ਫਿਰਨਾ-** ਉਤਾਵਲੇ ਹੋਣਾ, ਕਾਹਲੇ ਪੈਣਾ। |
| **ਓਪਰੀਂ ਪੈਰੀ ਖਲੋਣਾ-** ਕਿਸੇ ਦੀ ਮਦਦ ਦਾ ਮੁਥਾਜ ਹੋਣਾ; ਪੱਕੇ ਪੈਰੀਂ ਨਾ ਹੋਣਾ। | **ਓੜਾ ਨਾ ਰਹਿਣਾ-** ਕਿਸੇ ਚੀਜ਼ ਦਾ ਹੱਦ ਬੰਨਾ ਨਾ ਹੋਣਾ। |
| **ਅਸਮਾਨ ਸਿਰ 'ਤੇ ਚੁੱਕ ਲੈਣਾ-** ਇਤਨਾ ਰੌਲਾ ਪਾਉਣਾ ਕਿ ਹੋਰ ਕੁਝ ਸੁਣਾਈ ਹੀ ਨਾ ਦੇਵੇ। | **ਅਸਮਾਨ 'ਤੇ ਚੜ੍ਹਾਉਣਾ-** ਬਹੁਤ ਵਡਿਆਈ ਕਰਨੀ ਤੇ ਫੁਲਾ ਦੇਣਾ। |
| **ਅਸਮਾਨ ਨੂੰ ਟਾਕੀਆਂ ਲਾਉਣੀਆਂ-** ਬੜੀ ਚਤੁਰਾਈ ਦੀਆਂ ਗੱਲਾਂ ਕਰਨੀਆਂ। | **ਅਸਮਾਨੀ ਗੋਲਾ ਪੈਣਾ-** ਕੋਈ ਰੱਬੋਂ ਬਿਪਤਾ ਪੈਣੀ। |
| **ਅਕਲ ਖਾਤੇ ਸੁੱਟਣਾ-** ਬੇਅਕਲੀ ਵਿਖਾਣੀ। | **ਅਕਲ ਗਿੱਟਿਆਂ ਵਿਚ ਹੋਣੀ-** ਅਕਲ ਘੱਟ ਹੋਣੀ। |
| **ਅਕਲ 'ਤੇ ਪੜਦਾ ਪੈਣਾ-** ਦਿਮਾਗ਼ ਕੰਮ ਨਾ ਕਰਨਾ; ਮਤਿ ਮਾਰੀ ਜਾਣੀ। | **ਅਕਲ ਦਾ ਅੰਨ੍ਹਾ-** ਮਹਾਂ ਮੂਰਖ। |
| **ਅਕਲ (ਦਨਾਈ) ਵਿਚ ਪੱਥਰ ਪੈਣੇ-** ਅਕਲ ਮਾਰੀ ਜਾਣੀ; ਮੂਰਖਤਾ ਦੀ ਗੱਲ ਕਰਨੀ। | **ਅੱਕਾਂ ਨੂੰ ਵਾੜ ਕਰਨੀ-** ਬੇ ਲੋੜੀ ਚੀਜ਼ ਦੀ ਰਾਖੀ, ਕਦਰ ਕਰਨੀ। |
| **ਅੱਖ ਦਾ ਤਿਨਕਾ-** ਦੁੱਖ ਦਾ ਕਾਰਨ। | **ਅੱਖ ਦਾ ਪਾਣੀ ਮਰਨਾ-** ਸ਼ਰਮ ਨਾ ਹੋਣੀ। |

| | |
|---|---|
| **ਅੱਖ ਬਚਾਉਣੀ-** ਅਜਿਹਾ ਢੰਗ ਵਰਤਣਾ ਕਿ ਕੋਈ ਵੇਖੇ ਨਾਹ, ਅਡੋਲ ਜਿਹੇ ਖਿਸਕ ਜਾਣਾ। | **ਅੱਖ ਭਰ ਕੇ ਵੇਖਣਾ-** ਪੂਰੇ ਧਿਆਨ ਨਾਲ, ਪੂਰੀ ਤਰ੍ਹਾਂ ਵੇਖਣਾ। |
| **ਅੱਖਾਂ ਅੱਗੇ ਸਰ੍ਹੋਂ ਫੁੱਲਣੀ-** ਹੱਥ ਪੈਰ ਪੈ ਜਾਣੇ, ਬਹੁਤ ਘਬਰਾ ਜਾਣਾ। | **ਅੱਖਾਂ ਅੱਗੇ ਹਨੇਰਾ ਆ ਜਾਣਾ-** ਘਬਰਾ ਜਾਣਾ, ਸੁੱਧ-ਬੁੱਧ ਮਾਰੀ ਜਾਣੀ, ਕੁਝ ਨਾਹ ਸੁੱਝਣਾ। |
| **ਅੱਖਾਂ ਖੋਲ੍ਹ ਦੇਣੀਆਂ-** ਅਸਲੀਅਤ ਵਿਖਾ ਦੇਣੀ, ਭੁਲੇਖਾ ਦੂਰ ਕਰ ਦੇਣਾ। | **ਅੱਖਾਂ ਚੁੰਧਿਆ ਜਾਣੀਆਂ-** ਅੱਖਾਂ ਖੁੱਲ੍ਹੀਆਂ ਰੱਖ ਕੇ ਵੇਖ ਨਾ ਸਕਣਾ। |
| **ਅੱਖਾਂ ਨੂੰ ਖੁਮਾਰੀ ਚੜ੍ਹਨੀ-** ਮਸਤੀ ਆਉਣੀ; ਅਤਿ ਸੁਆਦ ਦੀ ਅਵਸਥਾ। | **ਅੱਖਾਂ ਫਟਣ ਲੱਗ ਪੈਣੀਆਂ-** ਅਤਿ ਗੁੱਸੇ ਵਿਚ ਹੋਣਾ। |
| **ਅੱਖਾਂ ਮੱਥੇ 'ਤੇ ਰੱਖ ਲੈਣੀਆਂ-** ਝਾਕਾ ਲਾਹ ਕੇ ਬੋਲ ਪੈਣਾ। | **ਅੱਖਾਂ ਮੀਟ ਕੇ ਕੰਮ ਕਰਨਾ-** ਲਾਪਰਵਾਹੀ ਨਾਲ ਕੰਮ ਕਰਨਾ। |
| **ਅੱਖਾਂ ਮੀਟਣੀਆਂ-** ਮਰ ਜਾਣਾਂ, ਅੰਤਲੇ ਸੁਆਸ ਦੇਣੇ; ਤਿਆਗਣਾ। | **ਅੱਖਾਂ ਵਟਾਣਾ-** ਗੁੱਸੇ ਵਿਚ ਆਣਾ। |
| **ਅੱਖਾਂ ਵਿੱਚ ਛਾਣਨਾ-** ਧਿਆਨ ਨਾਲ ਵੇਖਣਾ। | **ਅੱਖਾਂ ਵਿੱਚ ਪ੍ਰਵਾਨ ਹੋਣਾ-** ਪਿਆਰੀ ਲੱਗਣਾ। |
| **ਅੱਖਾਂ ਵਿੱਚ ਲਾਲੀ ਉੱਤਰਨੀ-** ਗੁੱਸੇ ਨਾਲ ਅੱਖਾਂ ਲਾਲ ਹੋ ਜਾਣੀਆਂ। | **ਅੱਖਾਂ ਵਿੱਚੋਂ ਡਿੱਗ ਜਾਣਾ (ਕਿਸੇ ਦੀਆਂ)-** ਆਪਣੀ ਕਦਰ ਗੁਆ ਬਹਿਣਾ ਕਿਸੇ ਕੁ-ਕਰਮ ਆਦਿ ਨਾਲ। |
| **ਅੱਗ ਦਾ ਮੀਂਹ ਵਰ੍ਹਾਉਣਾ-** ਖਰ੍ਹਵੇ ਬੋਲ ਕੇ ਕ੍ਰੋਧ ਦੀ ਅੱਗ ਬਾਲ ਦੇਣੀ। | **ਅੱਗ ਨਾਲ ਖੇਡਣਾ-** ਲੋ ਤਪਸ਼ ਸਹਾਰਨੀ। |
| **ਅਗਲ ਜਗੋਂ ਹੋ ਕੇ ਬਚਣਾ-** ਵਾਲ ਵਾਲ ਬਚ ਜਾਣਾ; ਬੜੇ ਖਤਰੇ ਵਿਚੋਂ ਬਚ ਜਾਣਾ, ਮਰਦਿਆਂ ਮਰਦਿਆਂ। | **ਅੱਗਾ ਪਿੱਛਾ ਵੇਖਣਾ-** ਹਾਨ ਲਾਭ ਸੋਚਣਾ। |
| **ਅੱਗੇ ਹਿੱਕਣਾ-** ਜਬਰ ਜ਼ੁਲਮ ਕਰਨਾ। | **ਅੱਗੇ ਪੈਣਾ-** ਕਿਸੇ ਸਾਹਮਣੇ ਨੀਵਾਂ ਹੋ ਜਾਣਾ, ਝੁਕ ਜਾਣਾ, ਹਾਰ ਮੰਨ ਲੈਣੀ। |

| | |
|---|---|
| **ਅਗੇਰ ਕਰਨੀ-** ਸਹਾਇਤਾ ਕਰਨੀ। | **ਅਗੇਰੇ ਹੋਣਾ-** ਵੱਧ ਪਿਆਰਾ ਹੋਣਾ। |
| **ਅਜਗ਼ੈਬ ਤੋਲਣਾ-** ਉੱਕਾ ਹੀ ਝੂਠ ਕਹਿਣਾ; ਖ਼ਾਸ ਕਰਕੇ ਕਿਸੇ ਨੂੰ ਬਦਨਾਮ ਕਰਨ ਲਈ। | **ਅਜ਼ਾਬ ਦੇ ਮੂੰਹ ਆਉਣਾ-** ਕਿਸੇ ਡਾਢੇ ਦੁੱਖ ਵਿੱਚ ਫਸ ਜਾਣਾ। |
| **ਅੱਠੇ ਅੱਠ ਮਾਰਨੀਆਂ-** ਮੌਜਾਂ ਮਾਣਨੀਆਂ। | **(ਘੋੜੀ ਨੂੰ) ਅੱਡੀ ਲਾਉਣੀ-** ਦੌੜਾਣਾ, ਘੋੜੀ ਨਸਾ ਲੈਣੀ। |
| **ਅੱਡੀਆਂ ਰਗੜਨੀਆਂ-** ਤਰਲੇ ਕਰਨੇ, ਹਾੜੇ ਕਰਨੇ। | **ਅੱਡੇ ਚਾੜ੍ਹ ਲੈਣਾ-** ਵੱਸ ਵਿਚ ਕਰ ਲੈਣਾ, ਇਤਬਾਰ ਜਮਾ ਲੈਣਾ। |
| **ਅਲਫ਼ੋਂ ਬੇ ਆਖਣੀ-** ਖਰ੍ਹਵਾ ਹੋ ਕੇ ਬੋਲਣਾ। | **ਅਲੂਣੀ ਸਿਲ ਚੱਟਣੀ-** ਬੇਸੁਆਦਾ ਕੰਮ ਕਰਨਾ। |
| **ਆਈ 'ਤੇ ਆਉਣਾ-** ਜ਼ਿਦ 'ਤੇ ਆ ਜਾਣਾ; ਬਦਲਾ ਲੈਣ ਦਾ ਪ੍ਰਣ ਕਰ ਲੈਣਾ। | **ਆਸ ਦੀ ਕਮਰ ਟੁੱਟਣੀ-** ਆਸ ਖ਼ਤਮ ਹੋਣੀ, ਨਿਰਾਸਤਾ ਹੋ ਜਾਣੀ। |
| **ਆਹੂ ਲਾਹੁਣੇ-** ਮਾਰ ਮੁਕਾਣਾ; ਖ਼ਤਮ ਕਰਨਾ। | **ਆਕੜ ਭੱਜਣੀ-** ਹੰਕਾਰ ਟੁੱਟਣਾ। |
| **ਆਟਾ ਖ਼ਰਾਬ ਕਰਨਾ-** ਘ੍ਰਿਣਾ ਨਾਲ ਕਿਸੇ ਨੂੰ ਕਹਿਣਾ ਕਿ ਤੂੰ ਖਾਂਦਾ ਬਹੁਤਾ ਏਂ ਤੇ ਕਰਦਾ ਕੁਝ ਨਹੀਂ। | **ਆਟਾ ਭੁੜਕਣਾ-** ਹੱਥੋਂ ਪੇੜਾ ਡਿੱਗ ਪੈਣਾ। |
| **ਆਂਦਰਾਂ ਸਾੜਨੀਆਂ-** ਫ਼ਿਕਰ ਕਰਨਾ, ਦੁਖੀ ਹੋਣਾ, ਦੁਖੀ ਕਰਨਾ। | **ਆਂਦਰਾਂ ਹੋਣੀਆਂ-** ਧੀ ਪੁੱਤ ਦਾ ਪਿਆਰ, ਧੀ ਪੁੱਤ। |
| **ਆਂਦਰਾਂ ਦੀ ਸਾਂਝ-** ਖ਼ੂਨ ਦਾ ਰਿਸ਼ਤਾ। | **ਆਂਦਰਾਂ ਨੂੰ ਖਿੱਚ ਪੈਣੀ-** ਸੰਤਾਨ ਪਿਆਰ ਵਿਚ ਦੁਖੀ ਹੋਣਾ। |
| **ਆਪਣੀ ਮਾਰਨੀ-** ਹੋਰ ਕਿਸੇ ਦੀ ਸੁਣਨੀ ਨਾ, ਤੇ ਆਪਣੀ ਹੀ ਗੱਲ ਕਹੀ ਜਾਣਾ। | **ਆਪਣੇ ਢਿੱਡ 'ਤੇ ਹੱਥ ਫੇਰਨਾ-** ਆਪਣੀ ਖੁਦਗ਼ਰਜ਼ੀ ਹੀ ਮੁੱਖ ਰੱਖਣੀ। |
| **ਆਲੇ ਕੌਲੇ ਮੂੰਹ ਮਾਰਨਾ-** ਟੱਕਰਾਂ ਮਾਰਨੀਆਂ, | **ਅੰਧਾ ਧੁੰਧੀ-** ਭਾਰੀ ਗੜਬੜ। |

| | |
|---|---|
| **ਅੰਨ੍ਹੇ ਅੱਗੇ ਦੀਦੇ ਗਾਲਣੇ-** ਬੇਕਦਰੇ ਵਿਅਕਤੀ ਅੱਗੇ ਦੁੱਖ ਫੋਲਣੇ। | **ਅੰਨ੍ਹੇ ਖੂਹ ਵਿੱਚ ਕੁੱਦਣਾ-** ਬਿਨਾਂ ਸੋਚੇ ਸਮਝੇ ਕਿਸੇ ਕੰਮ ਨੂੰ ਛੋਹ ਦੇਣਾ। |
| **ਅੰਮੀ ਜੰਮੀ-** ਵਾਹ ਵਾਹ, ਬੜੀ ਖੁਸ਼ੀ ਨਾਲ, ਬੇਸ਼ਕ। | **ਇੱਟ ਨਾ ਇੱਟ ਕਰ ਕੇ ਛੱਡਣੀ-** ਹਨੇ ਜਾਂ ਬਨੇ ਕਰ ਕੇ ਛੱਡਣਾ; ਪੂਰਾ ਫ਼ੈਸਲਾ ਕਰ ਕੇ ਛੱਡਣਾ। |
| **ਇਕੋ ਤੱਕੜੀ ਦੇ ਵੱਟੇ ਹੋਣਾ-** ਇਕੋ ਸੁਭਾਅ ਵਾਲੇ ਹੋਣਾ। | **ਇੱਜ਼ਤ ਨੂੰ ਵੱਟਾ ਲਾਉਣਾ-** ਬਦਨਾਮੀ ਕਰਨੀ। |
| **ਇੱਲ ਦੀ ਅੱਖ ਵਾਲਾ ਹੋਣਾ-** ਤੇਜ਼ ਨਜ਼ਰ ਵਾਲਾ ਹੋਣਾ; ਹਰ ਗੱਲ ਦੀ ਤਾੜ ਰੱਖਣ ਵਾਲਾ। | **ਇਲਮ ਦਾ ਕੀੜਾ-** ਹਰ ਵੇਲੇ ਕਿਤਾਬਾਂ ਪੜ੍ਹਦੇ ਰਹਿਣ ਵਾਲਾ, ਜਿਸ ਨੂੰ ਕਿਤਾਬਾਂ ਤੋਂ ਬਾਹਰ ਦੀ ਦੁਨੀਆਂ ਦੀ ਕੋਈ ਭੀ ਸੂਝ ਨਾਹ ਹੋਵੇ। |
| **ਈਨ ਵਿਚ ਆਉਣਾ-** ਦਬਾਉ ਹੇਠ ਆ ਜਾਣਾ; ਅਸਰ ਕਬੂਲ ਕਰ ਲੈਣਾ। | **ਸਹੇ ਦੇ ਸਿੰਗ ਹੋ ਜਾਣਾ-** ਕਦੇ ਵਿਖਾਈ ਨਾਹ ਦੇਣੀ। |
| **ਸੱਠੀ ਦੇ ਚੌਲ ਖੁਆਉਣੇ-** ਝਾੜ ਝੰਬ ਕਰਨੀ। | **ਸੱਤ ਸਲਾਮਾਂ-** ਕਿਸੇ ਕੰਮ ਨਹੀਂ; ਇਸ ਤੋਂ ਬਿਨਾਂ ਹੀ ਚੰਗੇ। |
| **ਸੱਤਰਿਆ ਬਹੱਤਰਿਆ ਜਾਣਾ-** ਬੁਢੇਪੇ ਕਰਕੇ ਅਕਲ ਟਿਕਾਣੇ ਨਾ ਰਹਿਣੀ। | **ਸੱਤਾਂ ਪੱਤਣਾ ਦਾ ਪਾਣੀ ਪੀਤਾ ਹੋਣਾ-** ਬਹੁਤ ਚਾਲਾਕ ਹੋਣਾ। |
| **ਸਨਿੱਛਰ ਆਉਣਾ-** ਮੰਦੇ ਦਿਨ ਆਉਣੇ; ਸਾੜ੍ਹ-ਸਤੀ ਆਉਣੀ। | **ਸੱਪ ਸੁੰਘ ਜਾਣਾ-** ਦਿਲ ਇਉਂ ਢਹਿ ਜਾਣਾ ਜਿਵੇਂ ਸੱਪ ਲੜ ਗਿਆ ਹੈ। |
| **ਸਬਰ ਦਾ ਪਿਆਲਾ ਛਲਕਣਾ-** ਵਧੀਕੀ ਸਹਾਰਨ ਦੀ ਹਿੰਮਤ ਨਾਹ ਰਹਿਣੀ। | **ਸਬਰ ਪੈ ਜਾਏ (ਤੇਰੇ 'ਤੇ) -** ਤੂੰ ਤਬਾਹ ਹੋ ਜਾਏਂ; ਮਰ ਜਾਏਂ। |
| **ਸਾਹਾ ਬੱਝਣਾ-** ਵਿਆਹ ਦਾ ਦਿਨ ਮੁਕੱਰਰ ਹੋਣਾ। | **ਸਿੱਕਾ ਜੰਮਣਾ-** ਧੌਂਸ ਜੰਮਣੀ, ਸਾਰੇ ਮੰਨਿਆ ਪ੍ਰਮੰਨਿਆ ਹੋਣਾ। |
| **ਸਿਰ ਮੁਨਾ ਕੇ ਭੱਦਰਾਂ ਪੁੱਛਣੀਆਂ-** ਕੰਮ ਵਿਗਾੜ ਕੇ ਮਗਰੋਂ ਸੁਰਤ ਕਰਨੀ। | **ਸਿਰ ਮੁਨਾਣਾ-** ਤਬਾਹ ਹੋਣਾ;ਸਭ ਕੁਝ ਲੁਟਾ ਦੇਣਾ। |

| | |
|---|---|
| **ਸ਼ੀਰ ਸ਼ਕਰ ਹੋਣਾ-** ਬਹੁਤ ਪਿਆਰ ਨਾਲ ਰਹਿਣਾ; ਓਪਰਾ-ਪਣ ਨ ਹੋਣਾ; ਘੁਲ ਮਿਲ ਕੇ ਟੱਬਰ ਵਾਂਗ ਰਹਿਣਾ ਜਿਵੇਂ ਖੰਡ ਤੇ ਦੁੱਧ ਇੱਕ-ਮਿੱਕ ਹੋ ਜਾਂਦੇ ਹਨ। | **ਸੁਆਹ ਉੱਡਣੀ-** ਲੋਕਾਂ ਵਿੱਚ ਬਦਨਾਮੀ ਹੋਣੀ। |
| **ਸੁਰਸਤੀ ਮੂੰਹ ਚੜ੍ਹ ਬੋਲਣੀ-** ਸੱਚੀ-ਸੁੱਚੀ ਗੱਲ ਕਰਨੀ ਤੇ ਪੂਰੀ ਦਲੀਲ ਤੇ ਪੂਰੇ ਜ਼ੋਰ ਨਾਲ ਗੱਲ ਕਹਿਣੀ। | **ਸੁਰਖ਼ਾਬ ਦਾ ਪਰ ਲੱਗਣਾ -** ਵਡਿਆਈ ਹੋ ਜਾਣੀ। |
| **ਸੇਹ ਦਾ ਤੱਕਲਾ ਗੱਡਿਆ ਹੋਣਾ-** ਕਿਸੇ ਘਰ ਵਿਚ ਸਦਾ ਲੜਾਈ ਰਹਿਣੀ; (ਪ੍ਰਚੱਲਿਤ ਖ਼ਿਆਲ ਹੈ ਕਿ ਜੇ ਕਿਸੇ ਘਰ ਦੀ ਕੰਧ ਵਿਚ ਸੇਹ ਦਾ ਤੱਕਲਾ ਗੱਡ ਦਿੱਤਾ ਜਾਏ ਤਾਂ ਉੱਥੇ ਸਦਾ ਲੜਾਈ ਰਹਿੰਦੀ ਹੈ)। | **ਸੇਕ ਆਉਣਾ-** (ਕਿਸੇ ਦਾ) ਦੁੱਖ ਮਹਿਸੂਸ ਕਰਨਾ। |
| **ਸ਼ੇਰ ਦੀ ਮੁੱਛ ਫੜਨੀ-** ਬਹੁਤ ਦਲੇਰੀ ਦੇ ਕਰਤੱਵ ਕਰਨੇ। | **ਸੈਲ ਪੱਥਰ ਹੋਣਾ-** ਪਥਰਾ ਜਾਣਾ, ਡਰ ਨਾਲ ਥਾਂ 'ਤੇ ਗੱਡਿਆ ਜਾਣਾ; ਅਹਿੱਲ। |
| **ਸੋਤਾ ਪੈ ਜਾਣਾ-** ਰਾਤ ਨੂੰ ਸੌਣ ਦਾ ਵੇਲਾ ਹੋ ਜਾਣਾ। | **ਸੋਨੇ ਉੱਤੇ ਸੁਹਾਗੇ ਦਾ ਕੰਮ ਕਰਨਾ-** ਹੋਰ ਚਮਕਾ ਦੇਣਾ, ਹੋਰ ਚੰਗਾ ਬਣਾ ਦੇਣਾ (ਕੁਠਾਲੀ ਵਿਚ ਪਾਏ ਸੋਨੇ ਉੱਤੇ ਸੁਹਾਗਾ ਪਾਇਆਂ ਸੋਨਾ ਚਮਕ ਪੈਂਦਾ ਹੈ)। |
| **ਸੰਘੀ ਨਹੁੰ ਦੇਣਾ-** ਬਹੁਤ ਤੰਗ ਕਰਨਾ। | **ਹੱਥ ਸਾਫ਼ ਕਰਨਾ-** ਧੋਖੇ ਨਾਲ ਕੁਝ ਲੈ ਉੱਡਣਾ। |
| **ਹੱਥ ਗਰਮ ਕਰਨਾ-** ਵੱਢੀ ਦੇਣੀ। | **ਹੱਥ ਗੰਢਣੇ-** ਮਿੱਤਰਤਾ ਪੈਦਾ ਕਰਨੀ; ਸੰਬੰਧ ਨਾਤਾ ਹੋਣਾ। |
| **ਹੱਥ ਪੈਣਾ-** ਵਾਹ ਲੱਗਣੀ; ਵੱਸ ਚਲਣਾ; ਪਹੁੰਚ ਹੋਣੀ। | **ਹੱਥ ਪੈਰ ਪੈ ਜਾਣੇ-** ਘਬਰਾ ਜਾਣਾ। |
| **ਹੱਥ ਰੁਪਈਆ ਰੱਖਣਾ-** ਲੜਕੀ ਦਾ ਸਾਕ ਦੇ ਦੇਣਾ। | **ਹੱਥ ਲਾਇਆਂ ਮੈਲੇ ਹੋਣਾ-** ਬਹੁਤ ਸੋਹਣੇ ਤੇ ਸਾਫ਼ ਹੋਣਾ। |

| | |
|---|---|
| **ਹੱਥਾਂ 'ਚੋਂ ਨਿੱਕਲਣਾ-** ਆਖੇ ਸੁਣੇ ਤੋਂ ਬਾਹਰ ਹੋਣਾ; ਕਹਿਣਾ ਨਾ ਮੰਨਣਾ। | **ਹੱਥਾਂ ਦੇ ਤੋਤੇ ਉੱਡਣੇ-** ਘਬਰਾ ਜਾਣਾ, ਹੋਸ਼ ਗੁੰਮ ਹੋਣੇ। |
| **ਹੱਥੋ-ਪੱਥੋ ਪੈ ਜਾਣੀ-** ਘਾਬਰ ਜਾਣਾ। | **ਹਨੇਰ ਸਾਈਂ ਦਾ-** ਬੜਾ ਜ਼ੁਲਮ ਹੋਇਆ। |
| **ਹੰਨੇ ਜਾਂ ਬੰਨੇ ਕਰਨਾ-** ਦੋ ਟੁੱਕ ਫ਼ੈਸਲਾ ਕਰਨਾ। | **ਹਨੇਰੇ ਵਿੱਚ ਢੀਮ ਸੁਟਣੀ-** ਅੰਦਾਜ਼ਾ ਲਾਉਣ ਦਾ ਯਤਨ ਕਰਨਾ। |
| **ਹਰ ਮਸਾਲੇ ਪਿਪਲਾ ਮੂਲ-** ਹਰ ਕੰਮ ਦੀ ਥੋੜ੍ਹੀ ਬਹੁਤ ਜਾਚ ਹੋਣੀ। | **ਹਰਨ ਹੋ ਜਾਣਾ-** ਨੱਸ ਜਾਣਾ। |
| **ਹਵਾ ਨਾਲ ਗੱਲਾਂ ਕਰਨੀਆਂ-** (ਘੋੜੇ ਆਦਿਕ ਦਾ) ਬਹੁਤ ਹੀ ਤੇਜ਼ ਦੌੜਨਾ। | **ਹਵਾ ਨੂੰ ਸੋਟੇ ਮਾਰਨਾ-** ਊਲ ਜਲੂਲ ਬੋਲਣਾ। |
| **ਹੜਬਾਂ ਦਾ ਭੇੜ ਕਰਨਾ-** ਫੋਕਾ ਝਗੜਾ ਕਰਨਾ। | **ਹਾਸੇ ਦਾ ਮੜਾਸਾ ਹੋਣਾ-** ਹਾਸੇ ਵਿਚ ਕੀਤੀ ਗੱਲ ਉਲਟੀ ਹੋ ਟੱਕਰੇ ਤੇ ਰੋਗ ਜਾਂ ਦੁਖ-ਰੂਪ ਹੋ ਨਿੱਕਲੇ। |
| **ਹਿੱਕ 'ਤੇ ਮੂੰਗ ਦਲਣਾ-** ਕਿਸੇ ਦੇ ਸਾਹਮਣੇ ਉਸ ਨੂੰ ਸਤਾਉਣ ਵਾਲਾ ਕੰਮ ਕਰਨਾ। | **ਹਿੱਕ ਨਾਲ ਲਾਣਾ-** ਪਿਆਰ ਕਰਨਾ; ਅਪਣਾ ਲੈਣਾ। |
| **ਹੁੰਦੜ ਹੇਲ-** ਸਰੀਰ ਦੀ ਤਕੜੀ ਅਤੇ ਹੋਣਹਾਰ। | **ਹੇਠਲੀ ਉੱਤੇ ਆ ਜਾਣੀ-** ਰਾਜ-ਰੌਲਾ ਪੈ ਜਾਣਾ, ਰਾਜ-ਪ੍ਰਬੰਧ ਟੁੱਟ ਜਾਣਾ। |
| **ਕਸਵੱਟੀ ਉੱਪਰ ਲਗਾਣਾ-** ਪਰਖਣਾ। | **ਕਹਿ ਮਾਰਨਾ-** ਗੱਪ ਚਲਾ ਦੇਣੀ, ਬਿਨਾਂ ਸੋਚੇ ਕੁਝ ਕਹਿ ਦੇਣਾ। |
| **ਕੱਚੇ ਘੜੇ ਪਾਣੀ ਭਰਨਾ-** ਔਖੀ ਤੋਂ ਔਖੀ ਸੇਵਾ ਨਿਭਾਉਣੀ। | **(ਧੀਆਂ ਵਾਂਗ) ਕੱਜ ਕੇ ਰੱਖਣਾ-** ਇੱਜ਼ਤ ਦਾ ਰਾਖਾ ਹੋਣਾ; ਐਬਾਂ 'ਤੇ ਪੜਦਾ ਪਾਉਣਾ। |
| **ਕਬਾਬ ਭੁੱਜਣੇ-** ਖਾਣ-ਪੀਣ ਦੀਆਂ ਮੌਜਾਂ ਬਣ ਜਾਣੀਆਂ। | **ਕਮਰ ਕੱਸੇ ਕਰਨਾ-** ਤਿਆਰੀ ਕਰਨਾ। |

| | |
|---|---|
| **ਕਲੇਜਾ ਵਿੰਨ੍ਹਿਆ ਜਾਣਾ-** ਬਹੁਤ ਦੁੱਖ ਹੋਣਾ। | **ਕਲੇਜੀਂ ਠੰਢ ਪੈਣੀ-** ਮਨ ਵਿੱਚ ਸ਼ਾਂਤੀ ਤੇ ਖ਼ੁਸ਼ੀ ਦਾ ਵਾਸਾ ਹੋਣਾ। |
| **ਕਾਰਜ ਰਾਸ ਹੋਣਾ-** ਕੰਮ ਇੱਛਾ ਅਨੁਸਾਰ ਠੀਕ ਹੋ ਜਾਣਾ, ਸਫਲਤਾ ਪ੍ਰਾਪਤ ਹੋਣੀ। | **ਕਾਂਵਾਂ ਰੌਲੀ ਪਾਉਣਾ-** ਸ਼ੋਰ, ਰੌਲਾ, ਚੀਂ-ਚੀਂ। |
| **ਕੁੱਜੇ ਵਿੱਚ ਸਮੁੰਦਰ ਬੰਦ ਕਰਨਾ-** ਵੱਡੀ ਸਾਰੀ ਗੱਲ ਨੂੰ ਥੋੜ੍ਹੇ ਵਿੱਚ ਮੁਕਾ ਦੇਣਾ। | **ਕੁੱਤੇ ਖੱਸੀ ਕਰਨਾ-** ਆਵਾਰਾ ਗਰਦੀ ਕਰਨੀ। |
| **ਕੁਵੇਲੇ ਦਾ ਰਾਗ-** ਸਮੇਂ ਸਿਰ ਸ਼ੋਭਾ ਨਾ ਪਾਉਣ ਵਾਲੀ ਗੱਲ। | **ਕੁੰਡਾ ਕਰਵਾ ਲੈਣਾ-** ਤਬਾਹੀ ਕਰਾ ਲੈਣੀ। |
| **ਕੋਠੇ ਟੱਪਣਾ-** ਪਰਾਏ ਘਰ ਝੱਖਾਂ ਮਾਰਨੀਆਂ। | **ਕੰਘਾ ਹੋ ਜਾਣਾ-** ਬਿਲਕੁਲ ਤਬਾਹ ਹੋ ਜਾਣਾ। |
| **ਕੰਧੀ 'ਤੇ ਰੁੱਖੜਾ-** ਚਾਰ ਦਿਨਾਂ ਦਾ ਪਰਾਹੁਣਾ, ਮਰਨ ਕਿਨਾਰੇ ਆਇਆ ਹੋਇਆ। | **ਕੰਨ ਖੜ੍ਹੇ ਹੋ ਜਾਣੇ-** ਸਾਵਧਾਨ ਹੋ ਜਾਣਾ, ਕਿਸੇ ਖ਼ਤਰੇ ਨੂੰ ਭਾਂਪ ਲੈਣਾ। |
| **ਕੰਨ 'ਤੇ ਜੂੰ ਨਾ ਸਰਕਣੀ-** ਕਹੇ ਦਾ ਜ਼ਰਾ ਅਸਰ ਨਾ ਹੋਣਾ, ਕਿਸੇ ਗੱਲ ਦਾ ਅਸਰ ਨਾ ਹੋਣਾ। | **ਕੰਨ ਧਰ ਕੇ ਸੁਣਨਾ-** ਧਿਆਨ ਨਾਲ ਗੱਲ ਸੁਣਨੀ। |
| **ਕੰਨ ਘੁਰਕੀਆਂ ਸ਼ੁਰੂ ਹੋਣੀਆਂ-** ਦੰਦ ਕਥਾ ਚੱਲ ਪੈਣੀ, ਲੋਕਾਂ ਦੀਆਂ ਆਪੋ ਵਿਚ ਗੱਲਾਂ ਚੱਲ ਪੈਣੀਆਂ, ਕਾਨਾ-ਫੂਸੀ ਚੱਲ ਪੈਣੀ। | **ਕੰਨਾਂ ਦੇ ਕੱਚੇ ਹੋਣਾ-** ਲਾਈ-ਲੱਗ ਹੋਣਾ, ਸੁਣੀ ਚੁਗਲੀ ਉੱਤੇ ਇਤਬਾਰ ਕਰ ਲੈਣਾ। |
| **ਕੰਨਾਂ ਵਿੱਚ ਤੇਲ ਪਾਈ ਰੱਖਣਾ-** ਬੇਪਰਵਾਹ ਹੋਏ ਰਹਿਣਾ। | **ਕੰਨਾਂ ਵਿਚ ਰੂੰ ਦੇਣਾ-** ਗੱਲ ਨਾ ਸੁਣਨਾ। |
| **ਖ਼ਾਨਾ ਖ਼ਰਾਬ ਹੋਣਾ-** ਘਰ ਬਰਬਾਦ ਹੋਣਾ। | **ਖਾਨਿਓਂ ਜਾਣੀ-** ਦਿਲ ਬਹੁਤ ਸਹਿਮ ਜਾਣਾ, ਬਹੁਤ ਡਰ ਜਾਣਾ। |
| **ਖ਼ਿਆਲੀ ਪੁਲਾਉ ਹੋਣੇ ਜਾਂ ਪਕਾਉਣੇ-** ਗੱਲਾਂ ਵਿੱਚ ਹੀ ਵੱਡੇ ਕੰਮ ਕਰਨ ਦੇ ਦਾਅਵੇ ਕਰਨੇ। | **ਖਿੜੇ ਮੱਥੇ-** ਖ਼ੁਸ਼ੀ ਨਾਲ। |

| | |
|---|---|
| **ਖੀਰ ਦਾ ਦਲੀਆ ਹੋਣਾ-** ਕਿਸਮਤ ਭੈੜੀ ਹੋ ਜਾਣੀ। | **ਖ਼ੁਸ਼ੀ ਵਿੱਚ ਵਾਛਾਂ ਖਿੜ ਜਾਣੀਆਂ-** ਖ਼ੁਸ਼ੀ ਨਾਲ ਹਾਸਾ ਨਿਕਲਣਾ, ਅਤਿ ਖ਼ੁਸ਼ ਹੋਣਾ। |
| **ਖੂਹ ਖਾਤੇ ਪਾਉਣਾ-** ਕੋਈ ਚੀਜ਼ ਅਜਿਹੀ ਥਾਂ ਸੁੱਟਣੀ ਜਿਥੋਂ ਮੁੜ ਲੱਭੇ ਹੀ ਨਾ। | **ਖੂਹ ਦੀ ਮਿੱਟੀ ਖੂਹ ਲੱਗਣੀ-** ਜਿੰਨਾ ਲਾਭ ਹੋਣਾ ਉਨਾ ਹੀ ਖ਼ਰਚ ਹੋ ਜਾਣਾ। |
| **ਖੂਹ ਵਿੱਚ ਧੱਕਾ ਦੇਣਾ-** ਬਿਪਤਾ ਖੜੀ ਕਰਨੀ, ਬਿਪਤਾ ਦੇ ਮੂੰਹ ਪਾਉਣਾ। | **ਖੂਨ ਉੱਬਲਣਾ-** ਜੋਸ਼ ਆ ਜਾਣਾ। |
| **ਖੇਹ ਉਡਾਉਣੀ-** ਬਦਨਾਮੀ ਕਰਨੀ। | **ਖੇਹ ਛਾਣਦੇ ਫਿਰਨਾ-** ਦਰ ਦਰ ਟੱਕਰਾਂ ਮਾਰਦੇ ਫਿਰਨਾ। |
| **ਖੰਭ ਝੜ ਚੁੱਕਣੇ-** ਜੋਸ਼ ਮੱਠਾ ਪੈ ਜਾਣਾ। | **ਖੰਭ ਲੱਗ ਜਾਣੇ-** ਜੋਸ਼ ਭਰ ਜਾਣਾ, ਤੇਜ਼ੀ ਆ ਜਾਣੀ; ਚਾਉ ਜਾਂ ਨਸ਼ੇ ਵਿੱਚ ਆ ਜਾਣਾ। |
| **ਗਤ ਬਣਾਉਣੀ-** ਮਾਰ ਕੁਟਾਈ ਕਰਨਾ। | **ਗਦ ਗਦ ਹੋਣਾ-** ਬਹੁਤ ਖ਼ੁਸ਼ ਹੋਣਾ। |
| **ਗੱਲ ਠੰਢੀ ਪੈਣੀ-** ਗੱਲ ਲੋਕਾਂ ਨੂੰ ਭੁੱਲ ਜਾਣੀ; ਜਾਂ ਗੱਲ ਦੀ ਚਰਚਾ ਖ਼ਤਮ ਹੋਣੀ; ਜਾਂ ਘਟਣੀ। | **ਗਲ਼ ਪਿਆ ਢੋਲ ਵਜਾਉਣਾ-** ਕੋਈ ਐਸਾ ਕੰਮ ਕਰਨ ’ਤੇ ਮਜਬੂਰ ਹੋ ਜਾਣਾ ਜੋ ਮਨ ਨੂੰ ਚੰਗਾ ਨਾਹ ਲਗਦਾ ਹੋਵੇ। |
| **ਗਲ਼ ਬਾਂਹ ਪਉਣੀ-** ਪਿਆਰ ਵਿਚ ਹੋਣਾ; ਸਾਥੀ ਹੋਣਾ। | **(ਕੁਝ) ਗਲ਼ ਮੜ੍ਹਨਾ-** ਜ਼ੋਰੀਂ ਕਿਸੇ ਨੂੰ ਕੋਈ ਚੀਜ਼ ਦੇਣੀ। |
| **ਗਲੀਆਂ ਕੱਛਣੀਆਂ-** ਆਵਾਰਾ ਫਿਰਨਾ। | **ਗਲੀਆਂ ਦੇ ਕੱਖਾਂ ਨਾਲੋਂ ਹੌਲਾ ਹੋਣਾ-** ਕੋਈ ਸਤਿਕਾਰ ਨਾ ਰਹਿਣਾ। |
| **ਗਲੋਂ ਬਲਾ ਲਾਹੁਣੀ-** ਕਿਸੇ ਨੂੰ ਆਪਣੇ ਉਤੋਂ ਟਾਲਣਾ; ਮੁਸੀਬਤ ਹਟਾਣੀ। | **(ਦਿਲਾਂ ’ਤੇ) ਗੜੇ ਮਾਰ ਹੋ ਜਾਣੀ-** ਦਿਲ ਉੱਕਾ ਢਹਿ ਜਾਣਾ। |
| **ਗਿੱਦੜ ਸਿੰਙੀ ਹੋਣੀ (ਕਿਸੇ ਪਾਸ)-** ਐਸਾ ਜਾਦੂ ਹੋਣਾ ਕਿ ਹਰ ਇੱਕ ਨੂੰ ਵੱਸ ਲਏ ਤੇ ਆਪਣੇ ਕੰਮ ਕਰਾ ਲਏ। | **ਗਿਰੀਬਾਨ ਵਿਚ ਮੂੰਹ ਪਾਣਾ-** ਆਪਣੇ ਐਬਾਂ ਦਾ ਖ਼ਿਆਲ ਕਰਨਾ। |

| | |
|---|---|
| **ਗੀਟੀਆਂ ਗਾਲਣਾ-** ਵਿਅਰਥ ਸੋਚਾਂ ਸੋਚਦੇ ਰਹਿਣਾ। | **ਗੁੱਸਾ ਨੱਕ ’ਤੇ ਪਿਆ ਹੋਣਾ-** ਝੱਟ ਗੁੱਸਾ ਆ ਜਾਣਾ। |
| **ਗੁੱਗਲ ਹੋ ਜਾਣਾ-** ਜ਼ਾਇਆ ਹੋ ਜਾਣਾ। | **ਗੁੱਡੀ ਅਸਮਾਨ ਚੜ੍ਹਨੀ-** ਬਹੁਤ ਤਰੱਕੀ ਕਰਨਾ; ਉੱਚਾ ਹੋ ਜਾਣਾ। |
| **ਗੋਂਗਲੂ ਤੋਂ ਮਿਟੀ ਝਾੜਨਾ-** ਨਿਕੰਮੀ ਟਾਲ ਮਟੋਲ ਕਰਨਾ, ਫੋਕੇ ਦੁੱਚਰ ਡਾਹਣੇ। | **ਗੋਡਿਆਂ ਵਿਚ ਸਿਰ ਤੁੰਨਣਾ-** ਨਿਰਾਸ਼, ਉਦਾਸ ਹੋ ਕੇ ਸੋਚਾਂ ਸੋਚਣਾ। |
| **ਗੰਗਾ ਨ੍ਹਾਤੇ-** ਕਿਸੇ ਕਜ਼ੀਏ ਤੋਂ ਸੁਰਖ਼ਰੂ ਹੋਣਾ। | **ਗੰਢ-ਤੁੱਪ ਕਰਨੀ-** ਜੋੜ ਜੋੜਨ ਦਾ ਯਤਨ ਕਰਨਾ; ਢੋ ਢੁਕਾਣ ਦਾ ਯਤਨ ਕਰਨਾ। |
| **ਘੱਟਾ ਛਾਣਨਾ-** ਆਵਾਰਾ ਭੌਂਦੇ ਫਿਰਨਾ। | **ਘਰ ਕਰ ਜਾਣਾ-** ਦਿਲ ਦੀ ਡੂੰਘਾਈ ਵਿਚ ਟਿਕ ਜਾਣਾ; ਚੰਗਾ ਲੱਗਣਾ। |
| **ਘਰ ਫੂਕ ਤਮਾਸ਼ਾ ਵੇਖਣਾ-** ਘਰ ਉਜਾੜ ਮੌਜਾਂ ਕਰਨੀਆਂ। | **ਘਰੋੜੀਆਂ ਮਾਣ ਨ ਹੋਣੀਆਂ-** ਅਮੀਰ ਭਾਂਵੇ ਗਰੀਬ ਹੋ ਜਾਏ ਪਰ ਰਹਿੰਦ-ਖੂੰਹਦ ਵੀ ਮਾਣ ਨਹੀਂ ਹੁੰਦੀ। |
| **ਘੜੀਆਂ ਗਿਣਦੇ ਰਹਿਣਾ-** ਬੜੀ ਘਬਰਾਹਟ ਵਿਚ ਸਮਾਂ ਲੰਘਾਉਣਾ। | **ਘੜੇ ਦੀ ਮੱਛੀ-** ਮਾਮੂਲੀ ਗ਼ਰੀਬ ਆਦਮੀ ਜਿਸਨੂੰ ਕਾਬੂ ਕਰਨਾ ਔਖਾ ਹੀ ਨਾ ਹੋਵੇ। |
| **ਘਿਉ ਦੇ ਕੁੱਪੇ ਰੁੜ੍ਹਨੇ-** ਬਹੁਤ ਨੁਕਸਾਨ ਹੋਣਾ। | **ਘੋਗਲ-ਕੰਨਾ ਬਣਨਾ-** ਸੁਣੀ ਗੱਲ ਨੂੰ ਅਣ-ਸੁਣੀ ਕਰ ਦੇਣਾ, ਮਚਲਾ ਹੋ ਜਾਣਾ। |
| **ਚੱਕ ਬੰਨ੍ਹਣਾ-** ਪਿੰਡ ਪਾਉਣਾ। | **ਚੱਪਣੀ ਵਿਚ ਨੱਕ ਡੋਬ ਕੇ ਮਰਨਾ-** ਸ਼ਰਮ ਨਾਲ ਮਰ ਜਾਣਾ। |
| **ਚੜ੍ਹ ਮੱਚਣੀ-** ਆਪਣੇ ਪੱਖ ਦੀ ਹੁੰਦੀ ਵੇਖ ਕੇ ਖ਼ੁਸ਼ ਹੋਣਾ। | **ਚੜ੍ਹੀ ਲੱਥੀ ਦੀ ਨਾ ਹੋਣੀ-** ਬੇਸ਼ਰਮ ਹੋਣਾ। |
| **ਚਾਰ ਚੰਨ ਲੱਗ ਜਾਣੇ-** ਸ਼ੋਭਾ ਹੋਰ ਵਧ ਜਾਣੀ। | **ਚਾਰ ਦਿਨ ਦੀ ਚਾਂਦਨੀ-** ਥੋੜ੍ਹੇ ਸਮੇਂ ਦੀ ਮੌਜ ਬਹਾਰ। |

| | |
|---|---|
| **ਚੁੰਝ ਚਰਚਾ-** ਬਹਿਸ। | **ਚੁਰਾਹੇ ਵਿਚ ਹਾਂਡੀ ਭੱਜਣੀ-** ਬੇ-ਪਤੀ ਹੋਣੀ; ਪਰਦਾ ਲੱਥਣਾ; ਭੇਤ ਖੁਲ੍ਹਣਾ; ਕਰਤੂਤ ਪ੍ਰਗਟ ਹੋਣੀ। |
| **ਚੰਦ ਚਾੜ੍ਹਨਾ-** ਜਦੋਂ ਕੋਈ ਮਾੜਾ ਕੰਮ ਕਰੇ ਤਾਂ ਵਿਅੰਗ ਨਾਲ ਕਹਿੰਦੇ ਹਨ। | **ਚੰਨ ਚੜ੍ਹ ਆਉਣਾ-** ਕਿਸੇ ਦੇ ਬਹੁਤ ਸਮੇਂ ਮਗਰੋਂ ਦਰਸ਼ਨ ਹੋਣੇ; ਅਚਨਚੇਤੇ ਕਿਸੇ ਦਾ ਆ ਪਹੁੰਚਣਾ। |
| **ਛਾਤੀ 'ਤੇ ਚੱਕੀ ਝੋਣੀ-** ਦੁੱਖ ਕਲੇਸ਼ ਦੇਣਾ; ਜ਼ਬਰਦਸਤੀ ਕਰਨੀ। | **ਛਿੱਕੇ 'ਤੇ ਟੰਗ ਬੈਠਣਾ-** ਵਿਸਾਰ ਦੇਣਾ, ਪ੍ਰਵਾਹ ਨਾ ਕਰਨੀ। |
| **ਜੱਸ ਦਾ ਟਿੱਕਾ ਲੈਣਾ-** ਵਡਿਆਈ ਮਿਲਣੀ। | **ਜੱਕੋਂ-ਤੱਕੋਂ-** ਸੋਚਾਂ ਕਿ ਇਹ ਕੰਮ ਕਰੀਏ ਕਿ ਨਾ ਕਰੀਏ; ਢਹਿੰਦੀ ਕਲਾ ਵੱਲ ਲੈ ਜਾਣ ਵਾਲੀਆਂ ਸੋਚਾਂ। |
| **ਜਗੋਂ ਬਾਹਰੀ ਗੱਲ-**ਅਨੋਖੀ ਤੇ ਅਸਧਾਰਨ ਗੱਲ। | **ਜਣਦਿਆਂ ਨੂੰ ਰੋਣਾ-** ਬਹੁਤ ਅਫ਼ਸੋਸ ਕਰਨਾ, ਜਿਵੇਂ ਕਿਸੇ ਦੇ ਮਾਤਾ-ਪਿਤਾ ਹੀ ਮਰ ਜਾਂਦੇ ਹਨ। |
| **ਜ਼ੁਬਾਨ ਫੇਰ ਲੈਣੀ-** ਇਕਰਾਰ ਕਰਕੇ ਫਿਰ ਜਾਣਾ। | **ਜ਼ੁਬਾਨੀ ਜਮ੍ਹਾਂ ਖ਼ਰਚ ਕਰਨਾ-** ਫੜ੍ਹਾਂ ਮਾਰਨੀਆਂ। |
| **ਜੜ੍ਹ ਹਰੀ ਰਹਿਣੀ-** ਸੰਤਾਨ ਹੋਣੀ। | **ਜੜ੍ਹੀਂ ਤੇਲ ਦੇਣਾ-** ਨਾਸ਼ ਕਰਨਾ। |
| **ਜਾਨ ਤਲੀ 'ਤੇ ਰੱਖੀ ਹੋਣੀ-** ਜਾਨ ਖਤਰੇ ਵਿਚ ਪਾ ਲੈਣੀ। | **ਜਾਨ ਨੂੰ ਸਿਆਪੇ ਪਾਉਣੇ-** ਜਿੰਦ ਨੂੰ ਮੁਸੀਬਤਾਂ ਵਿੱਚ ਘੇਰ ਦੇਣਾ। |
| **ਜੀਭ ਖੁੱਲ੍ਹਣੀ-** ਬਹੁਤ ਗੱਲਾਂ ਕਰਨੀਆਂ ; ਗੁਸਤਾਖ਼ੀ ਨਾਲ ਅੱਗੋਂ ਬੋਲਣਾ। | **ਜੀਭ ਦੰਦਾਂ ਹੇਠ ਦੇਣੀ-** ਚੁੱਪ ਕਰਨਾ। |
| **ਜੁੱਤੀਆਂ ਸਿੱਧੀਆਂ ਕਰਨੀਆਂ-** ਸੇਵਾ ਕਰਨੀ। | **ਝੱਗ ਵਾਂਗ ਬਹਿ ਜਾਣਾ-** ਸਾਰਾ ਜੋਸ਼ ਛੱਟ ਹੀ ਮੁੱਕ ਜਾਣਾ। |

| | |
|---|---|
| **ਝੁੱਗਾ ਚੌੜ ਕਰਨਾ-** ਘਰ ਤਬਾਹ ਕਰਨਾ; ਉੱਕਾ ਨਾਸ਼ ਕਰ ਦੇਣਾ; ਖ਼ਾਕ-ਸ਼ਾਹ ਕਰ ਦੇਣਾ। | **ਟੱਕਰ ਲਾਣੀ-** ਵਿਰੋਧ ਕਰਨਾ। |
| **ਟਕੇ ਚਾਲ ਚੱਲਣਾ-** ਬੜੀ ਹੌਲੀ-ਹੌਲੀ ਕੰਮ ਕਰਨਾ। | **ਟਕੋਰ ਕਰਨਾ-** ਗੁੱਝੀ ਮਾਰ ਦੇਣੀ। |
| **ਠੀਸਾਂ ਮਾਰਨੀਆਂ-** ਫੜ੍ਹਾਂ ਮਾਰਨੀਆਂ; ਆਪਣੇ ਆਪ ਨੂੰ ਵੱਡਾ ਦੱਸਣਾ। | **ਠੰਢ ਵਰਤਣੀ-** ਸ਼ਾਂਤੀ ਤੇ ਖ਼ੁਸ਼ੀ ਪੱਸਰ ਜਾਣਾ। |
| **ਡਕਾਰ ਜਾਣਾ-** ਹਜ਼ਮ ਕਰ ਜਾਣਾ। | **ਡਕੋ ਡੋਲੇ ਖਾਣੇ-** ਨਿਆਸਰੇ ਹੋ ਕੇ ਇੱਧਰ ਉੱਧਰ ਭਟਕਣਾ। |
| **ਡਾਡਾਂ ਨਿੱਕਲ ਜਾਣੀਆਂ-** ਆਪ ਮੁਹਾਰੇ ਉੱਚੀ ਉੱਚੀ ਰੋ ਪੈਣਾ। | **ਡੁੱਬਦੇ ਨੂੰ ਤੀਲੇ ਦਾ ਆਸਰਾ ਹੋਣਾ-** ਬੜੀ ਭਾਰੀ ਬਿਪਤਾ ਪਿਆਂ ਕੋਈ ਨਿੱਕਾ ਜਿਹਾ ਸਹਾਰਾ ਮਿਲ ਜਾਣਾ। |
| **ਡੂੰਘੇ ਵਹਿਣ ਵਿਚ ਗੋਤੇ ਖਾਣਾ-** ਡੂੰਘੀਆਂ ਸੋਚਾਂ ਵਿਚ ਗ਼ਰਕ ਹੋਣਾ। | **ਡੂੰਮਾਂ ਹੱਥ ਕਟੋਰਾ ਆਉਣਾ-** ਕਿਸੇ ਭੁੱਖੇ ਨੂੰ ਕੋਈ ਚੰਗੀ ਚੀਜ਼ ਮਿਲ ਜਾਏ, ਤੇ ਉਹ ਛੱਡੇ ਹੀ ਨਾ। |
| **ਡੋਰੇ ਪਾਉਣੇ-** ਪਿਆਰ ਦਾ ਰੰਗ ਜਮਾਣਾ। | **ਡੰਡੇ ਵਜਾਉਣੇ-** ਵਿਹਲੇ ਫਿਰਨਾ। |
| **ਢਾਰਸ ਬੱਝਣਾ-** ਹੌਸਲਾ ਆਉਣਾ; ਆਸ ਬੱਝ ਜਾਣੀ; ਚੰਗੀ ਆਸ ਹੋ ਪੈਣੀ; ਮਨ ਤਕੜਾ ਹੋ ਜਾਣਾ। | **ਢਿੱਡ ਵਿਚ ਡੈਣ ਵੜਨਾ-** ਬਹੁਤ ਭੁੱਖ ਲੱਗਣੀ। |
| **ਢੋਲ ਦਾ ਪੋਲ-** ਬਾਹਰਲੀ ਫੂਕਾ ਫਾਕੀ। | **ਤੱਕ ਵਿੱਚ ਹੋਣਾ-** ਭਾਲ ਵਿੱਚ ਹੋਣਾ; ਨਜ਼ਰ ਹੇਠ ਹੋਣਾ। |
| **ਤੱਤ ਭੜੱਤੀ-** ਭੈੜੇ ਸੁਭਾਵ ਵਾਲੀ, ਸੜੇ ਮੱਥੇ ਵਾਲੀ। | **ਤੱਤੀ ਵਾ ਨਾ ਲੱਗਣ ਦੇਣੀ-** ਜ਼ਰਾ ਦੁੱਖ ਕਲੇਸ਼ ਨਾ ਹੋਣ ਦੇਣਾ। |
| **ਤ੍ਰੇਲੀ ਛੁੱਟਣੀ-** ਮਰਨ ਸਮੇਂ ਮੱਥੇ 'ਤੇ ਪਸੀਨਾ ਆਉਣਾ। | **ਤ੍ਰੇਲੀਆਂ ਛੁੱਟ ਪੈਣੀਆਂ-** ਸਹਿਮ ਜਾਣਾ, ਬਹੁਤ ਡਰ ਜਾਣਾ। |

| | |
|---|---|
| **ਤਲੇ ਝਾੜ ਹੋ ਜਾਣੀ-** ਤਬਾਹ ਹੋ ਜਾਣਾ। | **ਤਵੀਤ ਹੋ ਜਾਣਾ-** ਬਹੁਤ ਹੀ ਲਿੱਸਾ ਹੋ ਜਾਣਾ। |
| **ਤਾਰੇ ਗਿਣਨਾ-** ਰਾਤ ਨੂੰ ਜਾਗਦੇ ਰਹਿਣਾ। | **ਤਾਰੇ ਤੋੜਨਾ-** ਅਸੰਭਵ ਕੰਮ ਨੂੰ ਸੰਭਵ ਕਰਨਾ; ਗ਼ੈਬੀ ਗੱਲਾਂ ਕਰਨਾ। |
| **ਤਿੱਤਰ ਹੋਣਾ-** ਨੱਸ ਜਾਣਾ। | **ਤਿੱਤਰ ਬਿੱਤਰ ਹੋ ਜਾਣਾ-** ਖਿੰਡ ਪੁੰਡ ਜਾਣਾ, ਨੱਸ ਭੱਜ ਜਾਣਾ। |
| **ਤਿਲ ਧਰਨ ਨੂੰ ਥਾਂ ਨਾ ਹੋਣਾ-** ਬਹੁਤ ਭੀੜ ਹੋਣੀ। | **ਤਿਲਾਂ ਪਾਸੋਂ ਤੇਲ ਲੈਣਾ-** ਸਖ਼ਤੀ ਨਾਲ ਹੀ ਕੰਮ ਲੈਣਾ, ਜਿਕਰ ਤਿਲ ਪੀੜਿਆਂ ਹੀ ਤੇਲ ਨਿਕਲਦਾ ਹੈ। |
| **ਤੀਰ ਕਾਰੀ ਪੈਣਾ-** ਤੀਰ ਨਿਸ਼ਾਨੇ ’ਤੇ ਬੈਠਣਾ, ਸਫਲਤਾ ਹੋਣੀ। | **ਤੀਲੀ ਲਾਉਣੀ-** ਸ਼ਰਾਰਤ ਨਾਲ, ਚਾ ਲਾ ਕੇ, ਲੜਾਈ ਕਰਾ ਦੇਣੀ। |
| **ਤੇਰਾਂ ਤਾਲੀ ਹੋਣਾ-** ਬਹੁਤ ਚਾਲਾਕ ਹੋਣਾ। | **ਤੇਲ ਦੀ ਕੜਾਹੀ ਵਿੱਚ ਪੈਣਾ-** ਬੜਾ ਦੁਖੀ ਹੋਣਾ। |
| **(ਗੱਲ) ਤੋੜ ਚੜ੍ਹਨੀ-** ਪੂਰੀ ਹੋਣੀ; ਗੱਲ ਵਿੱਚ ਸਫਲਤਾ ਪ੍ਰਾਪਤ ਹੋਣੀ। | **ਤੌਰ ਬਦਲ ਜਾਣੇ-** ਹੋਰ ਦਾ ਹੋਰ ਰਵੱਈਆ ਹੋ ਜਾਣਾ। |
| **ਥੁੱਕ ਲਾਉਣਾ-** ਧੋਖਾ ਦੇਣਾ। | **ਥੁੱਕਾਂ ਮੂੰਹ ਪੈਣੀਆਂ-** ਕਿਸੇ ਦੀ ਨਿੰਦਾ ਕਰਨ ਨਾਲ ਆਪਣੀ ਨਿੰਦਾ ਹੋਣੀ। |
| **ਦਮਾਂ ਦੀ ਬਾਜ਼ੀ ਲਾਉਣੀ-** ਜਾਨ ਤਲੀ ’ਤੇ ਰੱਖਣੀ। | **ਦਾਈਏ ਬੰਨ੍ਹਣਾ-** ਮੁਕੱਦਮਾ ਕਰਨਾ। |
| **ਦਾਲ ਵਿੱਚ ਕਾਲ਼ਾ ਹੋਣਾ-** ਸ਼ੱਕ ਦੀ ਗੁੰਜਾਇਸ਼ ਹੋਣੀ। | **ਦਿਲਬਰੀਆਂ ਕਰਨਾ-** ਹੌਸਲਾ ਦੇਣਾ। |
| **ਦੋ ਮੂੰਹੀ ਤਲਵਾਰ ਹੋਣਾ-** ਦੋਹਾਂ ਪਾਸਿਆਂ ਤੋਂ ਚੋਟ ਕਰਨੀ। | **ਦੋਹੀਂ ਹੱਥੀਂ ਲੱਡੂ ਹੋਣੇ-** ਹਰ ਪਾਸੇ ਮੌਜ਼ ਹੋਣੀ। |
| **ਦੰਦਾਂ ਵਿੱਚ ਉਂਗਲੀ ਦੇਣੀ-** ਹੈਰਾਨ ਹੋਣਾ; ਪਛਤਾਵਾ ਕਰਨਾ। | **ਦੰਦੀਆਂ ਪੀਹਣਾ-** ਗੁੱਸੇ ਨੂੰ ਅੰਦਰ ਹੀ ਅੰਦਰ ਜਰਨ ਦਾ ਜਤਨ ਕਰਨਾ। |

| | |
|---|---|
| **ਧੁੰਮਾਂ ਪੈ ਜਾਣੀਆਂ-** ਗੱਲ ਪ੍ਰਸਿੱਧ ਹੋ ਜਾਣੀ, ਨਾਮਣਾ ਮਿਲਣਾ। | **ਧੌਲਿਆਂ ਵਿੱਚ ਘੱਟਾ ਪਵਾਉਣਾ-** ਪਿਛਲੀ ਉਮਰੇ ਬਦਨਾਮੀ ਕਰਾਉਣੀ। |
| **ਨਹੁੰ ਮਾਸ ਦਾ ਰਿਸ਼ਤਾ ਹੋਣਾ-** ਅਜਿਹਾ ਸੰਬੰਧ ਹੋਣਾ ਜੋ ਟੁੱਟਣ ਜੋਗ ਨਾ ਹੋਵੇ। | **ਨੱਕ ਚਾੜ੍ਹਨਾ-** ਘ੍ਰਿਣਾ ਕਰਨਾ, ਕਿਸੇ ਚੀਜ਼ ਨੂੰ ਪਸੰਦ ਨਾ ਕਰਨਾ। |
| **ਨੱਕ ਨਮੂਜ਼ ਰੱਖਣਾ-** ਇੱਜ਼ਤ, ਧਰਮ ਦਾ ਖ਼ਿਆਲ ਰੱਖਣਾ। | **ਨੱਕ ਨਾਲ ਚਨੇ ਚਬਾਉਣੇ-** ਬਹੁਤ ਤੰਗ ਕਰਨਾ। |
| **ਨਰਦਾਂ ਪੁੱਠੀਆਂ ਹੋਣੀਆਂ-** ਹਾਰ ਹੋ ਜਾਣੀ; ਤਕਦੀਰ ਉਲਟ ਜਾਣੀ। | **ਨਾਮ ਨੂੰ ਵੱਟਾ ਲਾਉਣਾ-** ਬਦਨਾਮੀ ਕਰਨੀ ਜਾਂ ਹੋਣ ਦੇਣੀ। |
| **ਨੌਂ ਨਿੱਧਾਂ ਤੇ ਬਾਰਾਂ ਸਿੱਧਾਂ ਹੋਣੀਆਂ-** ਹਰ ਤਰ੍ਹਾਂ ਸੁੱਖ ਤੇ ਖੁਸ਼ਹਾਲੀ ਹੋਣੀ। | **ਨੌ-ਬਰ ਨੌ ਹੋਣਾ-** ਅਰੋਗ ਹੋਣਾ; ਬਿਮਾਰੀ ਆਦਿ ਤੋਂ ਰਾਜ਼ੀ ਹੋਣਾ। |
| **ਪਾਣੀ ਦਾ ਬੁਲਬੁਲਾ-** ਛੇਤੀ ਨਾਸ ਹੋਣ ਵਾਲਾ। | **ਪਾਣੀ ਫਿਰਨਾ-** ਸੱਤਿਆਨਾਸ ਹੋ ਜਾਣਾ ਨਿਰਾਸ਼ਤਾ ਹੋ ਜਾਣੀ। |
| **ਪਾਂਧਾ ਨਾ ਪੁੱਛਣਾ-** ਕੋਈ ਸਲਾਹ ਤੇ ਹੀਲ ਤਲੀਲ ਨ ਕਰਨੀ; ਸ਼ਗਨ-ਅਪਸ਼ਗਨ ਨਾ ਵਿਚਾਰਨਾ, ਝੱਟ ਕੰਮ ਲਈ ਤਿਆਰ ਹੋ ਜਾਣਾ। | **ਪਿੱਠ ਠੋਕਣੀ-** ਸ਼ਹਿ ਦੇਣੀ, ਅੰਦਰੋਂ ਅੰਦਰ ਹੱਲਾ-ਸ਼ੇਰੀ ਦੇਣੀ; ਚੁੱਕਣਾ। |
| **ਪਿੱਠ ਲੱਗਣੀ-** ਢਹਿ ਜਾਣਾ; ਹਾਰ ਖਾ ਜਾਣੀ। | **ਪੂਰੀ ਨਾਹ ਪੈਣੀ-** ਝੱਟ ਨਾਹ ਲੰਘਣਾ, ਗੁਜ਼ਾਰਾ ਨਾਹ ਚਲਣਾ, ਬਰਾਬਰੀ ਨਾਹ ਕਰ ਸਕਣੀ। |
| **ਪੈਰ ਕੱਢਣਾ-** ਆਪਣਾ ਦਖ਼ਲ ਹਟਾ ਲੈਣਾ। | **ਪੈਰ ਫੂਕ ਫੂਕ ਕੇ ਧਰਨਾ-** ਬੜਾ ਸੁਚੇਤ ਹੋ ਕੇ ਕੰਮ ਕਰਨਾ। |
| **ਫਸਤਾ ਵੱਢਣਾ-** ਮੁਕਾ ਦੇਣਾ, ਖ਼ਤਮ ਕਰ ਦੇਣਾ। | **ਫ਼ਸਲੀ ਬਟੇਰਾ ਹੋਣਾ-** ਮਤਲਬ ਵੇਲੇ ਆਉਣ ਵਾਲਾ; ਮਤਲਬੀ ਮਿੱਤਰ। |
| **ਫੁੱਟੀ ਅੱਖ ਨ ਭਾਉਣਾ-** ਰਤਾ ਭੀ ਚੰਗਾ ਨਾ ਲੱਗਣਾ। | **ਬਸਰ ਆਉਣਾ-** ਬਰਾਬਰੀ ਕਰ ਸਕਣਾ। |

| | |
|---|---|
| **ਬਾਂਹ ਭੱਜਣੀ (ਟੁੱਟਣੀ)-** ਭਰਾ ਜਾਂ ਸੱਜਣ ਦਾ ਮਰ ਜਾਣਾ। | **ਬਾਜ਼ਾਰ ਗਰਮ ਹੋਣਾ-** ਜ਼ੋਰ ਪੈ ਜਾਣਾ। |
| **ਬਿੱਲੇ ਲਈ ਆਪਣੇ ਆਪ ਹੀ ਛਿੱਕਾ ਟੁੱਟ ਪੈਣਾ-** ਬਿਨਾ ਉਚੇਚੇ ਜਤਨ ਕਰਨ ਦੇ ਕੋਈ ਮਨ-ਇਛਿੱਤ ਗੱਲ ਪੂਰੀ ਹੋ ਜਾਣੀ। | **ਬੀੜਾ ਉਠਾਉਣਾ-** ਜ਼ਿੰਮੇਵਾਰੀ ਲੈਣੀ, ਕਿਸੇ ਕੰਮ ਨੂੰ ਸਿਰੇ ਚਾੜ੍ਹਨ ਲਈ ਆਪਣੇ ਆਪ ਨੂੰ ਪੇਸ਼ ਕਰਨਾ, ਤਤਪਰ ਹੋ ਜਾਣਾ। |
| **ਬੁੱਤਾ ਸਾਰਨਾ-** ਕਿਸੇ ਦੀ ਆਗਿਆ ਵਿਚ ਕੰਮ ਕਰਨਾ; ਕਿਸੇ ਦਾ ਕੰਮ ਸੰਵਾਰਨਾ। | **ਬੂਰ ਦੇ ਲੱਡੂ-** ਨਿਸਫਲ ਸ਼ੈਅ, ਦਿਸਣ ਵਿਚ ਸੋਹਣੀ ਵਿਚੋਂ ਰੱਦੀ। |
| **ਭੱਠ ਝੋਕਣਾ-** ਵਿਅਰਥ ਨਿਗੂਣਾ ਕੰਮ ਕਰਦੇ ਰਹਿਣਾ। | **ਭੱਠ ਵਿਚ ਝੋਕਣਾ-** ਦੁੱਖ ਕਲੇਸ਼ ਵਿੱਚ ਪਾਣਾ। |
| **ਭਾਨੀ ਮਾਰਨੀ-** ਕਿਸੇ ਗੱਲ ਵਿਚ ਲੱਤ ਮਾਰਨੀ; ਕੋਈ ਢੁੱਚਰ ਡਾਹ ਕੇ ਫੈਸਲਾ ਨਾ ਹੋਣ ਦੇਣਾ। | **ਭਿੱਜੀ ਬਿੱਲੀ ਬਣ ਜਾਣਾ-** ਦੜ ਵੱਟ ਲੈਣੀ। |
| **ਭੁਗਤ ਸੁਆਰਨਾ-** ਗਤ ਬਣਾਉਣੀ; ਸਜ਼ਾ ਦੇਣੀ; ਮਾਰ ਕੁਟਾਈ ਕਰਨੀ। | **ਭੁੰਨੇ ਤਿੱਤਰ ਉਡਾਉਣੇ-** ਅਣਹੋਣੀ ਗੱਲ ਕਰਨੀ। |
| **ਭੰਗ ਦੇ ਭਾ ਜਾਣਾ-** ਅਜਾਈਂ ਚਲੀ ਜਾਣੀ, ਵਿਅਰਥ ਖ਼ਰਚ ਹੋ ਜਾਣੀ। | **ਭੰਗ ਭੁੱਜਣੀ-** ਘਰ ਵਿੱਚ ਭੁੱਖ ਨੰਗ ਹੋਣੀ। |
| **ਮੱਖੀ 'ਤੇ ਮੱਖੀ ਮਾਰਨੀ-** ਬਿਨਾਂ ਸੋਚੇ ਵਿਚਾਰੇ ਕਿਸੇ ਗੱਲ ਦੀ ਹੂ-ਬ-ਹੂ ਨਕਲ ਕਰਨੀ। | **ਮੱਖੀ ਨਿਗਲਣਾ-** ਘ੍ਰਿਣਤ ਕੰਮ ਕਰਨਾ; ਜਾਣ ਬੁੱਝ ਕੇ ਆਪਣਾ ਨੁਕਸਾਨ ਕਰਨਾ। |
| **ਮੱਥਾ ਠਣਕਣਾ-** ਮਨ ਵਿਚ ਸ਼ੱਕ ਪੈਣਾ। | **ਮੱਥਾ ਡੰਮ੍ਹਣਾ-** ਕਿਸੇ ਨੂੰ ਮੰਦੀ ਚੰਗੀ ਚੀਜ਼ ਦੇ ਕੇ ਗਲੋਂ ਲਾਹੁਣਾ। |
| **ਮੱਲ ਮਾਰਨੀ-** ਤਕੜੀ ਜਿੱਤ ਹਾਸਲ ਕਰ ਲੈਣੀ। | **ਮਾਤ ਪਾ ਦੇਣਾ-** ਦੂਰ ਅਗਾਂਹ ਲੰਘ ਜਾਣਾ, ਪਿੱਛੇ ਪਾ ਦੇਣਾ। |
| **ਮਿੱਟੀ ਪਲੀਤ ਹੋਣੀ-** ਬੇ ਇੱਜ਼ਤੀ ਹੋਣੀ, ਕਿਸੇ ਦੀ ਪ੍ਰਵਾਹ ਨਾ ਕਰਨੀ। | **ਮਿੱਠੀ ਛੁਰੀ-** ਮਿੱਠੀਆਂ ਗੱਲਾਂ, ਪਰ ਦਿਲ ਖੋਟਾ। |

| | |
|---|---|
| **ਮੂੰਹ ਉਤਰ ਜਾਣਾ-** ਮੂੰਹ ਦਾ ਰੰਗ ਫਿੱਕਾ ਪੈ ਜਾਣਾ। | **ਮੂੰਹ ਉੱਤੇ ਹਵਾਈਆਂ ਉੱਡ ਜਾਣੀਆਂ-** ਮੂੰਹ ਫੱਕ ਹੋ ਜਾਣਾ, ਚਿਹਰਾ ਸਹਿਮਿਆ ਜਾਣਾ। |
| **ਮੂੰਹ ਦੀ ਖਾਣੀ-** ਕਿਸੇ ਉਤੇ ਵਧੀਕੀ ਕਰਨ ਆਇਆਂ ਅੱਗੋਂ ਤਕੜੀ ਮਾਰ ਪੈਣੀ। | **ਮੂੰਹ ਨੂੰ ਲਹੂ ਲੱਗਣਾ-** ਹਰਾਮ ਖਾਣਾ ਜਾਂ ਵੱਢੀ ਆਦਿ ਦਾ ਸੁਆਦ ਪੈ ਜਾਣਾ। |
| **ਮੂੰਹ ਮੁਲਾਜ਼ਾ ਹੋਣਾ-** ਲਿਹਾਜ਼, ਇੱਜ਼ਤ, ਸਤਿਕਾਰ ਹੋਣਾ। | **ਮੂੰਹ ਵਿਚ ਘੁੰਗਣੀਆਂ-** ਚੁੱਪ ਵੱਟੀ ਰੱਖਣਾ। |
| **ਮੂੰਹ ਵੇਖਦੇ ਰਹਿ ਜਾਣਾ-** ਬੇਵੱਸ ਹੋ ਕੇ ਰੁਕਣਾ; ਕੁਝ ਨ ਵਿਗਾੜ ਜਾਂ ਸੰਵਾਰ ਸਕਣਾ। | **ਮੂੰਹੋਂ ਝੱਗ ਉਗਲਣੀ-** ਮੂਰਖਾਂ ਤੇ ਪਾਗਲਾਂ ਵਾਲੀਆਂ ਗੱਲਾਂ ਕਰਨਾ, ਬਕਵਾਸ ਕਰੀ ਜਾਣਾ। |
| **ਮੂਲੀ ਪੁੱਟਿਆ ਟੋਆ ਹੋਣਾ-** ਨੁਕਸਾਨ, ਤਬਾਹੀ ਹੋਣੀ। | **ਮੋਠਾਂ ਦੀ ਛਾਵੇਂ ਬੈਠਣਾ-** (ਮੋਠਾਂ ਦੀ ਛਾਵੇਂ ਕੋਈ ਬੈਠ ਨਹੀਂ ਸਕਦਾ) ਆਸ ਪੂਰਤੀ ਦਾ ਅਸੰਭਵ ਹੋਣਾ। |
| **ਮੋਰਚਾ ਮਾਰਨਾ-** ਜਿੱਤ ਪ੍ਰਾਪਤ ਕਰਨੀ; ਔਖਾ ਕੰਮ ਕਰ ਲੈਣਾ। | **ਮੋਰਚਾ ਲਾਣਾ-** ਮਕਾਬਲਾ ਕਰਨਾ, ਸਤਿਆਗ੍ਰਹਿ ਕਰਨਾ। |
| **ਰਮਜ਼ਾਂ ਸਮਝਣਾ-** ਗੁੱਝੇ ਇਸ਼ਾਰੇ ਸਮਝਣਾ, ਭੇਤ ਸਮਝਣਾ। | **ਰਵਾਂ ਰਵੀਂ-** ਬਿਨਾਂ ਝਕਣ ਦੇ, ਝੱਟ ਪੱਟ। |
| **ਰਾਮ ਰੌਲਾ-** ਗੜਬੜ, ਬੇ-ਅਮਨੀ। | **ਰਿਉੜੀ ਦੇ ਫੇਰ ਵਿਚ ਆਉਣਾ-** ਕਿਸੇ ਮੁਸੀਬਤ ਵਿਚ ਫਸ ਜਾਣਾ। |
| **ਲਹੂ ਜੰਮਣਾ-** ਘਬਰਾ ਜਾਣਾ, ਭੈਭੀਤ ਹੋਣਾ। | **ਲਹੂ ਦੀ ਘੁੱਟ ਭਰਨੀ-** ਡਾਢੇ ਦੁੱਖ ਨੂੰ ਅੰਦਰੇ ਅੰਦਰ ਜਰ ਲੈਣਾ। |
| **ਲੱਕ ਦੂਹਰਾ ਹੋਣਾ-** ਕੰਮ ਕਰਦਾ-ਕਰਦਾ ਥੱਕ ਜਾਣਾ। | **ਲੱਕ ਬੰਨ੍ਹਣਾ-** ਤੁੱਲ ਜਾਣਾ, ਪੱਕੀ ਨੀਅਤ ਧਾਰ ਲੈਣੀ। |
| **ਲਗਦੇ ਹੱਥ-** ਨਾਲ ਹੀ ਕੋਈ ਹੋਰ ਕੰਮ ਕਰਨਾ; ਇਕ ਪੰਥ ਦੋ ਕਾਜ ਕਰਨਾ। | **ਲਗਾਮ ਢਿੱਲੀ ਛੱਡਣੀ-** ਸਿਰ ਉਤੇ ਕੁੰਡਾ ਨਾਹ ਰੱਖਣਾ, ਹੱਦੋਂ ਵਧੀਕ ਖੁੱਲ੍ਹ ਦੇਈ ਰੱਖਣੀ। |
| **ਲੱਤ ਨ ਲਾਣੀ-** ਟਿਕ ਕੇ ਨਾਹ ਬੈਠਣਾ, ਆਕੜ ਵਿਖਾਣੀ। | **ਲਾਜਵੰਤੀ ਦਾ ਬੂਟਾ-** ਡਰਾਕਲ। |

| | |
|---|---|
| **ਲੀਕ ਲੱਗਣੀ-** ਤੁਹਮਤ ਲੱਗਣੀ, ਬੇਇਜ਼ਤੀ ਕਰਾਉਣੀ। | **ਲੀਕਾਂ ਲੁਆਣੀਆਂ-** ਬੇਸ਼ਰਮ ਹੋਣਾ, ਮੁਆਫ਼ੀਆਂ ਮੰਗਣੀਆਂ। |
| **ਲੇਖਾ ਪਾਉਣਾ-** ਉਧਾਰ ਲੈਣ ਦੇਣ ਦੀ ਸਾਂਝ ਪਾਉਣੀ। | **ਲੋਹਾ ਮੰਨਣਾ-** ਲਿਆਕਤ ਦਾ ਪ੍ਰਭਾਵ ਪੈ ਜਾਣਾ। |
| **ਲੂੰ ਕੰਡੇ ਖੜ੍ਹੇ ਹੋ ਜਾਣਾ-** ਜੋਸ਼ ਜਾਂ ਡਰ ਨਾਲ ਸਰੀਰ ਦੇ ਰੋਮ ਖੜ੍ਹੇ ਹੋ ਜਾਣੇ। | **ਵਕਤ ਨੂੰ ਧੱਕਾ ਦੇਣਾ-** ਸਮਾਂ ਔਖਿਆਈ ਨਾਲ ਬਿਤਾਣਾ। |
| **ਵੱਖਰਾ ਬਾਬਾ ਆਦਮ-** ਨਿਰਾਲੇ ਰੰਗ-ਢੰਗ, ਨਿਰਾਲੇ ਚਾਲੇ। | **(ਮਾਰ) ਵਗ ਪਾਣੀ-** ਅਕਲ ’ਤੇ ਪਰਦਾ ਪੈਣਾ। |
| **’ਵਾ ਦੇ ਘੋੜੇ ਚੜ੍ਹ ਜਾਣਾ-** ਬਹੁਤ ਹੰਕਾਰੀ ਹੋਣਾ। | **’ਵਾ ਲੱਗਣੀ-** ਨਵੀਆਂ ਸਮਝਾਂ ਆ ਜਾਣੀਆਂ, ਪਹਿਲੀ ਚਾਲ ਬਦਲ ਲੈਣੀ, ਅਸਰ ਪੈ ਜਾਣਾ। |
| **ਵਾਹ-ਵਾਹ ਹੋਣੀ-** ਜੱਸ ਹੋਣਾ। | **ਵਾਹੋ ਦਾਹੀ-** ਬੜੀ ਕਾਹਲੀ ਨਾਲ। |
| **ਵਾਲ ਵਿੰਗਾ ਨ ਹੋਣ ਦੇਣਾ-** ਰਤਾ ਭੀ ਤਕਲੀਫ਼ ਨਾਹ ਹੋਣ ਦੇਣੀ। | **ਵਿਸਾਹ ਨਾ ਖਾਣਾ-** ਚੀਜ਼ ਛੱਡ ਕੇ ਪਰੇ ਉਰੇ ਨਾ ਹੋਣਾ। |
| **ਉਸਤਰਿਆਂ ਦੀ ਮਾਲਾ**-ਦੁੱਖਾਂ ਦੀ ਖਾਣ। | **ਉੱਸਰ-ਉੱਸਰ ਕੇ ਬਹਿਣਾ-** ਆਪਣੇ ਆਪ ਨੂੰ ਵੱਡਾ ਦੱਸਣਾ। |
| **ਉਂਗਲ ਧਰਨੀ-** ਦੋਸ਼ ਮੱਥੇ ਮੜ੍ਹਨਾ, ਊਜ ਲਾਉਣੀ; ਪਸੰਦ ਕਰਨਾ। | **ਉਂਗਲ ਮੂੰਹ ਪਾਉਣੀ-** ਅਫ਼ਸੋਸ ਕਰਨਾ, ਕੋਈ ਮਾੜੀ ਗੱਲ ਸੁਣ ਕੇ ਹੈਰਾਨ ਹੋ ਜਾਣਾ। |
| **ਉੱਚੜ ਪੈੜੇ ਲੱਗਣੇ-** ਟਿਕ ਕੇ ਨਾ ਬਹਿਣਾ। | **ਉਚਾਂਵਾ ਚੁੱਲ੍ਹਾ ਹੋਣਾ-** ਇੱਕ ਥਾਂ ਟਿਕ ਕੇ ਨਾ ਰਹਿਣ ਵਾਲਾ ਆਦਮੀ। |
| **ਉੱਡ ਉੱਡ ਪੈਣਾ-** ਅਗਾਂਹ ਵਧ ਕੇ ਲੜਾਈ ਕਰਨੀ। | **ਉੱਡਦਾ ਛਾਪਾ ਚੰਬੜਨਾ-** ਰਾਹ ਜਾਂਦੀ ਬਦਨਾਮੀ ਆਉਣੀ। |
| **ਉਫ਼ ਨਾ ਕਰਨੀ-** ਮੂੰਹੋਂ ਰਤਾ ਭਰ ਨਾ ਉਭਾਸਰਨਾ। | **ਉੱਭਰੇ ਫਿਰਨਾ-** ਉਤਾਵਲੇ ਹੋਣਾ, ਕਾਹਲੇ ਪੈਣਾ। |
| **ਓਪਰੀਂ ਪੈਰੀ ਖਲੋਣਾ-** ਕਿਸੇ ਦੀ ਮਦਦ ਦਾ ਮੁਥਾਜ ਹੋਣਾ; ਪੱਕੇ ਪੈਰੀਂ ਨਾ ਹੋਣਾ। | **ਓੜਾ ਨਾ ਰਹਿਣਾ-** ਕਿਸੇ ਚੀਜ਼ ਦਾ ਹੱਦ ਬੰਨਾ ਨਾ ਹੋਣਾ। |

| | |
|---|---|
| **ਅਸਮਾਨ ਸਿਰ ’ਤੇ ਚੁੱਕ ਲੈਣਾ-** ਇਤਨਾ ਰੌਲਾ ਪਾਉਣਾ ਕਿ ਹੋਰ ਕੁਝ ਸੁਣਾਈ ਹੀ ਨਾ ਦੇਵੇ। | **ਅਸਮਾਨ ’ਤੇ ਚੜ੍ਹਾਉਣਾ-** ਬਹੁਤ ਵਡਿਆਈ ਕਰਨੀ ਤੇ ਫੁਲਾ ਦੇਣਾ। |
| **ਅਸਮਾਨ ਨੂੰ ਟਾਕੀਆਂ ਲਾਉਣੀਆਂ-** ਬੜੀ ਚਤੁਰਾਈ ਦੀਆਂ ਗੱਲਾਂ ਕਰਨੀਆਂ। | **ਅਸਮਾਨੀ ਗੋਲਾ ਪੈਣਾ-** ਕੋਈ ਰੱਬੋਂ ਬਿਪਤਾ ਪੈਣੀ। |
| **ਅਕਲ ਖਾਤੇ ਸੁੱਟਣਾ-** ਬੇਅਕਲੀ ਵਿਖਾਣੀ। | **ਅਕਲ ਗਿੱਟਿਆਂ ਵਿਚ ਹੋਣੀ-** ਅਕਲ ਘੱਟ ਹੋਣੀ। |
| **ਅਕਲ ’ਤੇ ਪੜਦਾ ਪੈਣਾ-** ਦਿਮਾਗ਼ ਕੰਮ ਨਾ ਕਰਨਾ; ਮਤਿ ਮਾਰੀ ਜਾਣੀ। | **ਅਕਲ ਦਾ ਅੰਨ੍ਹਾ-** ਮਹਾਂ ਮੂਰਖ। |
| **ਅਕਲ (ਦਨਾਈ) ਵਿਚ ਪੱਥਰ ਪੈਣੇ-** ਅਕਲ ਮਾਰੀ ਜਾਣੀ; ਮੂਰਖਤਾ ਦੀ ਗੱਲ ਕਰਨੀ। | **ਅੱਕਾਂ ਨੂੰ ਵਾੜ ਕਰਨੀ-** ਬੇਲੋੜੀ ਚੀਜ਼ ਦੀ ਰਾਖੀ, ਕਦਰ ਕਰਨੀ। |
| **ਅੱਖ ਦਾ ਤਿਨਕਾ-** ਦੁੱਖ ਦਾ ਕਾਰਨ। | **ਅੱਖ ਦਾ ਪਾਣੀ ਮਰਨਾ-** ਸ਼ਰਮ ਨਾ ਹੋਣੀ। |
| **ਅੱਖ ਬਚਾਉਣੀ-** ਅਜਿਹਾ ਢੰਗ ਵਰਤਣਾ ਕਿ ਕੋਈ ਵੇਖੇ ਨਾਹ, ਅਡੋਲ ਜਿਹੇ ਖਿਸਕ ਜਾਣਾ। | **ਅੱਖ ਭਰ ਕੇ ਵੇਖਣਾ-** ਪੂਰੇ ਧਿਆਨ ਨਾਲ, ਪੂਰੀ ਤਰ੍ਹਾਂ ਵੇਖਣਾ। |
| **ਅੱਖਾਂ ਅੱਗੇ ਸਰ੍ਹੋਂ ਫੁੱਲਣੀ-** ਹੱਥ ਪੈਰ ਪੈ ਜਾਣੇ, ਬਹੁਤ ਘਬਰਾ ਜਾਣਾ। | **ਅੱਖਾਂ ਅੱਗੇ ਹਨੇਰਾ ਆ ਜਾਣਾ-** ਘਬਰਾ ਜਾਣਾ, ਸੁੱਧ-ਬੁੱਧ ਮਾਰੀ ਜਾਣੀ, ਕੁਝ ਨਾਹ ਸੁੱਝਣਾ। |
| **ਅੱਖਾਂ ਖੋਲ੍ਹ ਦੇਣੀਆਂ-** ਅਸਲੀਅਤ ਵਿਖਾ ਦੇਣੀ, ਭੁਲੇਖਾ ਦੂਰ ਕਰ ਦੇਣਾ। | **ਅੱਖਾਂ ਚੁੰਧਿਆ ਜਾਣੀਆਂ-** ਅੱਖਾਂ ਖੁੱਲ੍ਹੀਆਂ ਰੱਖ ਕੇ ਵੇਖ ਨਾ ਸਕਣਾ। |
| **ਅੱਖਾਂ ਨੂੰ ਖੁਮਾਰੀ ਚੜ੍ਹਨੀ-** ਮਸਤੀ ਆਉਣੀ; ਅਤਿ ਸੁਆਦ ਦੀ ਅਵਸਥਾ। | **ਅੱਖਾਂ ਫਟਣ ਲੱਗ ਪੈਣੀਆਂ-** ਅਤਿ ਗੁੱਸੇ ਵਿਚ ਹੋਣਾ। |
| **ਅੱਖਾਂ ਮੱਥੇ ’ਤੇ ਰੱਖ ਲੈਣੀਆਂ-** ਝਾਕਾ ਲਾਹ ਕੇ ਬੋਲ ਪੈਣਾ। | **ਅੱਖਾਂ ਮੀਟ ਕੇ ਕੰਮ ਕਰਨਾ-** ਲਾਪਰਵਾਹੀ ਨਾਲ ਕੰਮ ਕਰਨਾ। |
| **ਅੱਖਾਂ ਮੀਟਣੀਆਂ-** ਮਰ ਜਾਣਾਂ, ਅੰਤਲੇ ਸੁਆਸ ਦੇਣੇ; ਤਿਆਗਣਾ। | **ਅੱਖਾਂ ਵਟਾਣਾ-** ਗੁੱਸੇ ਵਿਚ ਆਣਾ। |

| | |
|---|---|
| **ਅੱਖਾਂ ਵਿੱਚ ਛਾਣਨਾ-** ਧਿਆਨ ਨਾਲ ਵੇਖਣਾ। | **ਅੱਖਾਂ ਵਿੱਚ ਪ੍ਰਵਾਨ ਹੋਣਾ-** ਪਿਆਰੀ ਲੱਗਣਾ। |
| **ਅੱਖਾਂ ਵਿੱਚ ਲਾਲੀ ਉੱਤਰਨੀ-** ਗੁੱਸੇ ਨਾਲ ਅੱਖਾਂ ਲਾਲ ਹੋ ਜਾਣੀਆਂ। | **ਅੱਖਾਂ ਵਿੱਚੋਂ ਡਿੱਗ ਜਾਣਾ (ਕਿਸੇ ਦੀਆਂ)-** ਆਪਣੀ ਕਦਰ ਗੁਆ ਬਹਿਣਾ ਕਿਸੇ ਕੁ-ਕਰਮ ਆਦਿ ਨਾਲ। |
| **ਅੱਗ ਦਾ ਮੀਂਹ ਵਰ੍ਹਾਉਣਾ-** ਖਰ੍ਹਵੇ ਬੋਲ ਕੇ ਕ੍ਰੋਧ ਦੀ ਅੱਗ ਬਾਲ ਦੇਣੀ। | **ਅੱਗ ਨਾਲ ਖੇਡਣਾ-** ਲੋ ਤਪਸ਼ ਸਹਾਰਨੀ। |
| **ਅਗਲ ਜਗੋਂ ਹੋ ਕੇ ਬਚਣਾ-** ਵਾਲ ਵਾਲ ਬਚ ਜਾਣਾ; ਬੜੇ ਖਤਰੇ ਵਿਚੋਂ ਬਚ ਜਾਣਾ, ਮਰਦਿਆਂ ਮਰਦਿਆਂ। | **ਅੱਗਾ ਪਿੱਛਾ ਵੇਖਣਾ-** ਹਾਨ ਲਾਭ ਸੋਚਣਾ। |
| **ਅੱਗੇ ਹਿੱਕਣਾ-** ਜਬਰ ਜ਼ੁਲਮ ਕਰਨਾ। | **ਅੱਗੇ ਪੈਣਾ-** ਕਿਸੇ ਸਾਹਮਣੇ ਨੀਵਾਂ ਹੋ ਜਾਣਾ, ਝੁਕ ਜਾਣਾ, ਹਾਰ ਮੰਨ ਲੈਣੀ। |
| **ਅਗੇਰ ਕਰਨੀ-** ਸਹਾਇਤਾ ਕਰਨੀ। | **ਅਗੇਰੇ ਹੋਣਾ-** ਵੱਧ ਪਿਆਰਾ ਹੋਣਾ। |
| **ਅਜਗ਼ੈਬ ਤੋਲਣਾ-** ਉੱਕਾ ਹੀ ਝੂਠ ਕਹਿਣਾ; ਖ਼ਾਸ ਕਰਕੇ ਕਿਸੇ ਨੂੰ ਬਦਨਾਮ ਕਰਨ ਲਈ। | **ਅਜ਼ਾਬ ਦੇ ਮੂੰਹ ਆਉਣਾ-** ਕਿਸੇ ਡਾਢੇ ਦੁੱਖ ਵਿੱਚ ਫਸ ਜਾਣਾ। |
| **ਅੱਠੋ ਅੱਠ ਮਾਰਨੀਆਂ-** ਮੌਜਾਂ ਮਾਣਨੀਆਂ। | **(ਘੋੜੀ ਨੂੰ) ਅੱਡੀ ਲਾਉਣੀ-** ਦੌੜਾਣਾ, ਘੋੜੀ ਨਸਾ ਲੈਣੀ। |
| **ਅੱਡੀਆਂ ਰਗੜਨੀਆਂ-** ਤਰਲੇ ਕਰਨੇ, ਹਾੜੇ ਕਰਨੇ। | **ਅੱਡੇ ਚਾੜ੍ਹ ਲੈਣਾ-** ਵੱਸ ਵਿਚ ਕਰ ਲੈਣਾ, ਇਤਬਾਰ ਜਮਾ ਲੈਣਾ। |
| **ਅਲਫ਼ੋਂ ਬੇ ਆਖਣੀ-** ਖਰ੍ਹਵਾ ਹੋ ਕੇ ਬੋਲਣਾ। | **ਅਲੂਣੀ ਸਿਲ ਚੱਟਣੀ-** ਬੇਸੁਆਦਾ ਕੰਮ ਕਰਨਾ। |
| **ਆਈ 'ਤੇ ਆਉਣਾ-** ਜ਼ਿਦ 'ਤੇ ਆ ਜਾਣਾ; ਬਦਲਾ ਲੈਣ ਦਾ ਪ੍ਰਣ ਕਰ ਲੈਣਾ। | **ਆਸ ਦੀ ਕਮਰ ਟੁੱਟਣੀ-** ਆਸ ਖ਼ਤਮ ਹੋਣੀ, ਨਿਰਾਸਤਾ ਹੋ ਜਾਣੀ। |

| | |
|---|---|
| **ਆਹੂ ਲਾਹੁਣੇ-** ਮਾਰ ਮੁਕਾਣਾ; ਖ਼ਤਮ ਕਰਨਾ। | **ਆਕੜ ਭੱਜਣੀ-** ਹੰਕਾਰ ਟੁੱਟਣਾ। |
| **ਆਟਾ ਖ਼ਰਾਬ ਕਰਨਾ-** ਘ੍ਰਿਣਾ ਨਾਲ ਕਿਸੇ ਨੂੰ ਕਹਿਣਾ ਕਿ ਤੂੰ ਖਾਂਦਾ ਬਹੁਤਾ ਏਂ ਤੇ ਕਰਦਾ ਕੁਝ ਨਹੀਂ। | **ਆਟਾ ਭੁੜਕਣਾ-** ਹੱਥੋਂ ਪੇੜਾ ਡਿੱਗ ਪੈਣਾ। |
| **ਆਂਦਰਾਂ ਸਾੜਨੀਆਂ-** ਫ਼ਿਕਰ ਕਰਨਾ, ਦੁਖੀ ਹੋਣਾ, ਦੁਖੀ ਕਰਨਾ। | **ਆਂਦਰਾਂ ਹੋਣੀਆਂ-** ਧੀ ਪੁੱਤ ਦਾ ਪਿਆਰ, ਧੀ ਪੁੱਤ। |
| **ਆਂਦਰਾਂ ਦੀ ਸਾਂਝ-** ਖ਼ੂਨ ਦਾ ਰਿਸ਼ਤਾ। | **ਆਂਦਰਾਂ ਨੂੰ ਖਿੱਚ ਪੈਣੀ-** ਸੰਤਾਨ ਪਿਆਰ ਵਿਚ ਦੁਖੀ ਹੋਣਾ। |
| **ਆਪਣੀ ਮਾਰਨੀ-** ਹੋਰ ਕਿਸੇ ਦੀ ਸੁਣਨੀ ਨਾ, ਤੇ ਆਪਣੀ ਹੀ ਗੱਲ ਕਹੀ ਜਾਣਾ। | **ਆਪਣੇ ਢਿੱਡ 'ਤੇ ਹੱਥ ਫੇਰਨਾ-** ਆਪਣੀ ਖੁਦਗ਼ਰਜ਼ੀ ਹੀ ਮੁੱਖ ਰੱਖਣੀ। |
| **ਆਲੇ ਕੌਲੇ ਮੂੰਹ ਮਾਰਨਾ-** ਟੱਕਰਾਂ ਮਾਰਨੀਆਂ, ਕੁਸੰਗਤ ਵਿਚ। | **ਅੰਧਾ ਧੁੰਧੀ-** ਭਾਰੀ ਗੜਬੜ। |
| **ਅੰਨ੍ਹੇ ਅੱਗੇ ਦੀਦੇ ਗਾਲਣੇ-** ਬੇਕਦਰੇ ਵਿਅਕਤੀ ਅੱਗੇ ਦੁੱਖ ਫੋਲਣੇ। | **ਅੰਨ੍ਹੇ ਖੂਹ ਵਿੱਚ ਕੁੱਦਣਾ-** ਬਿਨਾਂ ਸੋਚੇ ਸਮਝੇ ਕਿਸੇ ਕੰਮ ਨੂੰ ਛੋਹ ਦੇਣਾ। |
| **ਅੰਮੀ ਜੰਮੀ-** ਵਾਹ ਵਾਹ, ਬੜੀ ਖ਼ੁਸ਼ੀ ਨਾਲ, ਬੇਸ਼ਕ। | **ਇੱਟ ਨਾ ਇੱਟ ਕਰ ਕੇ ਛੱਡਣੀ-** ਹਨੇ ਜਾਂ ਬਨੇ ਕਰ ਕੇ ਛੱਡਣਾ; ਪੂਰਾ ਫ਼ੈਸਲਾ ਕਰ ਕੇ ਛੱਡਣਾ। |
| **ਇਕੋ ਤੱਕੜੀ ਦੇ ਵੱਟੇ ਹੋਣਾ-** ਇਕੋ ਸੁਭਾਅ ਵਾਲੇ ਹੋਣਾ। | **ਇੱਜ਼ਤ ਨੂੰ ਵੱਟਾ ਲਾਉਣਾ-** ਬਦਨਾਮੀ ਕਰਨੀ। |
| **ਇੱਲ ਦੀ ਅੱਖ ਵਾਲਾ ਹੋਣਾ-** ਤੇਜ਼ ਨਜ਼ਰ ਵਾਲਾ ਹੋਣਾ; ਹਰ ਗੱਲ ਦੀ ਤਾੜ ਰੱਖਣ ਵਾਲਾ। | **ਇਲਮ ਦਾ ਕੀੜਾ-** ਹਰ ਵੇਲੇ ਕਿਤਾਬਾਂ ਪੜ੍ਹਦੇ ਰਹਿਣ ਵਾਲਾ, ਜਿਸ ਨੂੰ ਕਿਤਾਬਾਂ ਤੋਂ ਬਾਹਰ ਦੀ ਦੁਨੀਆਂ ਦੀ ਕੋਈ ਭੀ ਸੂਝ ਨਾਹ ਹੋਵੇ। |

| | |
|---|---|
| **ਈਨ ਵਿਚ ਆਉਣਾ-** ਦਬਾਉ ਹੇਠ ਆ ਜਾਣਾ; ਅਸਰ ਕਬੂਲ ਕਰ ਲੈਣਾ। | **ਸਹੇ ਦੇ ਸਿੰਗ ਹੋ ਜਾਣਾ-** ਕਦੇ ਵਿਖਾਈ ਨਾਹ ਦੇਣੀ। |
| **ਸੱਠੀ ਦੇ ਚੌਲ ਖੁਆਉਣੇ-** ਝਾੜ ਝੰਬ ਕਰਨੀ। | **ਸੱਤ ਸਲਾਮਾਂ-** ਕਿਸੇ ਕੰਮ ਨਹੀਂ; ਇਸ ਤੋਂ ਬਿਨਾਂ ਹੀ ਚੰਗੇ। |
| **ਸੱਤਰਿਆ ਬਹੱਤਰਿਆ ਜਾਣਾ-** ਬੁਢੇਪੇ ਕਰਕੇ ਅਕਲ ਟਿਕਾਣੇ ਨਾ ਰਹਿਣੀ। | **ਸੱਤਾਂ ਪੱਤਣਾ ਦਾ ਪਾਣੀ ਪੀਤਾ ਹੋਣਾ-** ਬਹੁਤ ਚਾਲਾਕ ਹੋਣਾ। |
| **ਸਨਿੱਛਰ ਆਉਣਾ-** ਮੰਦੇ ਦਿਨ ਆਉਣੇ; ਸਾੜ੍ਹ-ਸਤੀ ਆਉਣੀ। | **ਸੱਪ ਸੁੰਘ ਜਾਣਾ-** ਦਿਲ ਇਉਂ ਢਹਿ ਜਾਣਾ ਜਿਵੇਂ ਸੱਪ ਲੜ ਗਿਆ ਹੈ। |
| **ਸਬਰ ਦਾ ਪਿਆਲਾ ਛਲਕਣਾ-** ਵਧੀਕੀ ਸਹਾਰਨ ਦੀ ਹਿੰਮਤ ਨਾਹ ਰਹਿਣੀ। | **ਸਬਰ ਪੈ ਜਾਏ (ਤੇਰੇ 'ਤੇ)** - ਤੂੰ ਤਬਾਹ ਹੋ ਜਾਏਂ; ਮਰ ਜਾਏਂ। |
| **ਸਾਹਾ ਬੱਝਣਾ-** ਵਿਆਹ ਦਾ ਦਿਨ ਮੁਕੱਰਰ ਹੋਣਾ। | **ਸਿੱਕਾ ਜੰਮਣਾ-** ਧੌਂਸ ਜੰਮਣੀ, ਸਾਰੇ ਮੰਨਿਆ ਪ੍ਰਮੰਨਿਆ ਹੋਣਾ। |
| **ਸਿਰ ਮੁਨਾ ਕੇ ਭੱਦਰਾਂ ਪੁੱਛਣੀਆਂ-** ਕੰਮ ਵਿਗਾੜ ਕੇ ਮਗਰੋਂ ਸੁਰਤ ਕਰਨੀ। | **ਸਿਰ ਮੁਨਾਣਾ-** ਤਬਾਹ ਹੋਣਾ;ਸਭ ਕੁਝ ਲੁਟਾ ਦੇਣਾ। |
| **ਸ਼ੀਰ ਸ਼ਕਰ ਹੋਣਾ-** ਬਹੁਤ ਪਿਆਰ ਨਾਲ ਰਹਿਣਾ; ਓਪਰਾ-ਪਣ ਨ ਹੋਣਾ; ਘੁਲ ਮਿਲ ਕੇ ਟੱਬਰ ਵਾਂਗ ਰਹਿਣਾ ਜਿਵੇਂ ਖੰਡ ਤੇ ਦੁੱਧ ਇੱਕ-ਮਿੱਕ ਹੋ ਜਾਂਦੇ ਹਨ। | **ਸੁਆਹ ਉੱਡਣੀ-** ਲੋਕਾਂ ਵਿੱਚ ਬਦਨਾਮੀ ਹੋਣੀ। |
| **ਸੁਰਸਤੀ ਮੂੰਹ ਚੜ੍ਹ ਬੋਲਣੀ-** ਸੱਚੀ-ਸੁੱਚੀ ਗੱਲ ਕਰਨੀ ਤੇ ਪੂਰੀ ਦਲੀਲ ਤੇ ਪੂਰੇ ਜ਼ੋਰ ਨਾਲ ਗੱਲ ਕਹਿਣੀ। | **ਸੁਰਖ਼ਾਬ ਦਾ ਪਰ ਲੱਗਣਾ -** ਵਡਿਆਈ ਹੋ ਜਾਣੀ। |

| | |
|---|---|
| **ਸੇਹ ਦਾ ਤੱਕਲਾ ਗੱਡਿਆ ਹੋਣਾ-** ਕਿਸੇ ਘਰ ਵਿਚ ਸਦਾ ਲੜਾਈ ਰਹਿਣੀ; (ਪ੍ਰਚੱਲਿਤ ਖ਼ਿਆਲ ਹੈ ਕਿ ਜੇ ਕਿਸੇ ਘਰ ਦੀ ਕੰਧ ਵਿਚ ਸੇਹ ਦਾ ਤੱਕਲਾ ਗੱਡ ਦਿੱਤਾ ਜਾਏ ਤਾਂ ਉੱਥੇ ਸਦਾ ਲੜਾਈ ਰਹਿੰਦੀ ਹੈ)। | **ਸੇਕ ਆਉਣਾ-** (ਕਿਸੇ ਦਾ) ਦੁੱਖ ਮਹਿਸੂਸ ਕਰਨਾ। |
| **ਸ਼ੇਰ ਦੀ ਮੁੱਛ ਫੜਨੀ-** ਬਹੁਤ ਦਲੇਰੀ ਦੇ ਕਰਤੱਵ ਕਰਨੇ। | **ਸੈਲ ਪੱਥਰ ਹੋਣਾ-** ਪਥਰਾ ਜਾਣਾ, ਡਰ ਨਾਲ ਥਾਂ 'ਤੇ ਗੱਡਿਆ ਜਾਣਾ; ਅਹਿੱਲ। |
| **ਸੋਤਾ ਪੈ ਜਾਣਾ-** ਰਾਤ ਨੂੰ ਸੌਣ ਦਾ ਵੇਲਾ ਹੋ ਜਾਣਾ। | **ਸੋਨੇ ਉੱਤੇ ਸੁਹਾਗੇ ਦਾ ਕੰਮ ਕਰਨਾ-** ਹੋਰ ਚਮਕਾ ਦੇਣਾ, ਹੋਰ ਚੰਗਾ ਬਣਾ ਦੇਣਾ (ਕੁਠਾਲੀ ਵਿਚ ਪਾਏ ਸੋਨੇ ਉੱਤੇ ਸੁਹਾਗਾ ਪਾਇਆਂ ਸੋਨਾ ਚਮਕ ਪੈਂਦਾ ਹੈ)। |
| **ਸੰਘੀ ਨਹੁੰ ਦੇਣਾ-** ਬਹੁਤ ਤੰਗ ਕਰਨਾ। | **ਹੱਥ ਸਾਫ਼ ਕਰਨਾ-** ਧੋਖੇ ਨਾਲ ਕੁਝ ਲੈ ਉੱਡਣਾ। |
| **ਹੱਥ ਗਰਮ ਕਰਨਾ-** ਵੱਢੀ ਦੇਣੀ। | **ਹੱਥ ਗੰਢਣੇ-** ਮਿੱਤਰਤਾ ਪੈਦਾ ਕਰਨੀ; ਸੰਬੰਧ ਨਾਤਾ ਹੋਣਾ। |
| **ਹੱਥ ਪੈਣਾ-** ਵਾਹ ਲੱਗਣੀ; ਵੱਸ ਚਲਣਾ; ਪਹੁੰਚ ਹੋਣੀ। | **ਹੱਥ ਪੈਰ ਪੈ ਜਾਣੇ-** ਘਬਰਾ ਜਾਣਾ। |
| **ਹੱਥ ਰੁਪਈਆ ਰੱਖਣਾ-** ਲੜਕੀ ਦਾ ਸਾਕ ਦੇ ਦੇਣਾ। | **ਹੱਥ ਲਾਇਆਂ ਮੈਲੇ ਹੋਣਾ-** ਬਹੁਤ ਸੋਹਣੇ ਤੇ ਸਾਫ਼ ਹੋਣਾ। |
| **ਹੱਥਾਂ 'ਚੋਂ ਨਿੱਕਲਣਾ-** ਆਖੇ ਸੁਣੇ ਤੋਂ ਬਾਹਰ ਹੋਣਾ; ਕਹਿਣਾ ਨਾ ਮੰਨਣਾ। | **ਹੱਥਾਂ ਦੇ ਤੋਤੇ ਉੱਡਣੇ-** ਘਬਰਾ ਜਾਣਾ, ਹੋਸ਼ ਗੁੰਮ ਹੋਣੇ। |
| **ਹੱਥੋ-ਪੱਥੋ ਪੈ ਜਾਣੀ-** ਘਾਬਰ ਜਾਣਾ। | **ਹਨੇਰ ਸਾਈਂ ਦਾ-** ਬੜਾ ਜ਼ੁਲਮ ਹੋਇਆ। |
| **ਹੰਨੇ ਜਾਂ ਬੰਨੇ ਕਰਨਾ-** ਦੋ ਟੁੱਕ ਫ਼ੈਸਲਾ ਕਰਨਾ। | **ਹਨੇਰੇ ਵਿੱਚ ਢੀਮ ਸੁਟਣੀ-** ਅੰਦਾਜ਼ਾ ਲਾਉਣ ਦਾ ਯਤਨ ਕਰਨਾ। |

| | |
|---|---|
| **ਹਰ ਮਸਾਲੇ ਪਿਪਲਾ ਮੂਲ-** ਹਰ ਕੰਮ ਦੀ ਥੋੜ੍ਹੀ ਬਹੁਤ ਜਾਚ ਹੋਣੀ। | **ਹਰਨ ਹੋ ਜਾਣਾ-** ਨੱਸ ਜਾਣਾ। |
| **ਹਵਾ ਨਾਲ ਗੱਲਾਂ ਕਰਨੀਆਂ-** (ਘੋੜੇ ਆਦਿਕ ਦਾ) ਬਹੁਤ ਹੀ ਤੇਜ਼ ਦੌੜਨਾ। | **ਹਵਾ ਨੂੰ ਸੋਟੇ ਮਾਰਨਾ-** ਊਲ ਜਲੂਲ ਬੋਲਣਾ। |
| **ਹੜਬਾਂ ਦਾ ਭੇੜ ਕਰਨਾ-** ਫੋਕਾ ਝਗੜਾ ਕਰਨਾ। | **ਹਾਸੇ ਦਾ ਮੜਾਸਾ ਹੋਣਾ-** ਹਾਸੇ ਵਿਚ ਕੀਤੀ ਗੱਲ ਉਲਟੀ ਹੋ ਟੱਕਰੇ ਤੇ ਰੋਗ ਜਾਂ ਦੁਖ-ਰੂਪ ਹੋ ਨਿੱਕਲੇ। |
| **ਹਿੱਕ 'ਤੇ ਮੂੰਗ ਦਲਣਾ-** ਕਿਸੇ ਦੇ ਸਾਹਮਣੇ ਉਸ ਨੂੰ ਸਤਾਉਣ ਵਾਲਾ ਕੰਮ ਕਰਨਾ। | **ਹਿੱਕ ਨਾਲ ਲਾਣਾ-** ਪਿਆਰ ਕਰਨਾ; ਅਪਣਾ ਲੈਣਾ। |
| **ਹੁੰਦੜ ਹੇਲ-** ਸਰੀਰ ਦੀ ਤਕੜੀ ਅਤੇ ਹੋਣਹਾਰ। | **ਹੇਠਲੀ ਉੱਤੇ ਆ ਜਾਣੀ-** ਰਾਜ-ਰੌਲਾ ਪੈ ਜਾਣਾ, ਰਾਜ-ਪ੍ਰਬੰਧ ਟੁੱਟ ਜਾਣਾ। |
| **ਕਸਵੱਟੀ ਉੱਪਰ ਲਗਾਣਾ-** ਪਰਖਣਾ। | **ਕਹਿ ਮਾਰਨਾ-** ਗੱਪ ਚਲਾ ਦੇਣੀ, ਬਿਨਾਂ ਸੋਚੇ ਕੁਝ ਕਹਿ ਦੇਣਾ। |
| **ਕੱਚੇ ਘੜੇ ਪਾਣੀ ਭਰਨਾ-** ਔਖੀ ਤੋਂ ਔਖੀ ਸੇਵਾ ਨਿਭਾਉਣੀ। | **(ਧੀਆਂ ਵਾਂਗ) ਕੱਜ ਕੇ ਰੱਖਣਾ-** ਇੱਜ਼ਤ ਦਾ ਰਾਖਾ ਹੋਣਾ; ਐਬਾਂ 'ਤੇ ਪੜਦਾ ਪਾਉਣਾ। |
| **ਕਬਾਬ ਭੁੱਜਣੇ-** ਖਾਣ-ਪੀਣ ਦੀਆਂ ਮੌਜਾਂ ਬਣ ਜਾਣੀਆਂ। | **ਕਮਰ ਕੱਸੇ ਕਰਨਾ-** ਤਿਆਰੀ ਕਰਨਾ। |
| **ਕਲੇਜਾ ਵਿੰਨ੍ਹਿਆ ਜਾਣਾ-** ਬਹੁਤ ਦੁੱਖ ਹੋਣਾ। | **ਕਲੇਜੀਂ ਠੰਢ ਪੈਣੀ-** ਮਨ ਵਿੱਚ ਸ਼ਾਂਤੀ ਤੇ ਖ਼ੁਸ਼ੀ ਦਾ ਵਾਸਾ ਹੋਣਾ। |
| **ਕਾਰਜ ਰਾਸ ਹੋਣਾ-** ਕੰਮ ਇੱਛਾ ਅਨੁਸਾਰ ਠੀਕ ਹੋ ਜਾਣਾ, ਸਫਲਤਾ ਪ੍ਰਾਪਤ ਹੋਣੀ। | **ਕਾਂਵਾਂ ਰੌਲੀ ਪਾਉਣਾ-** ਸ਼ੋਰ, ਰੌਲਾ, ਚੀਂ-ਚੀਂ। |
| **ਕੁੱਜੇ ਵਿੱਚ ਸਮੁੰਦਰ ਬੰਦ ਕਰਨਾ-** ਵੱਡੀ ਸਾਰੀ ਗੱਲ ਨੂੰ ਥੋੜ੍ਹੇ ਵਿੱਚ ਮੁਕਾ ਦੇਣਾ। | **ਕੁੱਤੇ ਖੱਸੀ ਕਰਨਾ-** ਆਵਾਰਾ ਗਰਦੀ ਕਰਨੀ। |

| | |
|---|---|
| **ਕੁਵੇਲੇ ਦਾ ਰਾਗ-** ਸਮੇਂ ਸਿਰ ਸ਼ੋਭਾ ਨਾ ਪਾਉਣ ਵਾਲੀ ਗੱਲ। | **ਕੁੰਡਾ ਕਰਵਾ ਲੈਣਾ-** ਤਬਾਹੀ ਕਰਾ ਲੈਣੀ। |
| **ਕੋਠੇ ਟੱਪਣਾ-** ਪਰਾਏ ਘਰ ਝੁੱਖਾਂ ਮਾਰਨੀਆਂ। | **ਕੰਘਾ ਹੋ ਜਾਣਾ-** ਬਿਲਕੁਲ ਤਬਾਹ ਹੋ ਜਾਣਾ। |
| **ਕੰਧੀ 'ਤੇ ਰੁੱਖੜਾ-** ਚਾਰ ਦਿਨਾਂ ਦਾ ਪਰਾਹੁਣਾ, ਮਰਨ ਕਿਨਾਰੇ ਆਇਆ ਹੋਇਆ। | **ਕੰਨ ਖੜ੍ਹੇ ਹੋ ਜਾਣੇ-** ਸਾਵਧਾਨ ਹੋ ਜਾਣਾ, ਕਿਸੇ ਖ਼ਤਰੇ ਨੂੰ ਭਾਂਪ ਲੈਣਾ। |
| **ਕੰਨ 'ਤੇ ਜੂੰ ਨਾ ਸਰਕਣੀ-** ਕਹੇ ਦਾ ਜ਼ਰਾ ਅਸਰ ਨਾ ਹੋਣਾ, ਕਿਸੇ ਗੱਲ ਦਾ ਅਸਰ ਨਾ ਹੋਣਾ। | **ਕੰਨ ਧਰ ਕੇ ਸੁਣਨਾ-** ਧਿਆਨ ਨਾਲ ਗੱਲ ਸੁਣਨੀ। |
| **ਕੰਨ ਘੁਰਕੀਆਂ ਸ਼ੁਰੂ ਹੋਣੀਆਂ-** ਦੰਦ ਕਥਾ ਚੱਲ ਪੈਣੀ, ਲੋਕਾਂ ਦੀਆਂ ਆਪੋ ਵਿਚ ਗੱਲਾਂ ਚੱਲ ਪੈਣੀਆਂ, ਕਾਨਾ-ਫੂਸੀ ਚੱਲ ਪੈਣੀ। | **ਕੰਨਾਂ ਦੇ ਕੱਚੇ ਹੋਣਾ-** ਲਾਈ-ਲੱਗ ਹੋਣਾ, ਸੁਣੀ ਚੁਗਲੀ ਉੱਤੇ ਇਤਬਾਰ ਕਰ ਲੈਣਾ। |
| **ਕੰਨਾਂ ਵਿੱਚ ਤੇਲ ਪਾਈ ਰੱਖਣਾ-** ਬੇਪਰਵਾਹ ਹੋਏ ਰਹਿਣਾ। | **ਕੰਨਾਂ ਵਿਚ ਰੂੰ ਦੇਣਾ-** ਗੱਲ ਨਾ ਸੁਣਨਾ। |
| **ਖ਼ਾਨਾ ਖ਼ਰਾਬ ਹੋਣਾ-** ਘਰ ਬਰਬਾਦ ਹੋਣਾ। | **ਖਾਨਿਓਂ ਜਾਣੀ-** ਦਿਲ ਬਹੁਤ ਸਹਿਮ ਜਾਣਾ, ਬਹੁਤ ਡਰ ਜਾਣਾ। |
| **ਖ਼ਿਆਲੀ ਪੁਲਾਉ ਹੋਣੇ ਜਾਂ ਪਕਾਉਣੇ-** ਗੱਲਾਂ ਵਿੱਚ ਹੀ ਵੱਡੇ ਕੰਮ ਕਰਨ ਦੇ ਦਾਅਵੇ ਕਰਨੇ। | **ਖਿੜੇ ਮੱਥੇ-** ਖ਼ੁਸ਼ੀ ਨਾਲ। |
| **ਖੀਰ ਦਾ ਦਲੀਆ ਹੋਣਾ-** ਕਿਸਮਤ ਭੈੜੀ ਹੋ ਜਾਣੀ। | **ਖ਼ੁਸ਼ੀ ਵਿੱਚ ਵਾਛਾਂ ਖਿੜ ਜਾਣੀਆਂ-** ਖ਼ੁਸ਼ੀ ਨਾਲ ਹਾਸਾ ਨਿਕਲਣਾ, ਅਤਿ ਖੁਸ਼ ਹੋਣਾ। |
| **ਖੂਹ ਖਾਤੇ ਪਾਉਣਾ-** ਕੋਈ ਚੀਜ਼ ਅਜਿਹੀ ਥਾਂ ਸੁੱਟਣੀ ਜਿਥੋਂ ਮੁੜ ਲੱਭੇ ਹੀ ਨਾ। | **ਖੂਹ ਦੀ ਮਿੱਟੀ ਖੂਹ ਲੱਗਣੀ-** ਜਿੰਨਾ ਲਾਭ ਹੋਣਾ ਉਨਾ ਹੀ ਖ਼ਰਚ ਹੋ ਜਾਣਾ। |
| **ਖੂਹ ਵਿੱਚ ਧੱਕਾ ਦੇਣਾ-** ਬਿਪਤਾ ਖੜੀ ਕਰਨੀ, ਬਿਪਤਾ ਦੇ ਮੂੰਹ ਪਾਉਣਾ। | **ਖੂਨ ਉੱਬਲਣਾ-** ਜੋਸ਼ ਆ ਜਾਣਾ। |

| | |
|---|---|
| **ਖੇਹ ਉਡਾਉਣੀ-** ਬਦਨਾਮੀ ਕਰਨੀ। | **ਖੇਹ ਛਾਣਦੇ ਫਿਰਨਾ-** ਦਰ ਦਰ ਟੱਕਰਾਂ ਮਾਰਦੇ ਫਿਰਨਾ। |
| **ਖੰਭ ਝੜ ਚੁੱਕਣੇ-** ਜੋਸ਼ ਮੱਠਾ ਪੈ ਜਾਣਾ। | **ਖੰਭ ਲੱਗ ਜਾਣੇ-** ਜੋਸ਼ ਭਰ ਜਾਣਾ, ਤੇਜ਼ੀ ਆ ਜਾਣੀ; ਚਾਉ ਜਾਂ ਨਸ਼ੇ ਵਿੱਚ ਆ ਜਾਣਾ। |
| **ਗਤ ਬਣਾਉਣੀ-** ਮਾਰ ਕੁਟਾਈ ਕਰਨਾ। | **ਗਦ ਗਦ ਹੋਣਾ-** ਬਹੁਤ ਖ਼ੁਸ਼ ਹੋਣਾ। |
| **ਗੱਲ ਠੰਢੀ ਪੈਣੀ-** ਗੱਲ ਲੋਕਾਂ ਨੂੰ ਭੁੱਲ ਜਾਣੀ; ਜਾਂ ਗੱਲ ਦੀ ਚਰਚਾ ਖ਼ਤਮ ਹੋਣੀ; ਜਾਂ ਘਟਣੀ। | **ਗਲ਼ ਪਿਆ ਢੋਲ ਵਜਾਉਣਾ-** ਕੋਈ ਐਸਾ ਕੰਮ ਕਰਨ ’ਤੇ ਮਜਬੂਰ ਹੋ ਜਾਣਾ ਜੋ ਮਨ ਨੂੰ ਚੰਗਾ ਨਾਹ ਲਗਦਾ ਹੋਵੇ। |
| **ਗਲ਼ ਬਾਂਹ ਪਉਣੀ-** ਪਿਆਰ ਵਿਚ ਹੋਣਾ; ਸਾਥੀ ਹੋਣਾ। | **(ਕੁਝ) ਗਲ਼ ਮੜ੍ਹਨਾ-** ਜ਼ੋਰੀਂ ਕਿਸੇ ਨੂੰ ਕੋਈ ਚੀਜ਼ ਦੇਣੀ। |
| **ਗਲੀਆਂ ਕੱਛਣੀਆਂ-** ਆਵਾਰਾ ਫਿਰਨਾ। | **ਗਲੀਆਂ ਦੇ ਕੱਖਾਂ ਨਾਲੋਂ ਹੌਲਾ ਹੋਣਾ-** ਕੋਈ ਸਤਿਕਾਰ ਨਾ ਰਹਿਣਾ। |
| **ਗਲੋਂ ਬਲਾ ਲਾਹੁਣੀ-** ਕਿਸੇ ਨੂੰ ਆਪਣੇ ਉਤੋਂ ਟਾਲਣਾ; ਮੁਸੀਬਤ ਹਟਾਈ। | **(ਦਿਲਾਂ ’ਤੇ) ਗੜੇ ਮਾਰ ਹੋ ਜਾਣੀ-** ਦਿਲ ਉੱਕਾ ਢਹਿ ਜਾਣਾ। |
| **ਗਿੱਦੜ ਸਿੰਙੀ ਹੋਣੀ (ਕਿਸੇ ਪਾਸ)-** ਐਸਾ ਜਾਦੂ ਹੋਣਾ ਕਿ ਹਰ ਇੱਕ ਨੂੰ ਵੱਸ ਲਏ ਤੇ ਆਪਣੇ ਕੰਮ ਕਰਾ ਲਏ। | **ਗਿਰੀਬਾਨ ਵਿਚ ਮੂੰਹ ਪਾਣਾ-** ਆਪਣੇ ਐਬਾਂ ਦਾ ਖ਼ਿਆਲ ਕਰਨਾ। |
| **ਗੀਟੀਆਂ ਗਾਲਣਾ-** ਵਿਅਰਥ ਸੋਚਾਂ ਸੋਚਦੇ ਰਹਿਣਾ। | **ਗੁੱਸਾ ਨੱਕ ’ਤੇ ਪਿਆ ਹੋਣਾ-** ਝੱਟ ਗੁੱਸਾ ਆ ਜਾਣਾ। |
| **ਗੁੱਗਲ ਹੋ ਜਾਣਾ-** ਜ਼ਾਇਆ ਹੋ ਜਾਣਾ। | **ਗੁੱਡੀ ਅਸਮਾਨ ਚੜ੍ਹਨੀ-** ਬਹੁਤ ਤਰੱਕੀ ਕਰਨਾ; ਉੱਚਾ ਹੋ ਜਾਣਾ। |
| **ਗੋਂਗਲੂ ਤੋਂ ਮਿਟੀ ਝਾੜਨਾ-** ਨਿਕੰਮੀ ਟਾਲ ਮਟੋਲ ਕਰਨਾ, ਫੋਕੇ ਢੁੱਚਰ ਡਾਹਣੇ। | **ਗੋਡਿਆਂ ਵਿਚ ਸਿਰ ਤੁੰਨਣਾ-** ਨਿਰਾਸ਼, ਉਦਾਸ ਹੋ ਕੇ ਸੋਚਾਂ ਸੋਚਣਾ। |

| | |
|---|---|
| **ਗੰਗਾ ਨ੍ਹਾਤੇ-** ਕਿਸੇ ਕਜ਼ੀਏ ਤੋਂ ਸੁਰਖ਼ਰੂ ਹੋਣਾ। | **ਗੰਢ-ਤੁੱਪ ਕਰਨੀ-** ਜੋੜ ਜੋੜਨ ਦਾ ਯਤਨ ਕਰਨਾ; ਢੋ ਢੁਕਾਣ ਦਾ ਯਤਨ ਕਰਨਾ। |
| **ਘੱਟਾ ਛਾਣਨਾ-** ਆਵਾਰਾ ਭੌਂਦੇ ਫਿਰਨਾ। | **ਘਰ ਕਰ ਜਾਣਾ-** ਦਿਲ ਦੀ ਡੂੰਘਾਈ ਵਿਚ ਟਿਕ ਜਾਣਾ; ਚੰਗਾ ਲੱਗਣਾ। |
| **ਘਰ ਫੂਕ ਤਮਾਸ਼ਾ ਵੇਖਣਾ-** ਘਰ ਉਜਾੜ ਮੌਜਾਂ ਕਰਨੀਆਂ। | **ਘਰੋੜੀਆਂ ਮਾਣ ਨ ਹੋਣੀਆਂ-** ਅਮੀਰ ਭਾਂਵੇ ਗਰੀਬ ਹੋ ਜਾਏ ਪਰ ਰਹਿੰਦ-ਖੂੰਹਦ ਵੀ ਮਾਣ ਨਹੀਂ ਹੁੰਦੀ। |
| **ਘੜੀਆਂ ਗਿਣਦੇ ਰਹਿਣਾ-** ਬੜੀ ਘਬਰਾਹਟ ਵਿਚ ਸਮਾਂ ਲੰਘਾਉਣਾ। | **ਘੜੇ ਦੀ ਮੱਛੀ-** ਮਾਮੂਲੀ ਗ਼ਰੀਬ ਆਦਮੀ ਜਿਸਨੂੰ ਕਾਬੂ ਕਰਨਾ ਔਖਾ ਹੀ ਨਾ ਹੋਵੇ। |
| **ਘਿਉ ਦੇ ਕੁੱਪੇ ਰੁੜ੍ਹਨੇ-** ਬਹੁਤ ਨੁਕਸਾਨ ਹੋਣਾ। | **ਘੋਗਲ-ਕੰਨਾ ਬਣਨਾ-** ਸੁਣੀ ਗੱਲ ਨੂੰ ਅਣ-ਸੁਣੀ ਕਰ ਦੇਣਾ, ਮਚਲਾ ਹੋ ਜਾਣਾ। |
| **ਚੱਕ ਬੰਨ੍ਹਣਾ-** ਪਿੰਡ ਪਾਉਣਾ। | **ਚੱਪਣੀ ਵਿਚ ਨੱਕ ਡੋਬ ਕੇ ਮਰਨਾ-** ਸ਼ਰਮ ਨਾਲ ਮਰ ਜਾਣਾ। |
| **ਚੜ੍ਹ ਮੱਚਣੀ-** ਆਪਣੇ ਪੱਖ ਦੀ ਹੁੰਦੀ ਵੇਖ ਕੇ ਖ਼ੁਸ਼ ਹੋਣਾ। | **ਚੜ੍ਹੀ ਲੱਥੀ ਦੀ ਨਾ ਹੋਣੀ-** ਬੇਸ਼ਰਮ ਹੋਣਾ। |
| **ਚਾਰ ਚੰਨ ਲੱਗ ਜਾਣੇ-** ਸ਼ੋਭਾ ਹੋਰ ਵਧ ਜਾਣੀ। | **ਚਾਰ ਦਿਨ ਦੀ ਚਾਂਦਨੀ-** ਥੋੜ੍ਹੇ ਸਮੇਂ ਦੀ ਮੌਜ ਬਹਾਰ। |
| **ਚੁੰਝ ਚਰਚਾ-** ਬਹਿਸ। | **ਚੁਰਾਹੇ ਵਿਚ ਹਾਂਡੀ ਭੱਜਣੀ-** ਬੇ-ਪਤੀ ਹੋਣੀ; ਪਰਦਾ ਲੱਥਣਾ; ਭੇਤ ਖੁਲ੍ਹਣਾ; ਕਰਤੂਤ ਪ੍ਰਗਟ ਹੋਣੀ। |
| **ਚੰਦ ਚਾੜ੍ਹਨਾ-** ਜਦੋਂ ਕੋਈ ਮਾੜਾ ਕੰਮ ਕਰੇ ਤਾਂ ਵਿਅੰਗ ਨਾਲ ਕਹਿੰਦੇ ਹਨ। | **ਚੰਨ ਚੜ੍ਹ ਆਉਣਾ-** ਕਿਸੇ ਦੇ ਬਹੁਤ ਸਮੇਂ ਮਗਰੋਂ ਦਰਸ਼ਨ ਹੋਣੇ; ਅਚਨਚੇਤੇ ਕਿਸੇ ਦਾ ਆ ਪਹੁੰਚਣਾ। |

| | |
|---|---|
| **ਛਾਤੀ ’ਤੇ ਚੱਕੀ ਝੋਣੀ-** ਦੁੱਖ ਕਲੇਸ਼ ਦੇਣਾ; ਜ਼ਬਰਦਸਤੀ ਕਰਨੀ। | **ਛਿੱਕੇ ’ਤੇ ਟੰਗ ਬੈਠਣਾ-** ਵਿਸਾਰ ਦੇਣਾ, ਪ੍ਰਵਾਹ ਨਾ ਕਰਨੀ। |
| **ਜੱਸ ਦਾ ਟਿੱਕਾ ਲੈਣਾ-** ਵਡਿਆਈ ਮਿਲਣੀ। | **ਜੱਕੋਂ-ਤੱਕੋਂ-** ਸੋਚਾਂ ਕਿ ਇਹ ਕੰਮ ਕਰੀਏ ਕਿ ਨਾ ਕਰੀਏ; ਢਹਿੰਦੀ ਕਲਾ ਵੱਲ ਲੈ ਜਾਣ ਵਾਲੀਆਂ ਸੋਚਾਂ। |
| **ਜਗੋਂ ਬਾਹਰੀ ਗੱਲ-**ਅਨੋਖੀ ਤੇ ਅਸਧਾਰਨ ਗੱਲ। | **ਜਣਦਿਆਂ ਨੂੰ ਰੋਣਾ-** ਬਹੁਤ ਅਫ਼ਸੋਸ ਕਰਨਾ, ਜਿਵੇਂ ਕਿਸੇ ਦੇ ਮਾਤਾ-ਪਿਤਾ ਹੀ ਮਰ ਜਾਂਦੇ ਹਨ। |
| **ਜ਼ੁਬਾਨ ਫੇਰ ਲੈਣੀ-** ਇਕਰਾਰ ਕਰਕੇ ਫਿਰ ਜਾਣਾ। | **ਜ਼ੁਬਾਨੀ ਜਮ੍ਹਾਂ ਖ਼ਰਚ ਕਰਨਾ-** ਫੜ੍ਹਾਂ ਮਾਰਨੀਆਂ। |
| **ਜੜ੍ਹ ਹਰੀ ਰਹਿਣੀ-** ਸੰਤਾਨ ਹੋਣੀ। | **ਜੜ੍ਹੀਂ ਤੇਲ ਦੇਣਾ-** ਨਾਸ਼ ਕਰਨਾ। |
| **ਜਾਨ ਤਲੀ ’ਤੇ ਰੱਖੀ ਹੋਣੀ-** ਜਾਨ ਖਤਰੇ ਵਿਚ ਪਾ ਲੈਣੀ। | **ਜਾਨ ਨੂੰ ਸਿਆਪੇ ਪਾਉਣੇ-** ਜਿੰਦ ਨੂੰ ਮੁਸੀਬਤਾਂ ਵਿੱਚ ਘੇਰ ਦੇਣਾ। |
| **ਜੀਭ ਖੁੱਲ੍ਹਣੀ-** ਬਹੁਤ ਗੱਲਾਂ ਕਰਨੀਆਂ ; ਗੁਸਤਾਖ਼ੀ ਨਾਲ ਅੱਗੋਂ ਬੋਲਣਾ। | **ਜੀਭ ਦੰਦਾਂ ਹੇਠ ਦੇਣੀ-** ਚੁੱਪ ਕਰਨਾ। |
| **ਜੁੱਤੀਆਂ ਸਿੱਧੀਆਂ ਕਰਨੀਆਂ-** ਸੇਵਾ ਕਰਨੀ। | **ਝੱਗ ਵਾਂਗ ਬਹਿ ਜਾਣਾ-** ਸਾਰਾ ਜੋਸ਼ ਝੱਟ ਹੀ ਮੁੱਕ ਜਾਣਾ। |
| **ਝੁੱਗਾ ਚੌੜ ਕਰਨਾ-** ਘਰ ਤਬਾਹ ਕਰਨਾ; ਉੱਕਾ ਨਾਸ਼ ਕਰ ਦੇਣਾ; ਖ਼ਾਕ-ਸ਼ਾਹ ਕਰ ਦੇਣਾ। | **ਟੱਕਰ ਲਾਣੀ-** ਵਿਰੋਧ ਕਰਨਾ। |
| **ਟਕੇ ਚਾਲ ਚੱਲਣਾ-** ਬੜੀ ਹੌਲੀ-ਹੌਲੀ ਕੰਮ ਕਰਨਾ। | **ਟਕੋਰ ਕਰਨਾ-** ਗੁੱਝੀ ਮਾਰ ਦੇਣੀ। |
| **ਠੀਸਾਂ ਮਾਰਨੀਆਂ-** ਫੜ੍ਹਾਂ ਮਾਰਨੀਆਂ; ਆਪਣੇ ਆਪ ਨੂੰ ਵੱਡਾ ਦੱਸਣਾ। | **ਠੰਢ ਵਰਤਣੀ-** ਸ਼ਾਂਤੀ ਤੇ ਖ਼ੁਸ਼ੀ ਪੱਸਰ ਜਾਣਾ। |

| | |
|---|---|
| **ਡਕਾਰ ਜਾਣਾ-** ਹਜ਼ਮ ਕਰ ਜਾਣਾ। | **ਡਕੋ ਡੋਲੇ ਖਾਣੇ-** ਨਿਆਸਰੇ ਹੋ ਕੇ ਇੱਧਰ ਉੱਧਰ ਭਟਕਣਾ। |
| **ਡਾਡਾਂ ਨਿੱਕਲ ਜਾਣੀਆਂ-** ਆਪ ਮੁਹਾਰੇ ਉੱਚੀ ਉੱਚੀ ਰੋ ਪੈਣਾ। | **ਡੁੱਬਦੇ ਨੂੰ ਤੀਲੇ ਦਾ ਆਸਰਾ ਹੋਣਾ-** ਬੜੀ ਭਾਰੀ ਬਿਪਤਾ ਪਿਆਂ ਕੋਈ ਨਿੱਕਾ ਜਿਹਾ ਸਹਾਰਾ ਮਿਲ ਜਾਣਾ। |
| **ਡੂੰਘੇ ਵਹਿਣ ਵਿਚ ਗੋਤੇ ਖਾਣਾ-** ਡੂੰਘੀਆਂ ਸੋਚਾਂ ਵਿਚ ਗ਼ਰਕ ਹੋਣਾ। | **ਡੂੰਮਾਂ ਹੱਥ ਕਟੋਰਾ ਆਉਣਾ-** ਕਿਸੇ ਭੁੱਖੇ ਨੂੰ ਕੋਈ ਚੰਗੀ ਚੀਜ਼ ਮਿਲ ਜਾਏ, ਤੇ ਉਹ ਛੱਡੇ ਹੀ ਨਾ। |
| **ਡੋਰੇ ਪਾਉਣੇ-** ਪਿਆਰ ਦਾ ਰੰਗ ਜਮਾਣਾ। | **ਡੰਡੇ ਵਜਾਉਣੇ-** ਵਿਹਲੇ ਫਿਰਨਾ। |
| **ਢਾਰਸ ਬੱਝਣਾ-** ਹੌਸਲਾ ਆਉਣਾ; ਆਸ ਬੱਝ ਜਾਣੀ; ਚੰਗੀ ਆਸ ਹੋ ਪੈਣੀ; ਮਨ ਤਕੜਾ ਹੋ ਜਾਣਾ। | **ਢਿੱਡ ਵਿਚ ਡੈਣ ਵੜਨਾ-** ਬਹੁਤ ਭੁੱਖ ਲੱਗਣੀ। |
| **ਢੋਲ ਦਾ ਪੋਲ-** ਬਾਹਰਲੀ ਫੂਕਾ ਫਾਕੀ। | **ਤੱਕ ਵਿੱਚ ਹੋਣਾ-** ਭਾਲ ਵਿੱਚ ਹੋਣਾ; ਨਜ਼ਰ ਹੇਠ ਹੋਣਾ। |
| **ਤੱਤ ਭੜੱਤੀ-** ਭੈੜੇ ਸੁਭਾਵ ਵਾਲੀ, ਸੜੇ ਮੱਥੇ ਵਾਲੀ। | **ਤੱਤੀ ਵਾ ਨਾ ਲੱਗਣ ਦੇਣੀ-** ਜ਼ਰਾ ਦੁੱਖ ਕਲੇਸ਼ ਨਾ ਹੋਣ ਦੇਣਾ। |
| **ਤ੍ਰੇਲੀ ਛੁੱਟਣੀ-** ਮਰਨ ਸਮੇਂ ਮੱਥੇ ’ਤੇ ਪਸੀਨਾ ਆਉਣਾ। | **ਤ੍ਰੇਲੀਆਂ ਛੁੱਟ ਪੈਣੀਆਂ-** ਸਹਿਮ ਜਾਣਾ, ਬਹੁਤ ਡਰ ਜਾਣਾ। |
| **ਤਲੇ ਝਾੜ ਹੋ ਜਾਣੀ-** ਤਬਾਹ ਹੋ ਜਾਣਾ। | **ਤਵੀਤ ਹੋ ਜਾਣਾ-** ਬਹੁਤ ਹੀ ਲਿੱਸਾ ਹੋ ਜਾਣਾ। |
| **ਤਾਰੇ ਗਿਣਨਾ-** ਰਾਤ ਨੂੰ ਜਾਗਦੇ ਰਹਿਣਾ। | **ਤਾਰੇ ਤੋੜਨਾ-** ਅਸੰਭਵ ਕੰਮ ਨੂੰ ਸੰਭਵ ਕਰਨਾ; ਗ਼ੈਬੀ ਗੱਲਾਂ ਕਰਨਾ। |
| **ਤਿੱਤਰ ਹੋਣਾ-** ਨੱਸ ਜਾਣਾ। | **ਤਿੱਤਰ ਬਿੱਤਰ ਹੋ ਜਾਣਾ-** ਖਿੰਡ ਪੁੰਡ ਜਾਣਾ, ਨੱਸ ਭੱਜ ਜਾਣਾ। |

| | |
|---|---|
| **ਤਿਲ ਧਰਨ ਨੂੰ ਥਾਂ ਨਾ ਹੋਣਾ-** ਬਹੁਤ ਭੀੜ ਹੋਣੀ। | **ਤਿਲਾਂ ਪਾਸੋਂ ਤੇਲ ਲੈਣਾ-** ਸਖ਼ਤੀ ਨਾਲ ਹੀ ਕੰਮ ਲੈਣਾ, ਜਿਕਰ ਤਿਲ ਪੀੜਿਆਂ ਹੀ ਤੇਲ ਨਿਕਲਦਾ ਹੈ। |
| **ਤੀਰ ਕਾਰੀ ਪੈਣਾ-** ਤੀਰ ਨਿਸ਼ਾਨੇ ’ਤੇ ਬੈਠਣਾ, ਸਫਲਤਾ ਹੋਣੀ। | **ਤੀਲੀ ਲਾਉਣੀ-** ਸ਼ਰਾਰਤ ਨਾਲ, ਚਾ ਲਾ ਕੇ, ਲੜਾਈ ਕਰਾ ਦੇਣੀ। |
| **ਤੇਰਾਂ ਤਾਲੀ ਹੋਣਾ-** ਬਹੁਤ ਚਾਲਾਕ ਹੋਣਾ। | **ਤੇਲ ਦੀ ਕੜਾਹੀ ਵਿੱਚ ਪੈਣਾ-** ਬੜਾ ਦੁਖੀ ਹੋਣਾ। |
| **(ਗੱਲ) ਤੋੜ ਚੜ੍ਹਨੀ-** ਪੂਰੀ ਹੋਣੀ; ਗੱਲ ਵਿੱਚ ਸਫਲਤਾ ਪ੍ਰਾਪਤ ਹੋਣੀ। | **ਤੌਰ ਬਦਲ ਜਾਣੇ-** ਹੋਰ ਦਾ ਹੋਰ ਰਵੱਈਆ ਹੋ ਜਾਣਾ। |
| **ਥੁੱਕ ਲਾਉਣਾ-** ਧੋਖਾ ਦੇਣਾ। | **ਥੁੱਕਾਂ ਮੂੰਹ ਪੈਣੀਆਂ-** ਕਿਸੇ ਦੀ ਨਿੰਦਾ ਕਰਨ ਨਾਲ ਆਪਣੀ ਨਿੰਦਾ ਹੋਣੀ। |
| **ਦਮਾਂ ਦੀ ਬਾਜ਼ੀ ਲਾਉਣੀ-** ਜਾਨ ਤਲੀ ’ਤੇ ਰੱਖਣੀ। | **ਦਾਈਏ ਬੰਨ੍ਹਣਾ-** ਮੁਕੱਦਮਾ ਕਰਨਾ। |
| **ਦਾਲ ਵਿੱਚ ਕਾਲ਼ਾ ਹੋਣਾ-** ਸ਼ੱਕ ਦੀ ਗੁੰਜਾਇਸ਼ ਹੋਣੀ। | **ਦਿਲਬਰੀਆਂ ਕਰਨਾ-** ਹੌਸਲਾ ਦੇਣਾ। |
| **ਦੋ ਮੂੰਹੀ ਤਲਵਾਰ ਹੋਣਾ-** ਦੋਹਾਂ ਪਾਸਿਆਂ ਤੋਂ ਚੋਟ ਕਰਨੀ। | **ਦੋਹੀਂ ਹੱਥੀਂ ਲੱਡੂ ਹੋਣੇ-** ਹਰ ਪਾਸੇ ਮੌਜ ਹੋਣੀ। |
| **ਦੰਦਾਂ ਵਿੱਚ ਉਂਗਲੀ ਦੇਣੀ-** ਹੈਰਾਨ ਹੋਣਾ; ਪਛਤਾਵਾ ਕਰਨਾ। | **ਦੰਦੀਆਂ ਪੀਹਣਾ-** ਗੁੱਸੇ ਨੂੰ ਅੰਦਰ ਹੀ ਅੰਦਰ ਜਰਨ ਦਾ ਜਤਨ ਕਰਨਾ। |
| **ਧੁੰਮਾਂ ਪੈ ਜਾਣੀਆਂ-** ਗੱਲ ਪ੍ਰਸਿੱਧ ਹੋ ਜਾਣੀ, ਨਾਮਣਾ ਮਿਲਣਾ। | **ਧੌਲਿਆਂ ਵਿੱਚ ਘੱਟਾ ਪਵਾਉਣਾ-** ਪਿਛਲੀ ਉਮਰੇ ਬਦਨਾਮੀ ਕਰਾਉਣੀ। |
| **ਨਹੁੰ ਮਾਸ ਦਾ ਰਿਸ਼ਤਾ ਹੋਣਾ-** ਅਜਿਹਾ ਸੰਬੰਧ ਹੋਣਾ ਜੋ ਟੁੱਟਣ ਜੋਗ ਨਾ ਹੋਵੇ। | **ਨੱਕ ਚਾੜ੍ਹਨਾ-** ਘ੍ਰਿਣਾ ਕਰਨਾ, ਕਿਸੇ ਚੀਜ਼ ਨੂੰ ਪਸੰਦ ਨਾ ਕਰਨਾ। |
| **ਨੱਕ ਨਮੂਜ਼ ਰੱਖਣਾ-** ਇੱਜ਼ਤ, ਧਰਮ ਦਾ ਖ਼ਿਆਲ ਰੱਖਣਾ। | **ਨੱਕ ਨਾਲ ਚਨੇ ਚਬਾਉਣੇ-** ਬਹੁਤ ਤੰਗ ਕਰਨਾ। |

| | |
|---|---|
| **ਨਰਦਾਂ ਪੁੱਠੀਆਂ ਹੋਣੀਆਂ-** ਹਾਰ ਹੋ ਜਾਣੀ; ਤਕਦੀਰ ਉਲਟ ਜਾਣੀ। | **ਨਾਮ ਨੂੰ ਵੱਟਾ ਲਾਉਣਾ-** ਬਦਨਾਮੀ ਕਰਨੀ ਜਾਂ ਹੋਣ ਦੇਣੀ। |
| **ਨੌਂ ਨਿੱਧਾਂ ਤੇ ਬਾਰਾਂ ਸਿੱਧਾਂ ਹੋਣੀਆਂ-** ਹਰ ਤਰ੍ਹਾਂ ਸੁੱਖ ਤੇ ਖੁਸ਼ਹਾਲੀ ਹੋਣੀ। | **ਨੌ-ਬਰ ਨੌ ਹੋਣਾ-** ਅਰੋਗ ਹੋਣਾ; ਬਿਮਾਰੀ ਆਦਿ ਤੋਂ ਰਾਜ਼ੀ ਹੋਣਾ। |
| **ਪਾਣੀ ਦਾ ਬੁਲਬੁਲਾ-** ਛੇਤੀ ਨਾਸ ਹੋਣ ਵਾਲਾ। | **ਪਾਣੀ ਫਿਰਨਾ-** ਸੱਤਿਆਨਾਸ ਹੋ ਜਾਣਾ ਨਿਰਾਸ਼ਤਾ ਹੋ ਜਾਣੀ। |
| **ਪਾਂਧਾ ਨਾ ਪੁੱਛਣਾ-** ਕੋਈ ਸਲਾਹ ਤੇ ਹੀਲ ਤਲੀਲ ਨ ਕਰਨੀ; ਸ਼ਗਨ-ਅਪਸ਼ਗਨ ਨਾ ਵਿਚਾਰਨਾ, ਝੱਟ ਕੰਮ ਲਈ ਤਿਆਰ ਹੋ ਜਾਣਾ। | **ਪਿੱਠ ਠੇਕਣੀ-** ਸ਼ਹਿ ਦੇਣੀ, ਅੰਦਰੋਂ ਅੰਦਰ ਹੱਲਾ-ਸ਼ੇਰੀ ਦੇਣੀ; ਚੁੱਕਣਾ। |
| **ਪਿੱਠ ਲੱਗਣੀ-** ਢਹਿ ਜਾਣਾ; ਹਾਰ ਖਾ ਜਾਣੀ। | **ਪੂਰੀ ਨਾਹ ਪੈਣੀ-** ਝੱਟ ਨਾਹ ਲੰਘਣਾ, ਗੁਜ਼ਾਰਾ ਨਾਹ ਚਲਣਾ, ਬਰਾਬਰੀ ਨਾਹ ਕਰ ਸਕਣੀ। |
| **ਪੈਰ ਕੱਢਣਾ-** ਆਪਣਾ ਦਖ਼ਲ ਹਟਾ ਲੈਣਾ। | **ਪੈਰ ਫੂਕ ਫੂਕ ਕੇ ਧਰਨਾ-** ਬੜਾ ਸੁਚੇਤ ਹੋ ਕੇ ਕੰਮ ਕਰਨਾ। |
| **ਫਸਤਾ ਵੱਢਣਾ-** ਮੁਕਾ ਦੇਣਾ, ਖ਼ਤਮ ਕਰ ਦੇਣਾ। | **ਫ਼ਸਲੀ ਬਟੇਰਾ ਹੋਣਾ-** ਮਤਲਬ ਵੇਲੇ ਆਉਣ ਵਾਲਾ; ਮਤਲਬੀ ਮਿੱਤਰ। |
| **ਫੁੱਟੀ ਅੱਖ ਨ ਭਾਉਣਾ-** ਰਤਾ ਭੀ ਚੰਗਾ ਨਾ ਲੱਗਣਾ। | **ਬਸਰ ਆਉਣਾ-** ਬਰਾਬਰੀ ਕਰ ਸਕਣਾ। |
| **ਬਾਂਹ ਭੱਜਣੀ (ਟੁੱਟਣੀ)-** ਭਰਾ ਜਾਂ ਸੱਜਣ ਦਾ ਮਰ ਜਾਣਾ। | **ਬਾਜ਼ਾਰ ਗਰਮ ਹੋਣਾ-** ਜ਼ੋਰ ਪੈ ਜਾਣਾ। |
| **ਬਿੱਲੇ ਲਈ ਆਪਣੇ ਆਪ ਹੀ ਛਿੱਕਾ ਟੁੱਟ ਪੈਣਾ-** ਬਿਨਾ ਉਚੇਚੇ ਜਤਨ ਕਰਨ ਦੇ ਕੋਈ ਮਨ-ਇਛਿੱਤ ਗੱਲ ਪੂਰੀ ਹੋ ਜਾਣੀ। | **ਬੀੜਾ ਉਠਾਉਣਾ-** ਜ਼ਿੰਮੇਵਾਰੀ ਲੈਣੀ, ਕਿਸੇ ਕੰਮ ਨੂੰ ਸਿਰੇ ਚਾੜ੍ਹਨ ਲਈ ਆਪਣੇ ਆਪ ਨੂੰ ਪੇਸ਼ ਕਰਨਾ, ਤਤਪਰ ਹੋ ਜਾਣਾ। |
| **ਬੁੱਤਾ ਸਾਰਨਾ-** ਕਿਸੇ ਦੀ ਆਗਿਆ ਵਿਚ ਕੰਮ ਕਰਨਾ; ਕਿਸੇ ਦਾ ਕੰਮ ਸੰਵਾਰਨਾ। | **ਬੂਰ ਦੇ ਲੱਡੂ-** ਨਿਸਫਲ ਸ਼ੈਅ, ਦਿਸਣ ਵਿਚ ਸੋਹਣੀ ਵਿਚੋਂ ਰੱਦੀ। |

| | |
|---|---|
| **ਭੱਠ ਝੋਕਣਾ-** ਵਿਅਰਥ ਨਿਗੂਣਾ ਕੰਮ ਕਰਦੇ ਰਹਿਣਾ। | **ਭੱਠ ਵਿਚ ਝੋਕਣਾ-** ਦੁੱਖ ਕਲੇਸ਼ ਵਿੱਚ ਪਾਣਾ। |
| **ਭਾਨੀ ਮਾਰਨੀ-** ਕਿਸੇ ਗੱਲ ਵਿਚ ਲੱਤ ਮਾਰਨੀ; ਕੋਈ ਢੁੱਚਰ ਡਾਹ ਕੇ ਫੈਸਲਾ ਨਾ ਹੋਣ ਦੇਣਾ। | **ਭਿੱਜੀ ਬਿੱਲੀ ਬਣ ਜਾਣਾ-** ਦੜ ਵੱਟ ਲੈਣੀ। |
| **ਭੁਗਤ ਸੁਆਰਨਾ-** ਗਤ ਬਣਾਉਣੀ; ਸਜ਼ਾ ਦੇਣੀ; ਮਾਰ ਕੁਟਾਈ ਕਰਨੀ। | **ਭੁੰਨੇ ਤਿੱਤਰ ਉਡਾਉਣੇ-** ਅਣਹੋਣੀ ਗੱਲ ਕਰਨੀ। |
| **ਭੰਗ ਦੇ ਭਾ ਜਾਣਾ-** ਅਜਾਈਂ ਚਲੀ ਜਾਣੀ, ਵਿਅਰਥ ਖ਼ਰਚ ਹੋ ਜਾਣੀ। | **ਭੰਗ ਭੁੱਜਣੀ-** ਘਰ ਵਿੱਚ ਭੁੱਖ ਨੰਗ ਹੋਣੀ। |
| **ਮੱਖੀ 'ਤੇ ਮੱਖੀ ਮਾਰਨੀ-** ਬਿਨਾਂ ਸੋਚੇ ਵਿਚਾਰੇ ਕਿਸੇ ਗੱਲ ਦੀ ਹੂ-ਬ-ਹੂ ਨਕਲ ਕਰਨੀ। | **ਮੱਖੀ ਨਿਗਲਣਾ-** ਘ੍ਰਿਣਤ ਕੰਮ ਕਰਨਾ; ਜਾਣ ਬੁੱਝ ਕੇ ਆਪਣਾ ਨੁਕਸਾਨ ਕਰਨਾ। |
| **ਮੱਥਾ ਠਣਕਣਾ-** ਮਨ ਵਿਚ ਸ਼ੱਕ ਪੈਣਾ। | **ਮੱਥਾ ਡੰਮ੍ਹਣਾ-** ਕਿਸੇ ਨੂੰ ਮੰਦੀ ਚੰਗੀ ਚੀਜ਼ ਦੇ ਕੇ ਗਲੋਂ ਲਾਹੁਣਾ। |
| **ਮੱਲ ਮਾਰਨੀ-** ਤਕੜੀ ਜਿੱਤ ਹਾਸਲ ਕਰ ਲੈਣੀ। | **ਮਾਤ ਪਾ ਦੇਣਾ-** ਦੂਰ ਅਗਾਂਹ ਲੰਘ ਜਾਣਾ, ਪਿੱਛੇ ਪਾ ਦੇਣਾ। |
| **ਮਿੱਟੀ ਪਲੀਤ ਹੋਣੀ-** ਬੇ ਇੱਜ਼ਤੀ ਹੋਣੀ, ਕਿਸੇ ਦੀ ਪ੍ਰਵਾਹ ਨਾ ਕਰਨੀ। | **ਮਿੱਠੀ ਛੁਰੀ-** ਮਿੱਠੀਆਂ ਗੱਲਾਂ, ਪਰ ਦਿਲ ਖੋਟਾ। |
| **ਮੂੰਹ ਉਤਰ ਜਾਣਾ-** ਮੂੰਹ ਦਾ ਰੰਗ ਫਿੱਕਾ ਪੈ ਜਾਣਾ। | **ਮੂੰਹ ਉੱਤੇ ਹਵਾਈਆਂ ਉੱਡ ਜਾਣੀਆਂ-** ਮੂੰਹ ਫੱਕ ਹੋ ਜਾਣਾ, ਚਿਹਰਾ ਸਹਿਮਿਆ ਜਾਣਾ। |
| **ਮੂੰਹ ਦੀ ਖਾਣੀ-** ਕਿਸੇ ਉਤੇ ਵਧੀਕੀ ਕਰਨ ਆਇਆਂ ਅੱਗੋਂ ਤਕੜੀ ਮਾਰ ਪੈਣੀ। | **ਮੂੰਹ ਨੂੰ ਲਹੂ ਲੱਗਣਾ-** ਹਰਾਮ ਖਾਣਾ ਜਾਂ ਵੱਢੀ ਆਦਿ ਦਾ ਸੁਆਦ ਪੈ ਜਾਣਾ। |
| **ਮੂੰਹ ਮੁਲਾਜ਼ਾ ਹੋਣਾ-** ਲਿਹਾਜ਼, ਇੱਜ਼ਤ, ਸਤਿਕਾਰ ਹੋਣਾ। | **ਮੂੰਹ ਵਿਚ ਘੁੰਗਣੀਆਂ-** ਚੁੱਪ ਵੱਟੀ ਰੱਖਣਾ। |
| **ਮੂੰਹ ਵੇਖਦੇ ਰਹਿ ਜਾਣਾ-** ਬੇਵੱਸ ਹੋ ਕੇ ਰੁਕਣਾ; ਕੁਝ ਨ ਵਿਗਾੜ ਜਾਂ ਸੰਵਾਰ ਸਕਣਾ। | **ਮੂੰਹੋਂ ਝੱਗ ਉਗਲਣੀ-** ਮੂਰਖਾਂ ਤੇ ਪਾਗਲਾਂ ਵਾਲੀਆਂ ਗੱਲਾਂ ਕਰਨਾ, ਬਕਵਾਸ ਕਰੀ ਜਾਣਾ। |

| | |
|---|---|
| **ਮੂਲੀ ਪੁੱਟਿਆ ਟੋਆ ਹੋਣਾ-** ਨੁਕਸਾਨ, ਤਬਾਹੀ ਹੋਣੀ। | **ਮੋਠਾਂ ਦੀ ਛਾਵੇਂ ਬੈਠਣਾ-** (ਮੋਠਾਂ ਦੀ ਛਾਵੇਂ ਕੋਈ ਬੈਠ ਨਹੀਂ ਸਕਦਾ) ਆਸ ਪੂਰਤੀ ਦਾ ਅਸੰਭਵ ਹੋਣਾ। |
| **ਮੋਰਚਾ ਮਾਰਨਾ-** ਜਿੱਤ ਪ੍ਰਾਪਤ ਕਰਨੀ; ਔਖਾ ਕੰਮ ਕਰ ਲੈਣਾ। | **ਮੋਰਚਾ ਲਾਣਾ-** ਮਕਾਬਲਾ ਕਰਨਾ, ਸਤਿਆਗ੍ਰਹਿ ਕਰਨਾ। |
| **ਰਮਜ਼ਾਂ ਸਮਝਣਾ-** ਗੁੱਝੇ ਇਸ਼ਾਰੇ ਸਮਝਣਾ, ਭੇਤ ਸਮਝਣਾ। | **ਰਵਾਂ ਰਵੀਂ-** ਬਿਨਾਂ ਝਕਣ ਦੇ, ਝੱਟ ਪੱਟ। |
| **ਰਾਮ ਰੌਲਾ-** ਗੜਬੜ, ਬੇ-ਅਮਨੀ। | **ਰਿਉੜੀ ਦੇ ਫੇਰ ਵਿਚ ਆਉਣਾ-** ਕਿਸੇ ਮੁਸੀਬਤ ਵਿਚ ਫਸ ਜਾਣਾ। |
| **ਲਹੂ ਜੰਮਣਾ-** ਘਬਰਾ ਜਾਣਾ, ਭੈਭੀਤ ਹੋਣਾ। | **ਲਹੂ ਦੀ ਘੁੱਟ ਭਰਨੀ-** ਡਾਢੇ ਦੁੱਖ ਨੂੰ ਅੰਦਰੇ ਅੰਦਰ ਜਰ ਲੈਣਾ। |
| **ਲੱਕ ਦੂਹਰਾ ਹੋਣਾ-** ਕੰਮ ਕਰਦਾ-ਕਰਦਾ ਥੱਕ ਜਾਣਾ। | **ਲੱਕ ਬੰਨ੍ਹਣਾ-** ਤੁੱਲ ਜਾਣਾ, ਪੱਕੀ ਨੀਅਤ ਧਾਰ ਲੈਣੀ। |
| **ਲਗਦੇ ਹੱਥ-** ਨਾਲ ਹੀ ਕੋਈ ਹੋਰ ਕੰਮ ਕਰਨਾ; ਇਕ ਪੰਥ ਦੋ ਕਾਜ ਕਰਨਾ। | **ਲਗਾਮ ਢਿੱਲੀ ਛੱਡਣੀ-** ਸਿਰ ਉਤੇ ਕੁੰਡਾ ਨਾਹ ਰੱਖਣਾ, ਹੱਦੋਂ ਵਧੀਕ ਖੁੱਲ੍ਹ ਦੇਈ ਰੱਖਣੀ। |
| **ਲੱਤ ਨ ਲਾਣੀ-** ਟਿਕ ਕੇ ਨਾਹ ਬੈਠਣਾ, ਆਕੜ ਵਿਖਾਣੀ। | **ਲਾਜਵੰਤੀ ਦਾ ਬੂਟਾ-** ਡਰਾਕਲ। |
| **ਲੀਕ ਲੱਗਣੀ-** ਤੁਹਮਤ ਲੱਗਣੀ, ਬੇਇਜ਼ਤੀ ਕਰਾਉਣੀ। | **ਲੀਕਾਂ ਲੁਆਣੀਆਂ-** ਬੇਸ਼ਰਮ ਹੋਣਾ, ਮੁਆਫ਼ੀਆਂ ਮੰਗਣੀਆਂ। |
| **ਲੇਖਾ ਪਾਉਣਾ-** ਉਧਾਰ ਲੈਣ ਦੇਣ ਦੀ ਸਾਂਝ ਪਾਉਣੀ। | **ਲੋਹਾ ਮੰਨਣਾ-** ਲਿਆਕਤ ਦਾ ਪ੍ਰਭਾਵ ਪੈ ਜਾਣਾ। |
| **ਲੂੰ ਕੰਡੇ ਖੜ੍ਹੇ ਹੋ ਜਾਣਾ-** ਜੋਸ਼ ਜਾਂ ਡਰ ਨਾਲ ਸਰੀਰ ਦੇ ਰੋਮ ਖੜ੍ਹੇ ਹੋ ਜਾਣੇ। | **ਵਕਤ ਨੂੰ ਧੱਕਾ ਦੇਣਾ-** ਸਮਾਂ ਔਖਿਆਈ ਨਾਲ ਬਿਤਾਣਾ। |
| **ਵੱਖਰਾ ਬਾਬਾ ਆਦਮ-** ਨਿਰਾਲੇ ਰੰਗ-ਢੰਗ, ਨਿਰਾਲੇ ਚਾਲੇ। | **(ਮਾਰ) ਵਗ ਪਾਣੀ-** ਅਕਲ 'ਤੇ ਪਰਦਾ ਪੈਣਾ। |

| | |
|---|---|
| **'ਵਾ ਦੇ ਘੋੜੇ ਚੜ੍ਹ ਜਾਣਾ-** ਬਹੁਤ ਹੰਕਾਰੀ ਹੋਣਾ। | **'ਵਾ ਲੱਗਣੀ-** ਨਵੀਆਂ ਸਮਝਾਂ ਆ ਜਾਣੀਆਂ, ਪਹਿਲੀ ਚਾਲ ਬਦਲ ਲੈਣੀ, ਅਸਰ ਪੈ ਜਾਣਾ। |
| **ਵਾਹ-ਵਾਹ ਹੋਣੀ-** ਜੱਸ ਹੋਣਾ। | **ਵਾਹੋ ਦਾਹੀ-** ਬੜੀ ਕਾਹਲੀ ਨਾਲ। |
| **ਵਾਲ ਵਿੰਗਾ ਨ ਹੋਣ ਦੇਣਾ-** ਰਤਾ ਭੀ ਤਕਲੀਫ਼ ਨਾਹ ਹੋਣ ਦੇਣੀ। | **ਵਿਸਾਹ ਨਾ ਖਾਣਾ-** ਚੀਜ਼ ਛੱਡ ਕੇ ਪਰੇ ਉਰੇ ਨਾ ਹੋਣਾ। |

## ਸਹੀ ਸ਼ਬਦ ਚੋਣ

## ਅਭਿਆਸ

1.ਸਹੀ ਸ਼ਬਦ ਜੋੜ ਦੱਸੋ-

a) ਉੱਨੱਤੀ c) ਉਨਤੀ
b) ਓਨੱਤੀ d) ਉਣੱਤੀ

2. ਸਹੀ ਸ਼ਬਦ ਜੋੜ ਦੱਸੋ

a) ਸ੍ਰਿਸ਼ਟੀ c) ਸ਼੍ਰਿਸਟੀ
b) ਸ੍ਰਿਸ਼ਟੀ d) ਸ੍ਰਿਸਟੀ

3. ਕਿਹੜੇ ਸ਼ਬਦ ਜੋੜ ਸਹੀ ਹਨ-

1) ਆਖੰਡ ਪਾਠ 3) ਸੇਹਤ
2) ਸੌਹਰਾ 4) ਪਰਮਾਤਮਾ
a) 1 ਅਤੇ 4 c) ਸਿਰਫ਼ 1
b) ਸਿਰਫ਼ 4 d) 2 ਅਤੇ 3

4. ਸਹੀ ਸ਼ਬਦ ਜੋੜ ਲੱਭੋ-

1) ਸ਼ੌਂਕਣ 3) ਫ਼ਤਿਹਗੜ੍ਹ
2) ਸੌਂਕਣ 4) ਫ਼ਤਹਿਗੜ੍ਹ
c) 1 ਅਤੇ 4 c) 1,2 ਅਤੇ 4
d) 2 ਅਤੇ 3 d) 1,2 ਅਤੇ 3

5. 'ਦੀਦੀ' ਸ਼ਬਦ ਕਿਸ ਭਾਸ਼ਾ 'ਚੋਂ ਲਿਆ ਗਿਆ ਹੈ।

a) ਪੰਜਾਬੀ c) ਸੰਸਕ੍ਰਿਤ
b) ਹਿੰਦੀ d) ਅੰਗਰੇਜ਼ੀ

6. ਸਹੀ ਕਥਨ ਦੀ ਚੋਣ ਕਰੋ-

1) ਬੰਦੂਕ ਵਿੱਚ ਵਰਤੇ ਜਾਂਦੇ ਬੁਲੇਟ ਨੂੰ ਪੰਜਾਬੀ ਵਿੱਚ 'ਗੋਲੀ' ਕਿਹਾ ਜਾਂਦਾ ਹੈ।
2) ਨੌਕਰਾਣੀ ਲਈ 'ਗੋਲ਼ੀ' ਸ਼ਬਦ ਵੀ ਵਰਤਿਆ ਜਾਂਦਾ ਹੈ।
a) ਸਿਰਫ਼ 1 c) ਦੋਨੋਂ ਸਹੀ ਹਨ
b) ਸਿਰਫ਼ 2 d) ਕੋਈ ਨਹੀਂ

7. ਸਹੀ ਸ਼ਬਦ ਜੋੜ ਚੁਣੋ-

1) ਨੀਂਦ 3) ਸ਼ਾਂਤੀ
2) ਇੰਝ 4) ਦੇਓ
a) 1 ਅਤੇ 2 c) ਸਿਰਫ਼ 3
b) 3 ਅਤੇ 4 d) 2 ਅਤੇ 4

8. ਸਹੀ ਸ਼ਬਦ ਜੋੜ ਚੁਣੋ-

1) ਖ਼ਰਬੂਜ਼ਾ 3) ਗ਼ਰੀਬੀ
2) ਖ਼ਬਰ 4) ਬਾਜ਼ੀ
a) 2 ਅਤੇ 3 c) ਕੋਈ ਨਹੀਂ
b) 1 ਅਤੇ 4 d) ਸਾਰੇ ਠੀਕ ਹਨ

9. ਸਹੀ ਸ਼ਬਦ ਜੋੜ ਚੁਣੋ-

a) ਸੋਗਾਤ c) ਸੁਗਾਤ
b) ਸੌਗਾਤ d) ਸਗਾਤ

10. ਸਹੀ ਸ਼ਬਦ ਜੋੜ ਲੱਭੋ-

1) ਛਾਨਣੀ 3) ਜਾਨਣਾ
2) ਸੁਨਣਾ 4) ਮਾਣਨਾ
a) ਸਿਰਫ਼ 2 c) 1, 2,3 ਅਤੇ 4
b) 2 ਅਤੇ 3 d) ਸਿਰਫ਼ 4

11. 'ਕੁੱਜੇ ਵਿੱਚ ਸਮੁੰਦਰ ਭਰਨਾ' ਅਖਾਣ ਵਿੱਚ 'ਕੁੱਜਾ' ਸ਼ਬਦ ਕਿਸ ਨੂੰ ਸੰਕੇਤ ਕਰਦਾ ਹੈ-

a) ਵਿਸਥਾਰ ਨੂੰ c) ਸਥਿਤੀਆਂ ਨੂੰ
b) ਸੰਖੇਪ ਨੂੰ d) ਛੋਟੇਪਣ ਨੂੰ

12. 'ਉੱਚਾ ਲੰਮਾ ਗੱਭਰੂ, ਪੱਲੇ ਠੀਕਰੀਆਂ' ਅਖਾਣ ਵਿੱਚ

'ਠੀਕਰੀਆਂ' ਸ਼ਬਦ ਕਿਸ ਨੂੰ ਸੰਕੇਤ ਕਰਦਾ ਹੈ-

a) ਦੌਲਤ c) ਗੁਣ
b) ਸ਼ਹੁਰਤ d) ਔਗੁਣ

13. 'ਇੱਕ ਇੱਕ ਦੋ ਗਿਆਰਾਂ' ਤੋਂ ਕੀ ਭਾਵ ਹੈ

a) ਗ਼ਲਤ ਹਿਸਾਬ ਕਿਤਾਬ c) ਆਪਣੇ ਢੰਗ ਨਾਲ ਚੀਜਾਂ ਨੂੰ ਪੇਸ਼ ਕਰਨਾ
b) ਏਕਤਾ ਵਿੱਚ ਬਰਕਤ d) ਬੇਈਮਾਨੀ

14. 'ਚਿੜੀਆਂ ਮੌਤ ਗਵਾਰਾਂ ਹਾਸਾ' ਵਿੱਚ 'ਚਿੜੀਆਂ' ਸ਼ਬਦ ਤੋਂ ਕੀ ਸੰਕੇਤ ਹੈ?

a) ਅੱਤਿਆਚਾਰ ਕਰਨ ਵਾਲਾ c) ਪੰਛੀ
b) ਕਮਜ਼ੋਰ d) ਬਹੁਵਚਨ

15. 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਤੋਂ ਕੀ ਅਰਥ ਹੈ?

a) ਮਹਿੰਗਾਈ ਤੋਂ c) ਅੱਗ ਤੋਂ
b) ਮਹਿੰਗੀ ਚੀਜ਼ ਦੇ ਦੁੱਖ ਦੇਣ ਤੋਂ d) ਰਿਸ਼ਤਿਆਂ ਤੋਂ

16. 'ਮਾੜਾ ਢੱਗਾ ਛੱਤੀ ਰੋਗ' ਵਿੱਚ 'ਛੱਤੀ ਰੋਗ' ਤੋਂ ਕੀ ਭਾਵ ਹੈ?

a) ਬਹੁਤ ਮੁਸੀਬਤਾਂ c) ਲੜਾਈ
b) ਛੱਤੀ ਬਿਮਾਰੀਆਂ d) ਅਸਫਲਤਾਵਾਂ

17. 'ਉਸਤਾਦੀ ਕਰਨੀ' ਦਾ ਕੀ ਅਰਥ ਹੈ?

a) ਅਧਿਆਪਕ ਬਣਨਾ c) ਪਹਿਲਵਾਨੀ ਕਰਨੀ
b) ਕਿਸੇ ਨੂੰ ਕੁਝ ਸਿਖਾਉਣਾ d) ਚਲਾਕੀ ਕਰਨੀ

18 'ਆਂਦਰਾਂ ਠਾਰਨਾ' ਤੋਂ ਕੀ ਭਾਵ ਹੈ?

a) ਠੰਢੀ ਚੀਜ਼ ਖਾਣਾ c) ਖ਼ੁਸ਼ੀ ਦੇਣੀ
b) ਕਿਸੇ ਨੂੰ ਦੁੱਖ ਦੇਣਾ d) ਸਿਹਤਮੰਦ ਹੋ ਜਾਣਾ

19. 'ਉਲਟੀ ਗੰਗਾ ਵਹਾਉਣਾ' ਦਾ ਕੀ ਅਰਥ ਹੈ?

a) ਪਾਣੀ ਦਾ ਰੁਖ ਮੋੜਨਾ c) ਮਾੜੇ ਕੰਮ ਕਰਨੇ
b) ਨਿਯਮਾਂ ਤੋਂ ਉਲਟ ਕੰਮ ਕਰਨੇ d) ਧਰਮ ਦੇ ਵਿਰੁੱਧ ਕੰਮ

20. Hyphen ਨੂੰ ਪੰਜਾਬੀ ਵਿੱਚ ਕੀ ਕਹਿੰਦੇ ਹਨ?
a) ਤਿਰਛੀ ਡੰਡੀ c) ਜੋੜਨੀ
b) ਮੋੜਨੀ d) ਕਾਮਾ

21. Riddles ਨੂੰ ਪੰਜਾਬੀ ਵਿੱਚ ਕੀ ਕਿਹਾ ਜਾਂਦਾ ਹੈ?
a) ਰੇਤਾ c) ਅਖਾਣਾਂ
b) ਬੁਝਾਰਤਾਂ d) ਬੱਜਰੀ

22. Complement ਦਾ ਪੰਜਾਬੀ ਅਨੁਵਾਦ ਦੱਸੋ
a) ਤਾਰੀਫ਼ c) ਪੂਰਕ
b) ਪੂਰਾ ਕਰਨਾ d) ਸ਼ਿਕਾਇਤ

23. Stationary ਦਾ ਪੰਜਾਬੀ ਅਨੁਵਾਦ ਕੀ ਹੈ?
a) ਲਿਖਣ ਦੀ ਸਮੱਗਰੀ c) ਸਟੇਸ਼ਨ ਨਾਲ ਸਬੰਧਿਤ
b) ਅਹਿੱਲ d) ਕੋਈ ਨਹੀਂ

24. Stationery ਦਾ ਪੰਜਾਬੀ ਅਨੁਵਾਦ ਕੀ ਹੈ?
a) ਲਿਖਣ ਦੀ ਸਮੱਗਰੀ c) ਸਟੇਸ਼ਨ ਨਾਲ ਸਬੰਧਿਤ
b) ਅਹਿੱਲ d) ਕੋਈ ਨਹੀਂ

25. Telescope ਨੂੰ ਪੰਜਾਬੀ ਵਿੱਚ ਕੀ ਕਿਹਾ ਜਾਂਦਾ ਹੈ?
a) ਦੂਰ ਸੰਚਾਰ ਯੰਤਰ c) ਦੂਰ-ਭਾਸ਼ ਯੰਤਰ
b) ਦੂਰਦਰਸ਼ੀ ਯੰਤਰ d) ਕੋਈ ਨਹੀਂ

26. Micro ਨੂੰ ਪੰਜਾਬੀ ਵਿੱਚ ਕੀ ਕਿਹਾ ਜਾਂਦਾ ਹੈ?
a) ਬਹੁਤ ਛੋਟਾ c) ਸੂਖ਼ਮ
b) ਬਹੁਤ ਹੀ ਛੋਟਾ d) ਕੋਈ ਨਹੀਂ

27. ਸਹੀ ਮੇਲ ਦੱਸੋ-

| | | |
|---|---|---|
| A. | ਨਾਂਵ | 1. Adjective |
| B. | ਕਿਰਿਆ | 2. Adverb |
| C. | ਵਿਸ਼ੇਸ਼ਣ | 3. Noun |
| D. | ਕਿਰਿਆ ਵਿਸ਼ੇਸ਼ਣ | 4. Verb |

a) A B C D
2 3 1 4
b) A B C D
3 4 1 2
c) A B C D
3 2 3 4
d) A B C D
3 4 2 1

28. Idioms ਨੂੰ ਪੰਜਾਬੀ ਵਿੱਚ ਕੀ ਕਿਹਾ ਜਾਂਦਾ ਹੈ?
a) ਅਖਾਣ c) ਲੋਕ ਕਹਾਣੀ
b) ਮੁਹਾਵਰੇ d) ਬੁਝਾਰਤਾਂ

29. Proverbs ਨੂੰ ਪੰਜਾਬੀ ਵਿੱਚ ਕੀ ਕਿਹਾ ਜਾਂਦਾ ਹੈ?
a) ਮੁਹਾਵਰੇ c) ਲੋਕ ਗੀਤ
b) ਬੁਝਾਰਤਾਂ d) ਅਖਾਣ

30. 'ਹੋਰੀ ਨੂੰ ਹੋਰੀ ਦੀ ਅੰਨ੍ਹੇ ਨੂੰ ਡੰਗੋਰੀ ਦੀ' ਵਿੱਚ 'ਡੰਗੋਰੀ' ਸ਼ਬਦ ਤੋਂ ਕੀ ਅਰਥ ਹੈ?
a) ਮਤਲਬ ਦੀ ਚੀਜ਼ c) ਅੱਖਾਂ
b) ਸੋਟੀ d) ਰਸਤਾ

31. ਸਹੀ ਮੇਲ ਦੱਸੋ-

| | | |
|---|---|---|
| A. | ਆਸਮਾਨ | 1. ਨਾ-ਬਰਾਬਰ |
| B. | ਸਾਮਾਨ | 2. ਬਰਾਬਰ |
| C. | ਅਸਮਾਨ | 3. ਆਕਾਸ਼ |
| D. | ਸਮਾਨ | 4.ਚੀਜ਼ਾਂ |

a) A B C D
1 2 3 4
b) A B C D
3 4 1 2
c) A B C D
4 3 2 1
d) A B C D
4 2 3 1

32. ਸਹੀ ਸ਼ਬਦ ਜੋੜ ਦੱਸੋ-
a) ਪ੍ਰਮਾਤਮਾ c) ਸ਼ਾਤੀ
b) ਗੁਸਾ d) ਸਹੁਰਾ

33. 'ਆਲੇ ਕੌਡੀ ਛਿੱਕੇ ਕੌਡੀ ਕਰਨਾ' ਤੋਂ ਕੀ ਭਾਵ ਹੈ?
   a) ਕਾਹਲ ਕਰਨਾ c) ਕਬੱਡੀ ਪਾਉਣਾ
   b) ਟਾਲ ਮਟੋਲ ਕਰਨਾ d) ਕੋਈ ਨਹੀਂ

34. 'ਅੱਗ ਲੱਗੀ 'ਤੇ ਖੂਹ ਪੁੱਟਣਾ' ਵਿੱਚ ' ਦਾ ਕੀ ਅਰਥ ਹੈ?
   a) ਵੱਡਾ ਕੰਮ ਸ਼ੁਰੂ ਕਰਨਾ c) ਲੋੜ ਪੈਣ 'ਤੇ ਕੰਮ ਸ਼ੁਰੂ ਕਰਨਾ
   b) ਮਾੜੇ ਕੰਮ ਤੋਂ ਬਾਅਦ ਚੰਗਾ ਕੰਮ ਕਰਨਾ d) ਕੋਈ ਨਹੀਂ

35. ਸਰਕਾਰ ਦੁਆਰਾ ਲਏ ਜਾਣ ਵਾਲੇ ਲਗਾਨ ਨੂੰ ਕੀ ਕਿਹਾ ਜਾਂਦਾ ਹੈ?
   a) ਉਗਰਾਹੀ c) ਮਾਮਲਾ ਦਰ
   b) ਮਾਮਲਾ d) ਵਿੱਤ

36. 'ਬਾਇਆ' ਕਿਸ ਨੂੰ ਕਿਹਾ ਜਾਂਦਾ ਹੈ?
   a) ਵੇਚਣ ਵਾਲ c) ਵਿਚੋਲਗਿਰੀ ਕਰਨ ਵਾਲਾ
   b) ਖਰੀਦਣ ਵਾਲਾ d) ਬਾਇਪਾਸ

37. 'ਤਕਾਵੀ' ਕਿਸਨੂੰ ਕਿਹਾ ਜਾਂਦਾ ਹੈ?
   a) ਸਰਕਾਰੀ ਕਰਜ਼ਾ c) ਕੋਈ ਵੀ ਕਰਜ਼ਾ
   b) ਤੱਕਣ ਵਾਲਾ d) ਤਕਾਉਣਾ

38. 'ਕੁਰਸੀ ਨਾਮਾ' ਤੋਂ ਕੀ ਭਾਵ ਹੈ?
   a) ਵਸੀਅਤਨਾਮਾ c) ਜ਼ਮੀਨ ਦੇ ਵਾਰਸਾਂ ਦੀ ਪੀੜ੍ਹੀ ਦਰ ਸੂਚੀ
   b) ਖ਼ਾਨਦਾਨ d) ਜਗ੍ਹਾ ਦਾ ਨਾਮ

39. 'ਸਵਾਈ' ਦਾ ਕੀ ਅਰਥ ਹੈ?
   a) ਸਰਕਾਰੀ ਮਾਮਲਾ c) ਸਰਕਾਰੀ ਮਾਮਲਾ ਅਤੇ ਹੋਰ ਕਰ
   b) ਨੰਬਰਦਾਰੀ d) ਸਰਕਾਰੀ ਮਾਮਲੇ ਤੋਂ ਇਲਾਵਾ ਲੋਕਲ ਰੇਟ ਅਤੇ ਨੰਬਰਦਾਰੀ ਦਾ ਜੋੜ

40. ਕਿਹੜੇ ਕਥਨ ਸਹੀ ਹਨ?
   a) ਹਾੜੀ ਦੀ ਫ਼ਸਲ ਨੂੰ ਖ਼ਰੀਫ਼ ਆਖਦੇ ਹਨ
   b) ਸਾਉਣੀ ਦੀ ਫ਼ਸਲ ਨੂੰ ਰੱਬੀ ਆਖਦੇ ਹਨ
   a) ਸਿਰਫ਼ (ਏ) c) ਦੋਨੋਂ ਸਹੀ ਹਨ
   b) ਸਿਰਫ਼ (ਬੀ) d) ਕੋਈ ਸਹੀ ਨਹੀਂ

41. ਜ਼ਮੀਨ ਦੀ ਰਜਿਸਟਰੀ ਨੂੰ ਕੀ ਆਖਦੇ ਹਨ?
   a) ਗਹਿਣੇ ਕਰਨਾ c) ਵਸੀਕਾ
   b) ਵਸੀਅਤ d) ਇੰਤਕਾਲ

42. ਜਿੱਥੇ ਤਿੰਨ ਪਿੰਡਾਂ ਦੀ ਹੱਦ ਮਿਲਦੀ ਹੋਵੇ
   a) ਤਿਹ ਹੱਦ c) ਹੱਦ
   b) ਮਿਹਹੱਦਾਂ d) ਲਾਲ ਡੋਰਾ

43. 'ਲਾਲ ਡੋਰਾ' ਦਾ ਕੀ ਅਰਥ ਹੈ?
   a) ਖੇਤੀ ਦੀ ਜ਼ਮੀਨ c) ਲਾਲ ਡੋਰ
   b) ਲਾਲ ਧਾਗਾ d) ਪਿੰਡ ਦੀ ਹੱਦ

**Answer Key**

| Question No. | Answer | Question No. | Answer |
|---|---|---|---|
| 1. | d | 2. | b |
| 3. | b | 4. | d |
| 5. | c | 6. | d |
| 7. | c | 8. | d |
| 9. | c | 10. | d |
| 11. | b | 12. | d |
| 13. | b | 14. | b |
| 15. | b | 16. | a |
| 17. | d | 18. | c |
| 19. | b | 20. | c |
| 21. | b | 22. | c |
| 23. | b | 24. | a |
| 25. | b | 26. | c |
| 27. | b | 28. | b |
| 29. | d | 30. | a |
| 31. | b | 32. | d |
| 33. | b | 34. | c |
| 35. | b | 36. | a |
| 37. | a | 38. | c |
| 39. | d | 40. | d |
| 41. | c | 42. | b |
| 43. | d | | |

# ਦਫ਼ਤਰੀ ਸ਼ਬਦਾਵਲੀ ਅਭਿਆਸ

**ਪ੍ਰਸ਼ਨ-1**

1) Abandonment of domicile — A) ਆਰਜ਼ੀ ਰੋਕ
2) Abeyance — B) ਸੰਖਿਪਤ ਕਰਨਾ
3) Abridge — C) ਅਧਿਵਾਸ-ਤਿਆਗ
4) Absolute Conveyance — D) ਪੂਰਨ ਇੰਤਕਾਲ

a) 1 2 3 4 / A C D B
c) 1 2 3 4 / C A B D
b) 1 2 3 4 / D C A B
d) 1 2 3 4 / C B A D

**ਪ੍ਰਸ਼ਨ-2**

1) Addressee — A) ਤਦ-ਅਰਥ
2) Adhoc — B) ਸਹਾਇਕ
3) Agronomist — C) ਪ੍ਰਾਪਤਕਾਰ
4) Auxiliary — D) ਫ਼ਸਲ ਵਿਗਿਆਨੀ

a) 1 2 3 4 / A B C D
c) 1 2 3 4 / C A B D
b) 1 2 3 4 / C A D B
d) 1 2 3 4 / C B D A

**ਪ੍ਰਸ਼ਨ-3**

1) Assignment — A) ਲਗਾਨ-ਨਿਰਧਾਰਿਤ ਰਕਬਾ
2) Assessed Area — B) ਨਿਰਧਾਰਣ
3) Attach — C) ਸਪੁਰਦਗੀ
4) Assessment — D) ਕੁਰਕ ਕਰਨਾ

a) 1 2 3 4 / C A D B
c) 1 2 3 4 / A B C D
b) 1 2 3 4 / D B C A
d) 1 2 3 4 / B C A D

**ਪ੍ਰਸ਼ਨ-4**

1) Annexe — A) ਨੱਥੀ
2) Appended — B) ਸਾਲਸੀ
3) Arbitration — C) ਨੱਥੀ ਕਰਨਾ
4) Associate — D) ਸਹਿਯੁਕਤ

a) 1 2 3 4 / A C B D
c) 1 2 3 4 / A B C D
b) 1 2 3 4 / B A C D
d) 1 2 3 4 / C A B D

**ਪ੍ਰਸ਼ਨ-5**

5) Care of — A) ਉਪ-ਕਰ
6) Annexure — B) ਮਾਰਫ਼ਤ
7) Appendage — C) ਅਨੁਲਗ
8) Cess — D) ਅੰਤਿਕਾ

a) 1 2 3 4 / B C D A
c) 1 2 3 4 / B D C A
b) 1 2 3 4 / A B C D
d) 1 2 3 4 / C D B A

**ਪ੍ਰਸ਼ਨ-6**

1) Adjournment — A) ਵਿਗਿਆਪਨ
2) Act of God — B) ਸਥਗਨ
3) Advertisement — C) ਵਿਗਿਆਪਨ ਦੇਣਾ
4) Advertise — D) ਭਾਣਾ, ਹੋਣੀ

a) 1 2 3 4 / A B C D
c) 1 2 3 4 / B D A C
b) 1 2 3 4 / D A B C
d) 1 2 3 4 / B D C A

**ਪ੍ਰਸ਼ਨ-7**

1) Annexe — A) ਸੇਵਕ
2) Associate — B) ਸਹਾਇਕ
3) Attendant — C) ਜੋੜਨਾ, ਨੱਥੀ ਕਰਨਾ
4) Appointee — D) ਨਿਯੁਕਤ ਵਿਅਕਤੀ
E) ਸਹਿਯੁਕਤ

a) 1 2 3 4 / A B E D
c) 1 2 3 4 / C B A D
b) 1 2 3 4 / D A B C
d) 1 2 3 4 / C E A D

**ਪ੍ਰਸ਼ਨ-8**

1) Capitation — A) ਟਕੋਰ
2) Caustic Remark — B) ਹਵਾਲਾ, ਮਾਣ-ਪੱਤਰ
3) Citation — C) ਜੀਅ-ਪ੍ਰਤਿ ਕਰ
4) Caution Money — D) ਜ਼ਮਾਨਤੀ ਰਕਮ

a) 1 2 3 4 / C A B D
c) 1 2 3 4 / B D A C
b) 1 2 3 4 / D A B C
d) 1 2 3 4 / B D C A

**ਪ੍ਰਸ਼ਨ-9**

1) Civil Case — A) ਸੰਕਲਨ
2) Code of Conduct — B) ਦੀਵਾਨੀ ਕੇਸ
3) Close Scrutiny — C) ਗਹੁਪੂਰਬਕ ਛਾਣਬੀਣ
4) Compilation — D) ਆਚਰਣ ਸੰਘਤਾ

a) 1 2 3 4 / A B C D
c) 1 2 3 4 / B D A C
b) 1 2 3 4 / B D C A
d) 1 2 3 4 / D B A C

**ਪ੍ਰਸ਼ਨ-10**

1) Conjectural — A) ਕਿਆਸ-ਆਧਾਰਿਤ
2) Conform — B) ਅਨੁਰੂਪ ਹੋਣਾ
3) Congenial — C) ਸੁਖਾਵਾਂ
4) Confession — D) ਇਕਬਾਲ

a) 1 2 3 4 / A B C D
b) 1 2 3 4 / D A B C
c) 1 2 3 4 / B D A C
d) 1 2 3 4 / B A D C

**ਪ੍ਰਸ਼ਨ-11**

1) Consolidation — A) ਚੱਕਬੰਦੀ
2) Contingency — B) ਜਾਅਲੀ
3) Counterfeit — C) ਅਰਥ ਕੱਢਣਾ
4) Construe — D) ਅਚੇਤ ਖਰਚਾ

a) 1 2 3 4 / A D B C
b) 1 2 3 4 / D A B C
c) 1 2 3 4 / B D A C
d) 1 2 3 4 / B D C A

**ਪ੍ਰਸ਼ਨ-12**

1) Credit — A) ਸ਼ਲਾਘਾਯੋਗ
2) Creditable — B) ਜਮ੍ਹਾਂ
3) Creditor — C) ਵਿਸ਼ਵਾਸਯੋਗਤਾ
4) Credibility — D) ਲੈਣਦਾਰ/ਸ਼ਾਹੂਕਾਰ

a) 1 2 3 4 / A B C D
b) 1 2 3 4 / D A B C
c) 1 2 3 4 / B D A C
d) 1 2 3 4 / B A D C

**ਪ੍ਰਸ਼ਨ-13**

1) Cursory Glance — A) ਅਸਲੀ
2) Dearness — B) ਮਹਿੰਗਾਈ
3) De facto — C) ਸਰਸਰੀ ਨਜ਼ਰ
4) Deed of Mortage — D) ਰਹਿਣਨਾਮਾ

a) 1 2 3 4 / A B C D
b) 1 2 3 4 / C B A D
c) 1 2 3 4 / B D A C
d) 1 2 3 4 / B A D C

**ਪ੍ਰਸ਼ਨ-14**

1) Deponent — A) ਅਫ਼ਸੋਸਨਾਕ
2) Deplorable — B) ਹਲਫ਼ੀ ਬਿਆਨਕਾਰ
3) Despot — C) ਦੋਸ਼ ਲਾਉਣਾ
4) Denounce — D) ਨਿਰੰਕੁਸ਼

a) 1 2 3 4 / B A D C
b) 1 2 3 4 / D A B C
c) 1 2 3 4 / B D A C
d) 1 2 3 4 / C D A B

**ਪ੍ਰਸ਼ਨ-15**

1) Deter — A) ਰੋਕਣਾ
2) Devisor — B) ਸ਼ਬਦ-ਚੋਣ
3) Diction — C) ਵਸੀਅਤਕਾਰ
4) Die-hard — D) ਸਿਰੜੀ

a) 1 2 3 4 / A B C D
b) 1 2 3 4 / D A B C
c) 1 2 3 4 / B D A C
d) 1 2 3 4 / A C B D

**ਪ੍ਰਸ਼ਨ-16**

1) Dialect — A) ਸਿਧਾਂਤ
2) Disbursement — B) ਉਪ-ਭਾਸ਼ਾ
3) Dividend — C) ਲਾਭ-ਅੰਸ਼
4) Doctrine — D) ਵੰਡ

a) 1 2 3 4
C D B A

b) 1 2 3 4
D A B C

c) 1 2 3 4
B D A C

d) 1 2 3 4
B D C A

**ਪ੍ਰਸ਼ਨ-17**

1) Domicile — A) ਲਤਾੜਿਆ ਹੋਇਆ

2) Downtrodden — B) ਅਧਿਵਾਸ

3) Embezzle — C) ਪਿੱਠ-ਅੰਕਣ ਕਰਨਾ

4) Endorse — D) ਗ਼ਬਨ ਕਰਨਾ

a) 1 2 3 4
A B C D

b) 1 2 3 4
D A B C

c) 1 2 3 4
B A D C

d) 1 2 3 4
B D A C

**ਪ੍ਰਸ਼ਨ-18**

1) Enjoin — A) ਇੰਦਰਾਜ ਕਰਨਾ

2) Enroll — B) ਆਦੇਸ਼ ਦੇਣਾ

3) Enfranchise — C) ਪਾਤਰਤਾ

4) Entitlement — D) ਵੋਟ-ਅਧਿਕਾਰ ਦੇਣਾ

a) 1 2 3 4
B A D C

b) 1 2 3 4
D A B C

c) 1 2 3 4
B D C A

d) 1 2 3 4
B D A C

**ਪ੍ਰਸ਼ਨ-19**

1) Epithet — A) ਵਿਸ਼ੇਸ਼ ਨਾਮ

2) E.O. & O.E. — B) ਭੁੱਲ-ਚੁੱਕ ਲੈਣੀ ਦੇਣੀ

3) Ethnology — C) ਆਚਾਰ ਵਿਗਿਆਨ

4) Eviction — D) ਬੇਦਖ਼ਲੀ

a) 1 2 3 4
A B C D

b) 1 2 3 4
D A B C

c) 1 2 3 4
B D A C

d) 1 2 3 4
B D C A

**ਪ੍ਰਸ਼ਨ-20**

1) Exigency — A) ਕਾਰਜ ਉਪਰੰਤ

2) Ex-post Facts — B) ਸਖ਼ਤ ਲੋੜ

3) Face Value — C) ਦੋਸ਼-ਮੁਕਤ ਕਰਨਾ

4) Ex-Onerate — D) ਅੰਕਿਤ-ਮੁੱਲ

a) 1 2 3 4
A B C D

b) 1 2 3 4
D A B C

c) 1 2 3 4
B D A C

d) 1 2 3 4
B A D C

**Answer Key**

| Q. No. | Ans | Q. No. | Ans |
|---|---|---|---|
| 1. | c | 2. | b |
| 3. | a | 4. | d |
| 5. | a | 6. | c |
| 7. | d | 8. | a |
| 9. | b | 10. | a |
| 11. | a | 12. | d |
| 13. | b | 14. | a |
| 15. | d | 16. | d |
| 17. | c | 18. | a |
| 19. | a | 20. | d |